
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 36
December 19, 2018

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ ਦੇਸ਼ ਦੁਆਬਾ ਵੱਲੋਂ ਕੁੱਲ ਲੋਕਾਈ ਨੂੰ ਕ੍ਰਿਸਮਿਸ ਦੀਆਂ ਲੱਖ-ਲੱਖ ਵਧਾਈਆਂ।

## ਸੱਜਣ ਦੀ ਸਜ਼ਾ ਸਖਤ ਕਰਾਉਣ ਲਈ ਸੁਪਰੀਮ ਕੋਰਟ ਵਿਚ ਅਪੀਲ ਪਾਈ ਜਾਵੇਗੀ

**ਨਵੀਂ ਦਿੱਲੀ (ਬਿਊਰੋ)–** ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦਿੱਲੀ ਹਾਈ ਕੋਰਟ ਵੱਲੋਂ ਦਿੱਤੀ ਉਮਰ ਕੈਦ ਦੀ ਸਜ਼ਾ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਵੇਗੀ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਹਾਈ ਕੋਰਟ ਦੇ ਫੈਸਲੇ ਮਗਰੋਂ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਐਲਾਨ ਕੀਤਾ। ਇਸ ਮੌਕੇ ਕੇਸ ਦੀ ਗਵਾਹ ਬੀਬੀ ਜਗਦੀਸ਼ ਕੌਰ, ਬੀਬੀ ਨਿਰਪ੍ਰੀਤ ਕੌਰ ਅਤੇ ਜਗਸ਼ੇਰ ਸਿੰਘ ਨੇ ਪੂਰੀ ਲੜਾਈ ’ਚ ਸਹਿਯੋਗ ਦੇਣ ਲਈ ਕੌਮ ਦਾ ਧੰਨਵਾਦ ਕੀਤਾ। ਸ੍ਰੀ ਜੀਕੇ ਨੇ ਕਿਹਾ ਕਿ ਸੱਜਣ ਦੇ ਗੁਨਾਹ ਵੱਡੇ ਹਨ, ਜਿਸ ਲਈ ਉਹਨੂੰ ਉਮਰ ਕੈਦ ਦੀ ਥਾਂ ਫਾਂਸੀ ਮਿਲਣੀ ਚਾਹੀਦੀ ਹੈ। ਦਿੱਲੀ ਕਮੇਟੀ ਪੀੜਤਾਂ ਨੂੰ ਨਾਲ ਲੈ ਕੇ ਸੁਪਰੀਮ ਕੋਰਟ ’ਚ ਪਹੁੰਚ ਕਰੇਗੀ। ਸ੍ਰੀ ਜੀਕੇ ਨੇ ਮੰਗ ਕੀਤੀ ਕਿ ਸੰਸਦ ’ਚ ਰੁਕੇ ਹੋਏ ਫਿਰਕੂ ਹਿੰਸਾ ਵਿਰੋਧੀ ਬਿਲ ਨੂੰ ਤੁਰੰਤ ਪਾਸ ਕੀਤਾ ਜਾਵੇ, ਤਾਂ ਕਿ ਭਵਿੱਖ ’ਚ ਕੋਈ ਵੀ ਸਿਆਸੀ ਪਾਰਟੀ ਆਪਣੇ ਸਿਆਸੀ ਫਾਇਦੇ ਲਈ ਘੱਟਗਿਣਤੀ ਕੌਮਾਂ ਨੂੰ ਆਪਣਾ ਸ਼ਿਕਾਰ ਬਣਾਉਣ ਤੋਂ ਪਰਹੇਜ਼ ਕਰੇ ਅਤੇ ਕਾਨੂੰਨ ਦੀ ਰਖਵਾਲੀ ਕਰਨ ਵਾਲੀ ਪੁਲੀਸ ਦੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਤੈਅ ਹੋ ਸਕੇ। ਉਨ੍ਹਾਂ ਦੱਸਿਆ ਕਿ 2013 ’ਚ ਹੇਠਲੀ ਅਦਾਲਤ ਵਿੱਚੋਂ ਸੱਜਣ ਕੁਮਾਰ ਦੇ ਇਸ ਕੇਸ ’ਚ ਬਰੀ ਹੋਣ ਉਪਰੰਤ ਦਿੱਲੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਸੀ.ਬੀ.ਆਈ. ਪਾਸੋਂ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਹਾਈਕੋਰਟ ’ਚ ਅਪੀਲ ਦਾਖਲ ਕਰਵਾਈ ਸੀ।



ਉਨ੍ਹਾਂ ਕਿਹਾ ਕਿ 30 ਅਪਰੈਲ 2014 ਨੂੰ ਹੇਠਲੀ ਅਦਾਲਤ ਵੱਲੋਂ ਸੱਜਣ ਨੂੰ ਬਰੀ ਕਰਨ ਉਪਰੰਤ ਅਕਾਲੀ ਦਲ ਨੇ 1 ਮਈ ਤੋਂ 6 ਮਈ ਤੱਕ ਦਿੱਲੀ ਦੀ ਸੜਕਾਂ ’ਤੇ ਜਬਰਦਸਤ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਕੇਸ ਮੁੜ ਖੋਲਣ ਦੇ ਆਦੇਸ਼ ਦੇਣ ਲਈ ਮਜਬੂਰ ਕੀਤਾ ਸੀ। ਉਧਰ ਸ੍ਰੀ ਸਿਰਸਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਜਿਸ ਤਰੀਕੇ ਨਾਲ ਕਾਤਲਾਂ ਨੂੰ ਕਾਨੂੰਨੀ ਪਨਾਹ ਦਿੱਤੀ ਸੀ, ਉਸ ਦਾ ਹਵਾਲਾ ਹਾਈਕੋਰਟ ਦੇ ਜੱਜਾਂ ਨੇ ਆਪਣੇ ਫੈਸਲੇ ’ਚ ਦਿੱਤਾ ਹੈ। ਇਸ ਤੋਂ ਸਾਫ ਹੁੰਦਾ ਹੈ ਕਿ ਇਸ ਕਤਲੇਆਮ ਦੇ ਪਿੱਛੇ ਪੂਰਾ ਸਰਕਾਰੀ ਤੰਤਰ ਕਾਂਗਰਸ ਦੇ ਗੁੰਡਿਆਂ ਦੀ ਤਮਾਸ਼ਬੀਨੀ ਨੂੰ ਚੁੱਪਚਾਪ ਦੇਖ ਰਿਹਾ ਸੀ। ਸਿਰਸਾ ਨੇ ਕਮਲਨਾਥ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਏ ਜਾਣ ’ਤੇ ਸਵਾਲ ਚੁੱਕਦੇ ਹੋਏ ਰਾਹੁਲ ਗਾਂਧੀ ਨੂੰ ਇਸ ਮਾਮਲੇ ’ਚ ਮੂੰਹ ਖੋਲ੍ਹਣ ਦੀ ਨਸੀਹਤ ਦਿੱਤੀ। ਸਿਰਸਾ ਨੇ ਹਾਈ ਕੋਰਟ ’ਚ ਸੱਜਣ ਕੁਮਾਰ ਦੀ ਪੈਰਵੀ ਲਈ ਕਾਂਗਰਸੀ ਆਗੂ ਕਪਿਲ ਸਿੱਬਲ ਦੇ ਪੁੱਤਰ ਅਖਿਲ ਸਿੱਬਲ ਵੱਲੋਂ ਵਕੀਲ ਵਜੋਂ ਕੀਤੀ ਗਈ ਪੈਰਵੀ ਨੂੰ ਵੀ


(ਬਾਕੀ ਸਫਾਂ 5 ‘ਤੇ)


## ਡਾ.ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਦੇ ਡੀਨ (ਆਰਟਸ) ਚੁਣੇ ਗਏ




(ਰਿਪੋਰਟ ਦੇਖੋ ਸਫਾ 3 ‘ਤੇ)


## ਤਿਲਕ ਵਿਹਾਰ ਦੀਆਂ ਵਿਧਵਾਵਾਂ ਨੂੰ 34 ਸਾਲਾਂ ਬਾਅਦ ਆਇਆ ਸੁੱਖ ਦਾ ਸਾਹ

**ਨਵੀਂ ਦਿੱਲੀ (ਬਿਊਰੋ)–** ਪਿਛਲੇ 34 ਸਾਲਾਂ ਤੋਂ ਦਿੱਲੀ ਦੀ ਤਿਲਕ ਵਿਹਾਰ ਵਿਡੋ ਕਲੋਨੀ ਗ਼ਮਾਂ ਦਾ ਸਿਰਨਾਵਾਂ ਬਣੀ ਹੋਈ ਸੀ ਪਰ ਸੋਮਵਾਰ ਨੂੰ ਦਿੱਲੀ ਹਾਈ ਕੋਰਟ ਦਾ ਇਕ ਫ਼ੈਸਲਾ ਆਇਆ ਤਾਂ ਇੰਨੇ ਸਾਲਾਂ ’ਚ ਸ਼ਾਇਦ ਪਹਿਲੀ ਵਾਰ ਇਸ ਬਸਤੀ ਵਿਚ ਖੁਸ਼ੀ ਦਾ ਝੋਕਾ ਆ ਗਿਆ। ਦਿੱਲੀ ਵਿਚ ਹੋਏ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਮੁੜ ਵਸੇਬੇ ਲਈ ਇਹ ਕਲੋਨੀ ਕਾਇਮ ਕੀਤੀ ਗਈ ਸੀ। ਪੱਛਮੀ ਦਿੱਲੀ ਦੇ ਤਿਲਕ ਨਗਰ ਦੇ ਨੇੜੇ ਪੈਂਦੀ ਇਸ ਕਲੋਨੀ ਵਿਚ ਹਰ ਸਾਲ ਉਸ ਤ੍ਰਾਸਦੀ ਦੀ ਬਰਸੀ ਮਨਾਈ ਜਾਂਦੀ ਹੈ ਜਿਸ ਵਿਚ ਤਿੰਨ ਦਿਨਾਂ ਵਿਚ 3000 ਦੇ ਕਰੀਬ



ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਪੋਪਰੀ ਕੌਰ ਦਾ ਪਰਿਵਾਰ ਸੁਲਤਾਨਪੁਰੀ ਵਿਚ ਰਹਿੰਦਾ ਸੀ ਤੇ ਭੀੜ ਨੇ ਉਸ ਦੇ ਪਤੀ ਨੂੰ ਘਰ ’ਚੋਂ ਧੂਹ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਸ ਨੇ ਆਪਣੇ ਹੰਝੂ ਪੂੰਝਦਿਆਂ ਕਿਹਾ ’’ ਮੈਂ ਖ਼ੁਸ਼ ਹਾਂ ਇਸ ਫ਼ੈਸਲੇ ਤੋਂ। ਉਹੀ ਦਿਨ ਸਨ ਜਦੋਂ ਮੈਂ ਤੇ ਮੇਰੇ ਬੱਚਿਆਂ ਨੇ ਉਸ ਨੂੰ ਆਖਰੀ ਵਾਰ ਦੇਖਿਆ ਸੀ। ਸਾਨੂੰ ਤਾਂ ਉਸ ਦੀ ਮ੍ਰਿਤਕ ਦੇਹ ਵੀ ਦੇਖਣ ਨੂੰ ਨਹੀਂ ਮਿਲ ਸਕੀ ਸੀ।’’ ਉਸ ਨੇ ਕਿਹਾ ’’ਸੱਜਣ ਕੁਮਾਰ ਕਾਰ ਵਿਚ ਬੈਠਾ ਸੀ ਜਦੋਂ ਮੇਰੇ ਪਤੀ ਨੂੰ ਸੁਲਤਾਨਪੁਰੀ ਵਿਚ ਘਰੋਂ ਧੂਹ ਲਿਆ ਗਿਆ। ਮੈਂ ਉਸ ਨੂੰ ਦੇਖਿਆ ਸੀ। ਅੱਜ ਜਦੋਂ ਮੈਂ ਆਪਣੇ ਘਰ ਵਿਚ ਬੈਠੀ ਸੀ ਤਾਂ ਮੇਰੀ ਧੀ ਨੇ ਦੱਸਿਆ ਕਿ ਸੱਜਣ ਕੁਮਾਰ ਨੂੰ ਸਜ਼ਾ ਸੁਣਾਈ ਗਈ ਹੈ।’’



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਪੰਜਾਬ ਯੂਨੀਵਰਸਿਟੀ ਦੇ ਡੀਨ (ਆਰਟਸ) ਚੁਣੇ ਗਏ ਡਾ. ਰੌਣਕੀ ਰਾਮ

ਚੰਡੀਗੜ੍ਹ- ਪੰਜਾਬ ਯੂਨੀਵਰਸਿਟੀ ਦੀਆਂ ਅਲੱਗ-ਅਲੱਗ ਫੈਕਲਟੀਜ਼ ਵਿਚ ਡੀਨ ਅਤੇ ਸੈਕਟਰੀ ਦੇ ਅਹੁਦਿਆਂ ਦੇ ਲਈ ਚੋਣ ਬੀਤੇ ਸੋਮਵਾਰ ਨੂੰ ਹੋਈ। ਇਸ ਵਿਚ ਡਾ. ਰੌਣਕੀ ਰਾਮ ਡੀਨ ਆਰਟਸ ਚੁਣੇ ਗਏ।

ਹੋਰ ਵਿਭਾਗਾਂ ਵਿਚ ਡਾ. ਜਤਿੰਦਰ ਗਰੋਵਰ ਡੀਨ ਐਜੂਕੇਸ਼ਨ ਚੁਣੇ ਗਏ। ਇਸ ਤੋਂ ਪਹਿਲਾਂ ਵੀ ਗਰੋਵਰ ਡੀਨ ਐਜੂਕੇਸ਼ਨ ਦੇ ਅਹੁਦੇ ਤੇ ਰਹਿ ਚੁੱਕੇ ਹਨ। ਉਹਨਾਂ ਦੇ ਖਿਲਾਫ ਇਲੈਕਸ਼ਨ ਲੜਨ ਵਾਲੀ ਪ੍ਰਿੰਸੀਪਲ ਸਰਬਜੀਤ ਕੌਰ ਨੂੰ 21 ਵੋਟਾਂ ਮਿਲੀਆਂ, ਜਦਕਿ ਸ੍ਰੀ ਗਰੋਵਰ ਨੂੰ 56 ਵੋਟਾਂ ਮਿਲੀਆਂ। ਇਸ ਤੋਂ ਇਲਾਵਾ ਡਾ. ਮੁਕੇਸ਼ ਅਰੋੜਾ ਦੇ ਸਾਥੀ ਪ੍ਰੋ. ਗੁਰਪਾਲ ਸਿੰਘ ਇਕ ਵਾਰ ਫਿਰ ਡੀਨ ਲੈਂਗੂਏਜ਼ ਬਣੇ ਹਨ। ਪਿਛਲੀ ਵਾਰ ਇਹ ਅਹੁਦਾ ਉਹਨਾਂ ਨੂੰ ਪ੍ਰੋ. ਨਵਦੀਪ ਗੋਇਲ ਦੀ ਮਦਦ ਨਾਲ ਮਿਲਿਆ ਸੀ।

ਇਸ ਵਾਰ ਉਹਨਾਂ ਨੇ ਆਪਣੇ ਪੁਰਾਣੇ ਸਾਥੀ ਦਾ ਸਹਿਯੋਗ ਲਿਆ। ਹੋਰ ਅਹੁਦੇਦਾਰਾਂ ਵਿਚ ਡਾ. ਅਜੈ ਬਿਜਨਸ ਮੈਨੇਜਮੈਂਟ ਅਤੇ ਕਾਮਰਸ ਦੇ ਡੀਨ, ਪ੍ਰੋ.




ਸੰਚਿਤਾ (ਇੰਜੀਨੀਅਰਿੰਗ ਐਂਡ ਟੈਕਨਾਲੌਜੀ), ਪ੍ਰੋ. ਦਵਿੰਦਰ ਮਹਿਤਾ (ਸਾਇੰਸ), ਡਾ. ਅਨੀਤਾ (ਡਿਜਾਇਨ ਅਤੇ ਫਾਈਨ ਆਰਟਸ), ਪ੍ਰੋ. ਅਨਿਲ (ਫਾਰਮਾਸਿਊਟੀਕਲਜ਼ ਸਾਇੰਸ), ਜਰਨੈਲ ਸਿੰਘ (ਐਨੀਮਲ ਹਸਬੈਂਡਰੀ, ਡਾ. ਪਿਆਰਾ ਲਾਲ (ਮੈਡੀਕਲ ਸਾਇੰਸ ਅਤੇ ਅਨੂ ਚਤਰਥ (ਲਾਅ) ਦੇ ਡੀਨ ਚੁਣੇ ਗਏ।

ਉਥੇ ਹੀ ਆਰਟਸ ਵਿਚ ਡਾ. ਕੁਲਦੀਪ ਸਿੰਘ, ਲੈਂਗੂਏਜ਼ ਤੋਂ ਪ੍ਰੋ. ਯੋਗਰਾਜ ਅੰਗਰਿਸ਼, ਬਿਜਨਸ ਮੈਨੇਜਮੈਂਟ ਐਂਡ ਕਾਮਰਸ ਤੋਂ ਅਰਵਿੰਦ ਕੁਮਾਰ ਮਲਹੋਤਰਾ, ਐਜੂਕੇਸ਼ਨ ਤੋਂ ਡਾ. ਨੀਰੂ ਮਲਿਕ, ਇੰਜੀਨੀਅਰਿੰਗ ਐਂਡ ਟੈਕਨਾਲੌਜੀ ਤੋਂ ਪ੍ਰੋ. ਸੀਮਾ ਕਪੂਰ, ਸਾਇੰਸ ਤੋਂ ਪ੍ਰੋ. ਐਸ. ਪੀ. ਸਿੱਧੂ, ਡਿਜਾਇਨ ਐਂਡ ਫਾਈਨ ਆਰਟਸ ਤੋਂ ਡਾ. ਅਮਿਤਾ ਸ਼ਰਮਾ, ਫਾਰਮਾਸਿਊਟੀਕਲਜ਼ ਸਾਇੰਸ ਤੋਂ ਪ੍ਰੋ. ਰੰਜੂ ਬੰਸਲ, ਐਨੀਮਲ ਹਸਬੈਂਡਰੀ ਤੋਂ ਡਾ. ਨਰਿੰਦਰ ਸਿੰਘ ਸਿੱਧੂ, ਮੈਡੀਕਲ ਸਾਇੰਸਿਜ਼ ਤੋਂ ਪ੍ਰੋ. ਅਸ਼ੀਸ਼ ਜੈਨ ਅਤੇ ਲਾਅ ਤੋਂ ਪ੍ਰੋ. ਮੀਨੂ ਪਾਲ ਸਕੱਤਰ ਚੁਣੇ ਗਏ।

# ਗਹਿਲੋਤ ਨੇ ਰਾਜਸਥਾਨ, ਕਮਲ ਨਾਥ ਨੇ ਮੱਧ ਪ੍ਰਦੇਸ਼ ਤੇ ਬਘੇਲ ਨੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

**ਜੈਪੁਰ-** ਸੀਨੀਅਰ ਕਾਂਗਰਸ ਆਗੂ ਅਸ਼ੋਕ ਗਹਿਲੋਤ ਨੇ ਅੱਜ ਰਾਜਸਥਾਨ ਦੇ ਮੁੱਖ ਮਤਰੀ ਵਜੋਂ ਜਦਕਿ ਰਾਜਸਥਾਨ ਕਾਂਗਰਸ ਦੇ ਪ੍ਰਧਾਨ ਸਚਿਨ ਪਾਇਲਟ ਨੇ ਸੂਬੇ ਦੇ ਉੱਪ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ ਹੈ। ਇਸੇ ਤਰ੍ਹਾਂ ਕਾਂਗਰਸ ਆਗੂ ਕਮਲ ਨਾਥ ਨੇ ਮੱਧ ਪ੍ਰਦੇਸ਼ ਕਾਂਗਰਸ ਆਗੂ ਭੁਪੇਸ਼ ਬਘੇਲ ਨੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਸੀਨੀਅਰ ਕਾਂਗਰਸ ਆਗੂ ਅਸ਼ੋਕ ਗਹਿਲੋਤ ਨੇ ਰਾਜਸਥਾਨ ਦੇ ਨਵੇਂ ਮੁੱਖ ਮਤਰੀ ਵਜੋਂ ਸਹੁੰ ਚੁੱਕੀ ਜਦਕਿ ਰਾਜਸਥਾਨ ਕਾਂਗਰਸ ਦੇ ਪ੍ਰਧਾਨ ਸਚਿਨ ਪਾਇਲਟ ਨੇ ਸੂਬੇ ਦੇ ਉੱਪ ਮੁੱਖ ਮੰਤਰੀ ਵਜੋਂ ਹਲਫ਼ ਲਿਆ।







ਰਾਜਪਾਲ ਕਲਿਆਣਾ ਸਿੰਘ ਨੇ ਇਤਿਹਾਸਕ ਅਲਬਰਟ ਹਾਲ ’ਚ ਸ੍ਰੀ ਗਹਿਲੋਤ ਦੇ ਦਫ਼ਤਰ ’ਚ ਸ੍ਰੀ ਗਹਿਲੋਤ ਤੇ ਸ੍ਰੀ ਪਾਇਲਟ ਨੂੰ ਸਹੁੰ ਚੁਕਵਾਈ। ਸ੍ਰੀ ਪਾਇਲਟ ਨੇ ਬਤੌਰ ਮੰਤਰੀ ਤੇ ਸੂਬੇ ਦੇ ਉੱਪ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਇਸ ਮੌਕੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਰਾਜਸਥਾਨ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਹੋ ਰਹੀ ਵਸੁੰਧਰਾ ਰਾਜੇ ਤੋਂ ਇਲਾਵਾ ਐਨਸੀਪੀ ਮੁਖੀ ਸ਼ਰਦ ਪਵਾਰ, ਟੀਡੀਪੀ ਸੁਪਰੀਮੋ ਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ, ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਤੇ ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਵੀ ਸਮਾਗਮ ’ਚ ਹਾਜ਼ਰ ਸਨ। ਸ੍ਰੀ ਗਹਿਲੋਤ ਦੇਸ਼ ਦੇ ਚੌਥੇ ਆਗੂ ਬਣ ਗਏ ਹਨ ਜੋ ਕਿਸੇ ਸੂਬੇ ਦੇ ਤੀਜੀ ਵਾਰ ਮੁੱਖ ਮੰਤਰੀ ਬਣੇ ਹੋਣ। ਸ੍ਰੀ ਪਾਇਲਟ ਨੇ ਇਸ ਮੌਕੇ ਕਾਂਗਰਸ ਦੀ ਜਿੱਤ ਦੇ ਚਿੰਨ੍ਹ ਵਜੋਂ ਰਵਾਇਤੀ ਪਗੜੀ ਬੰਨ੍ਹੀ ਹੋਈ ਸੀ।

ਕਾਂਗਰਸ ਆਗੂ ਕਮਲ ਨਾਥ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਗਵਰਨਰ ਆਨੰਦੀਬੇਨ ਪਟੇਲ ਨੇ ਕਮਲ ਨਾਥ ਨੂੰ ਅਹੁਦੇ ਦੀ ਸਹੁੰ ਚੁਕਵਾਈ। ਉਨ੍ਹਾਂ ਨਾਲ ਕਿਸੇ ਵੀ ਹੋਰ ਮੰਤਰੀ ਨੇ ਸਹੁੰ ਨਹੀਂ ਚੁੱਕੀ।

ਕਾਂਗਰਸ ਨੇ ਲੰਘੇ ਵੀਰਵਾਰ ਨੂੰ ਕਮਲ ਨਾਥ ਨੂੰ ਮੱਧ ਪ੍ਰਦੇਸ਼ ਦੇ ਨਵੇਂ ਮੁੱਖ ਮੰਤਰੀ ਵਜੋਂ ਚੁਣਿਆ ਸੀ। ਕਮਲ ਨਾਥ ਦੇ ਹਲਫਦਾਰੀ ਸਮਾਗਮ ਵਿਚ ਮੱਧ ਪ੍ਰਦੇਸ਼ ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਯੋਤਿਰਦਿੱਤਿਆ ਸਿੰਧੀਆ, ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲ੍ਹਾ, ਲੋਕਤੰਤਰਿਕ ਜਨਤਾ ਦਲ ਦੇ ਆਗੂ ਸ਼ਰਦ ਯਾਦਵ, ਐਨਸੀਪੀ ਮੁਖੀ ਸ਼ਰਦ ਪਵਾਰ, ਸਾਬਕਾ ਪ੍ਰਧਾਨ ਮੰਤਰੀ ਐਚਡੀ ਦੇਵੇਗੌੜਾ, ਕਰਨਾਟਕ ਦੇ ਮੁੱਖ ਮੰਤਰੀ ਐਚਡੀ ਕੁਮਾਰਾਸਵਾਮੀ, ਡੀਐਮਕੇ ਆਗੂ ਐਮਕੇ ਸਟਾਲਿਨ ਵੀ ਸਮਾਗਮ ਵਿੱਚ ਹਾਜ਼ਰ ਸਨ। ਕਾਂਗਰਸ ਨੂੰ ਹਮਾਇਤ ਦੇਣ ਵਾਲੇ ਬਸਪਾ ਸੁਪਰੀਮੋ ਮਾਇਆਵਤੀ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਇਸ ਸਮਾਗਮ ਵਿੱਚ ਗ਼ੈਰ-ਹਾਜ਼ਰ ਰਹੇ। ਭਾਰਤੀ ਜਨਤਾ ਪਾਰਟੀ ਦੇ ਤਿੰਨ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਕੈਲਾਸ਼ ਜੋਸ਼ੀ ਤੇ ਬਾਬੂਲਾਲ ਗੌੜ ਵੀ ਸਟੇਜ ਉੱਤੇ ਮੌਜੂਦ ਸਨ। ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ ਸ੍ਰੀ ਨਾਥ ਨੇ ਸ੍ਰੀ ਸਿੰਧੀਆ ਨਾਲ ਮਿਲ ਕੇ ਸੂਬੇ ਵਿੱਚ ਕਾਂਗਰਸ ਦੀ ਜਿੱਤ ਲਈ ਪ੍ਰਚਾਰ ਮੁਹਿੰਮ ਸੰਭਾਲੀ ਸੀ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੇ 230 ਵਿੱਚੋਂ 114 ਸੀਟਾਂ ਉੱਤੇ ਜਿੱਤ ਹਾਸਲ ਕੀਤੀ। ਕਾਂਗਰਸ ਨੂੰ ਇਸ ਸਮੇਂ 121 ਵਿਧਾਇਕਾਂ ਦੀ ਹਮਾਇਤ ਹਾਸਲ ਹੈ, ਜਿਨ੍ਹਾਂ ਵਿੱਚ ਸਮਾਜਵਾਦੀ ਪਾਰਟੀ ਦਾ ਇੱਕ, ਬਸਪਾ ਦੇ ਦੋ ਅਤੇ ਚਾਰ ਆਜ਼ਾਦ ਵਿਧਾਇਕ ਸ਼ਾਮਲ ਹਨ। ਭਾਜਪਾ ਨੇ 109 ਸੀਟਾਂ ਉੱਤੇ ਜਿੱਤ ਹਾਸਲ ਕੀਤੀ ਹੈ।

ਕਾਂਗਰਸ ਆਗੂ ਭੁਪੇਸ਼ ਬਘੇਲ ਨੇ ਛੱਤੀਸਗੜ੍ਹ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾਂ ਨਾਲ ਵਿਧਾਇਕ ਟੀ.ਐਸ. ਸਿੰਘ ਦਿਓ ਤੇ ਤਾਮਰਧਵਜ ਸਾਹੂ ਨੇ ਮੰਤਰੀਆਂ ਵਜੋਂ ਹਲਫ਼ ਲਿਆ। ਗਵਰਨਰ ਆਨੰਦੀਬੇਨ ਪਟੇਲ ਨੇ ਬਲਬੀਰ ਜੁਨੇਜਾ ਇਨਡੋਰ ਸਟੇਡੀਅਮ ਵਿੱਚ ਕਰਵਾਏ ਗਏ ਸਮਾਗਮ ਦੌਰਾਨ 57 ਸਾਲਾ ਬਘੇਲ ਨੂੰ ਅਹੁਦੇ ਦੀ ਮਰਿਆਦਾ ਬਣਾਏ ਰੱਖਣ ਦੀ ਸਹੁੰ ਚੁਕਵਾਈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਤੇ ਕਾਂਗਰਸ ਆਗੂ ਇਸ ਸਮਾਗਮ ਵਿੱਚ ਹਾਜ਼ਰ ਰਹੇ। ਬੀਤੇ ਦਿਨ ਸ੍ਰੀ ਬਘੇਲ ਦਾ ਨਾਂ ਮੁੱਖ ਮੰਤਰੀ ਚੁਣਿਆ ਗਿਆ ਸੀ। ਸ੍ਰੀ ਬਘੇਲ ਪੰਜ ਵਾਰ ਪਾਟਨ ਤੋਂ ਵਿਧਾਇਕ ਬਣ ਚੁੱਕੇ ਹਨ। 2013 ਵਿੱਚ ਸੂਬੇ ਵਿੱਚ ਕਾਂਗਰਸ ਕਮੇਟੀ ਦੇ ਪ੍ਰਧਾਨ ਬਣਨ ਵਾਲੇ ਸ੍ਰੀ ਬਘੇਲ ਨੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਟੀ.ਐਸ. ਸਿੰਘ ਦਿਓ ਨੇ ਤੀਜੀ ਵਾਰ ਸਰਗੁਜਾ ਸੀਟ ਤੋਂ ਵਿਧਾਇਕ ਦੀ ਚੋਣ ਜਿੱਤੀ ਹੈ। ਲੋਕ ਸਭਾ ਹਲਕਾ ਦੁਰਗ ਤੋਂ ਕਾਂਗਰਸ ਦੇ ਸੰਸਦ ਮੈਂਬਰ ਤਾਮਰਧਵਜ ਸਾਹੂ ਨੇ ਵਿਧਾਨ ਸਭਾ ਹਲਕਾ ਦੁਰਗ ਦਿਹਾਤੀ ਤੋਂ ਚੋਣ ਜਿੱਤੀ ਹੈ। ਇਸ ਤੋਂ ਪਹਿਲਾਂ ਛੱਤੀਸਗੜ੍ਹ ਵਿੱਚ ਅੱਜ ਸਵੇਰ ਤੋਂ ਪੈ ਰਹੇ ਮੀਂਹ ਕਾਰਨ ਨਵੇਂ ਮੁੱਖ ਮੰਤਰੀ ਦੇ ਹਲਫਦਾਰੀ ਸਮਾਗਮ ਦੀ ਥਾਂ ਤਬਦੀਲ ਕਰਨੀ ਪਈ ਅਤੇ ਕਾਂਗਰਸ ਆਗੂ ਭੁਪੇਸ਼ ਬਘੇਲ ਦਾ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਸਾਇੰਸ ਕਾਲਜ ਮੈਦਾਨ ਦੀ ਥਾਂ ਬੁੱਧਾਤਲਾਬ ਦੇ ਬਲਬੀਰ ਜੁਨੇਜਾ ਇਨਡੋਰ ਸਟੇਡੀਅਮ ਵਿੱਚ ਕਰਵਾਇਆ ਗਿਆ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਗੈਰੀ ਸਿੰਘ ਬਣੇ ਯੂਨੀਅਨਸਿਟੀ ਦੇ ਡਿਪਟੀ ਮੇਅਰ

## ਸਮੁੱਚੇ ਪੰਜਾਬੀ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ, ਵਧਾਈਆਂ ਦੇਣ ਵਾਲਿਆਂ ਦਾ ਲੱਗਾ ਤਾਂਤਾ

**ਯੂਨੀਅਨ ਸਿਟੀ (ਬਿਓਰੋ)–** ਬੇ-ਏਰੀਆ ਦੇ ਨਾਮੀ ਸ਼ਹਿਰ ਯੂਨੀਅਨ ਸਿਟੀ ਲਈ ਪੰਜਾਬੀ ਭਾਈਚਾਰੇ ਵਿਚ ਬੇਹੱਦ ਸਤਿਕਾਰ ਰੱਖਣ ਵਾਲੇ ਗੈਰੀ ਸਿੰਘ ਨੂੰ ਡਿਪਟੀ ਮੇਅਰ ਚੁਣ ਲਿਆ ਗਿਆ ਹੈ। ਸਿਟੀ ਮੇਅਰ ਕਾਰਲ ਲੂਤਰਾ ਵਰਨਾਕੀ ਨੇ ਗੈਰੀ ਸਿੰਘ ਦੀਆਂ ਸੇਵਾਵਾਂ ਦੀ ਪ੍ਰਸ਼ੰਸ਼ਾ ਕਰਦਿਆਂ ਉਨ੍ਹਾਂ ਨੂੰ ਇਹ ਮਾਣ ਬਖ਼ਸ਼ਿਆ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ 1993 ਤੋਂ ਕਮਿਉਨਿਟੀ ਸੇਵਾਵਾਂ ਨਿਭਾਉਂਦੇ ਆ ਰਹੇ ਗੈਰੀ ਸਿੰਘ ਨੇ ਇੱਥੇ ਆ ਕੇ ਆਪਣੇ ਕਾਰੋਬਾਰ ਨੂੰ ਪ੍ਰਫੁੱਲਤ ਕੀਤਾ 'ਤੇ ਨਾਲ ਨਾਲ ਅਮਰੀਕਨ ਰਾਜਨੀਤੀ ਵਿਚ ਵੀ ਦਿਲਚਸਪੀ ਬਣਾਈ ਰੱਖੀ। ਇਹੀ ਕਾਰਨ ਸੀ ਕਿ ਉਨ੍ਹਾਂ ਨੂੰ 2006-2014 ਤੱਕ ਪਲੈਨਿੰਗ ਕਮਿਸ਼ਨਰ ਚੁਣ ਲਿਆ ਗਿਆ ਸੀ। ਗੁਰਦੁਆਰਾ ਸਾਹਿਬ ਫਰੀਮਾਂਟ ਲਈ ਵੀ ਸਰਗਰਮ ਸੇਵਾਵਾਂ ਨਿਭਾਉਂਦੇ ਰਹੇ। ਯੂਨੀਅਨ ਸਿਟੀ ਯੂਥ ਐਂਡ ਫੈਮਿਲੀ ਸਰਵਿਸਜ਼ ਲਈ ਵਲੰਟਰੀ ਸੇਵਾ ਨਿਭਾਉਂਦਿਆਂ





ਗੈਰੀ ਸਿੰਘ ਦਾ ਪੰਜਾਬੀ ਭਾਈਚਾਰੇ 'ਚ ਹੀ ਨਹੀਂ ਸਗੋਂ ਸਮੁੱਚੇ ਅਮਰੀਕਨ ਲੋਕਾਂ 'ਚ ਬੇਹੱਦ ਸਤਿਕਾਰ ਬਣਦਾ ਗਿਆ। ਉਹ ਬੋਰਡ ਮੈਂਬਰ ਆਫ ਯੂਨੀਅਨ ਸਿਟੀ ਫਰੈਂਡਸ ਆਫ ਸਿਸਟਰਸ ਸਿਟੀਜ਼ 2010 ਤੋਂ ਹੁਣ ਤੱਕ ਸੇਵਾ ਨਿਭਾਅ ਰਹੇ ਹਨ।

ਉਹ 2013 ਤੋਂ 2015 ਤੱਕ ਰੋਟਰੀ ਇੰਟਰਨੈਸ਼ਨਲ ਦੇ ਮੈਂਬਰ ਵੀ ਰਹੇ ਅਤੇ ਤਕਰੀਬਨ ਪੰਜਾਹ ਹਜ਼ਾਰ ਡਾਲਰ ਇੰਡੀਆ ਅਤੇ ਨੇਪਾਲ 'ਚ ਭੂਚਾਲ ਪੀੜ੍ਹਤਾਂ ਦੀ ਮਦਦ ਲਈ ਦੇ ਚੁੱਕੇ ਹਨ। ਸਿਟੀ ਕੌਂਸਲ ਮੈਂਬਰ ਵਜੋਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਸਲਾਹਿਆ ਜਾਂਦਾ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਜੋ ਗੈਰੀ ਸਿੰਘ ਨੂੰ ਡਿਪਟੀ ਮੇਅਰ ਦੇ ਅਹੁਦੇ ਤੱਕ ਪਹੁੰਚਣ ਦਾ ਮਾਣ ਪ੍ਰਾਪਤ ਹੋਇਆ ਹੈ।

ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ, ਉੱਘੇ ਕਾਰੋਬਾਰੀ ਸ. ਅਮੋਲਕ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ, ਸਹਾਇਤਾ ਸੰਸਥਾ ਦੇ ਸਰੂਪ ਸਿੰਘ ਝੱਜ, ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ (ਦੇਸ ਦੁਆਬਾ), ਲੇਖਕ ਤੇ ਪੱਤਰਕਾਰ ਐੱਸ. ਅਸ਼ੋਕ ਭੌਰਾ ਅਤੇ ਹੋਰ ਪੰਜਾਬੀ ਭਾਈਚਾਰੇ ਦੀਆਂ ਨਾਮੀ ਗਰਾਮੀ ਹਸਤੀਆਂ ਨੇ ਗੈਰੀ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ ਹਨ ਅਤੇ ਆਸ ਪ੍ਰਗਟਾਈ ਹੈ ਕਿ ਗੈਰੀ ਸਿੰਘ ਡਿਪਟੀ ਮੇਅਰ ਵਜੋਂ ਵੀ ਆਪਣੀਆਂ ਸੇਵਾਵਾਂ ਨੂੰ ਯਾਦਗਾਰੀ ਤੇ ਇਤਿਹਾਸਕ ਬਣਾਉਣਗੇ।

# ਵਰਲਡ ਸਿੱਖ ਪਾਰਲੀਮੈਂਟ ਦੇ ਅਮਰੀਕਾ ਇਕਾਈ ਨੇ ਜਥੇਬੰਦਕ ਢਾਂਚਾ ਤਿਆਰ ਕਰਨ ਵੱਲ ਕਦਮ ਪੁੱਟੇ



**ਨਿਊਯਾਰਕ (ਹੁਸਨ ਲੜੋਆ ਬੰਗਾ)–** ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਇਕਾਈ ਦੇ ਸਮੂਹ ਮੈਂਬਰਾਂ ਦਾ 2 ਰੋਜ਼ਾ ਇਜਲਾਸ ਨਿਊਯਾਰਕ ਦੇ ਹਮਿਲਟਨ ਹੋਟਲ ਵਿਖੇ ਬਹੁਤ ਚੜ੍ਹਦੀਕਲਾ ਅਤੇ ਸਫਲਤਾ ਪੂਰਵਕ ਹੋਇਆ। ਇਸ ਪੰਥਕ ਇਕੱਤਰਤਾ ਵਿਚ ਅਮਰੀਕਾ ਇਕਾਈ ਦੇ ਜਥੇਬੰਦਕ ਢਾਂਚੇ ਅਤੇ ਏਜੰਡੇ ਤੇ ਡੂੰਘੀ ਵਿਚਾਰ ਹੋਈ। 10 ਕੌਂਸਲਾਂ ਜਿਵੇਂ ਮਨੁੱਖੀ ਅਧਿਕਾਰ, ਗੁਰਮਤਿ ਵਿੱਦਿਆ, ਜੇਲ੍ਹਾਂ ਵਿਚ ਬੰਦੀ ਸਿੰਘਾਂ ਅਤੇ ਸ਼ਹੀਦ ਪਰਿਵਾਰਾਂ ਦੀ ਦੇਖਭਾਲ ਕਰਨ ਲਈ ਢੁਕਵੀਆਂ ਵਿਚਾਰਾਂ ਹੋਈਆਂ। ਇਹਨਾਂ 10 ਕੌਂਸਲਾਂ ਵਿਚ ਕੰਮ ਕਰਨ ਵਾਲੇ ਮੈਂਬਰਾਂ ਦੀ ਚੋਣ ਕੀਤੀ ਗਈ। ਇਸ ਇਕੱਤਰਤਾ ਵਿਚ ਸਰਬ ਸੰਮਤੀ ਨਾਲ ਕਈ ਮਤੇ ਪਾਸ ਕੀਤੇ ਗਏ, ਜਿਹਨਾਂ 'ਚ:

1. ਵਰਲਡ ਸਿੱਖ ਪਾਰਲੀਮੈਂਟ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਸਰਕਾਰ ਦਾ ਧੰਨਵਾਦ ਕਰਦੀ ਹੈ।
2. ਵਰਲਡ ਸਿੱਖ ਪਾਰਲੀਮੈਂਟ ਜੇਲ੍ਹਾਂ ਵਿਚ ਲੰਮੇ ਸਮੇਂ ਤੋਂ ਬੰਦ ਬੰਦੀ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕਰਦੀ ਹੈ ਅਤੇ ਰਿਹਾਈ ਲਈ ਕਾਨੂੰਨੀ ਚਾਰਾਜੋਈ ਕਰਨ ਲਈ ਕਾਨੂੰਨੀ ਟੀਮ ਬਣਾਉਣ ਲਈ ਵਚਨਬੱਧਤਾ ਕਰਦੀ ਹੈ ਅਤੇ ਬੰਦੀ ਸਿੰਘਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਮੁੜ ਵਸੇਬੇ ਬਾਰੇ ਉਦਮ ਉਪਰਾਲੇ ਕਰ ਰਹੀਆਂ ਸੰਸਥਾਵਾਂ ਦਾ ਸਾਥ ਦੇਣ ਲਈ ਵਚਨਬੱਧ ਹੈ।
3. ਵਰਲਡ ਸਿੱਖ ਪਾਰਲੀਮੈਂਟ ਸਿੱਖ ਕੌਮ ਦੇ (ਮੀਰੀ-ਪੀਰੀ) ਦੇ ਸੰਕਲਪ ਅਨੁਸਾਰ ਆਪਣੇ ਕੌਮੀ ਖਾਲਸਾ ਰਾਜ ਦੀ ਪ੍ਰਾਪਤੀ ਲਈ ਵਚਨਬੱਧਤਾ ਦੁਹਰਾਉਂਦੀ ਹੈ।
4. ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਇਕਾਈ, ਸਿੱਖ ਕੌਮ ਅਤੇ ਅਮਰੀਕਾ ਵਿਚ ਮਨੁੱਖੀ ਹੱਕਾਂ ਲਈ ਐਨ. ਜੀ. ਓਜ਼ ਅਤੇ ਯੂ. ਐਨ. ਦੇ ਦਫਤਰ ਨਾਲ ਤਾਲਮੇਲ ਕਰੇਗੀ।
5. ਵਰਲਡ ਸਿੱਖ ਪਾਰਲੀਮੈਂਟ ਸਾਰੀਆਂ ਪੰਥਕ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਸਾਂਝੇ ਤੌਰ ਤੇ ਕੰਮ ਕਰੇਗੀ।
6. ਵਰਲਡ ਸਿੱਖ ਪਾਰਲੀਮੈਂਟ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੱਲਣ ਦੀ ਵਚਨਬੱਧਤਾ ਦੁਹਰਾਉਂਦੀ ਹੈ।

ਯੂ. ਕੇ. ਵਿਚ ਵਰਲਡ ਸਿੱਖ ਪਾਰਲੀਮੈਂਟ ਦੇ ਆਗਾਜ਼ ਤੋਂ ਬਾਅਦ ਅਮਰੀਕਾ ਰੀਜਨ ਦੀ ਇਸ ਚੌਥੀ ਇਕੱਤਰਤਾ ਨਾਲ ਪ੍ਰਬੰਧਕਾਂ ਵੱਲੋਂ ਹੋਰ ਰੀਜਨਾਂ ਨੂੰ ਬਲ (ਉਤਸ਼ਾਹ) ਮਿਲਣ ਦੀ ਆਸ ਜਤਾਈ ਗਈ ਅਤੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਗਈ।

# ਭਾਰਤੀ ਮੂਲ ਦੀ ਅਮਰੀਕਨ ਔਰਤ ਵਿਰੁੱਧ ਫੌਜਦਾਰੀ ਮਾਮਲਾ ਦਾਇਰ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਮਿਸ਼ੀਗਨ ਸਟੇਟ ਤੋਂ ਸੈਨੇਟ ਸੀਟ ਲਈ ਚੋਣ ਲੜ ਰਹੀ ਭਾਰਤੀ ਮੂਲ ਦੀ ਇਕ ਅਮਰੀਕਨ ਔਰਤ ਵਿਰੁੱਧ ਐਨ ਆਰਬੋਰ ਦੀ 15 ਵੀਂ ਜ਼ਿਲ੍ਹਾ ਅਦਾਲਤ ਵਿਚ ਫੌਜਦਾਰੀ ਮਾਮਲਾ ਦਾਇਰ ਕੀਤਾ ਗਿਆ ਹੈ। ਅਨੂਜਾ ਰਾਜੇਂਦਰਾ ਨਾਮੀ ਇਸ ਔਰਤ ਉਪਰ ਦੋਸ਼ ਹੈ ਕਿ ਉਸ ਨੇ ਆਪਣੀ ਚੋਣ ਮੁਹਿੰਮ ਦੌਰਾਨ ਝੂਠ ਬੋਲ ਕੇ ਆਪਣੇ ਆਪ ਨੂੰ ਮੌਜੂਦਾ ਅਹੁਦੇਦਾਰ ਵਜੋਂ ਪੇਸ਼ ਕੀਤਾ। ਬਾਲੀਫਿਟ ਦੀ ਸੀ. ਈ. ਓ. ਅਨੂਜਾ ਰਾਜੇਂਦਰਾ ਅਗਸਤ ਵਿਚ ਮੁਢਲੀ ਚੋਣ ਹਾਰ ਗਈ ਸੀ। ਉਸ ਉਪਰ ਲਾਏ ਦੋਸ਼ ਭਾਵੇਂ ਜ਼ਿਆਦਾ ਸੰਗੀਨ ਨਹੀਂ ਹਨ



ਪਰ ਫਿਰ ਵੀ ਉਸ ਨੂੰ 90 ਦਿਨਾਂ ਦੀ ਜੇਲ੍ਹ ਤੇ 500 ਡਾਲਰ ਜੁਰਮਾਨਾ ਹੋ ਸਕਦਾ ਹੈ। ਮਾਮਲੇ ਦੀ ਸੁਣਵਾਈ ਅਗਲੇ ਸਾਲ 10 ਜਨਵਰੀ ਨੂੰ ਹੋਵੇਗੀ। ਅਮੈਰਿਕਨ ਸਿਵਲ ਲਿਬਰਟੀਜ਼ ਯੂਨੀਅਨ ਉਸ ਦੇ ਕੇਸ ਦੀ ਪੈਰਵਾਈ ਕਰ ਰਹੀ ਹੈ। ਸਿਵਲ ਲਿਬਰਟੀਜ਼ ਯੂਨੀਅਨ ਨੇ ਰਾਜੇਂਦਰਾ ਦੇ ਭਾਸ਼ਣ ਦੀ ਤੁਲਨਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਸ਼ਣ ਨਾਲ ਕੀਤੀ ਹੈ, ਜਿਹਨਾਂ ਨੇ ਆਪਣੇ ਬਿਆਨਾਂ ਵਿਚ ਨਸਲੀ ਟਿੱਪਣੀਆਂ ਕੀਤੀਆਂ ਸਨ ਤੇ ਹਿੰਸਾ ਲਈ ਉਕਸਾਇਆ ਸੀ ਪਰ ਉਹਨਾਂ ਵਿਰੁੱਧ ਫੌਜਦਾਰੀ ਮਾਮਲਾ ਦਰਜ ਨਹੀਂ ਕੀਤਾ ਗਿਆ ਸੀ।

# 'ਛਣਕਾਟਾ ਵੰਗਾਂ ਦਾ ਪ੍ਰੋਗਰਾਮ' 6 ਜਨਵਰੀ ਨੂੰ

## ਉੱਘੇ ਲੇਖਕ ਜਗਤਾਰ ਗਿੱਲ ਦਾ ਹੋਵੇਗਾ ਵਿਸ਼ੇਸ਼ ਸਨਮਾਨ

**ਫਰੀਮਾਂਟ (ਬਿਓਰੋ)–** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ ਵਲੋਂ ਇੱਥੇ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮਾਂਟ (ਕੈਲੇਫੋਰਨੀਆਂ) ਵਿਖੇ 6 ਜਨਵਰੀ ਦਿਨ ਐਤਵਾਰ ਨੂੰ ਕਰਵਾਇਆ ਜਾਣ ਵਾਲਾ 6ਵਾਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਸੰਸਥਾ ਦੀ ਪੁਰਾਣੀ ਰਵਾਇਤ ਅਨੁਸਾਰ ਇਸ ਵਾਰ ਨਵੇਂ ਵਰ੍ਹੇ ਨੂੰ ਜੀ ਆਇਆਂ ਨੂੰ ਆਖਦਾ ਇਹ ਪ੍ਰੋਗਰਾਮ ਲੋਕ ਗਾਥਾਵਾਂ ਦੇ ਬਾਦਸ਼ਾਹ, ਯੁੱਗ ਗਾਇਕ ਮਰਹੂਮ ਜਨਾਬ ਕੁਲਦੀਪ ਮਾਣਕ ਨੂੰ ਸਮਰਪਿਤ ਹੋਵੇਗਾ। ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਹੋਈ ਸ੍ਰ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤ ਵਾਲੀ ਮੀਟਿੰਗ ਵਿਚ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਸ. ਇਕਬਾਲ ਸਿੰਘ ਗਾਖਲ, ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਤੇ ਐੱਸ.ਅਸ਼ੋਕ ਭੌਰਾ ਸ਼ਾਮਿਲ ਹੋਏ। ਮੀਟਿੰਗ ਉਪਰੰਤ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮਾਣ ਵਾਲੀ ਗੱਲ ਇਹ ਹੈ ਕਿ ਜਿੱਥੇ ਇਹ ਪ੍ਰੋਗਰਾਮ ਪੰਜਾਬੀ ਸੱਭਿਆਚਾਰ ਦੀਆਂ ਮੂਲ ਵੰਨ੍ਹਗੀਆਂ ਦੀ ਪੇਸ਼ਕਾਰੀ ਦਾ ਸਬੱਬ ਬਣਦਾ ਹੈ ਉੱਥੇ ਅਮੀਰ ਪੰਜਾਬੀ ਗਾਇਕੀ ਲਈ ਵੀ ਇਕ ਮੰਚ ਸਿਰਜਿਆ ਜਾਂਦਾ ਹੈ ਤੇ ਹਰ ਵਰ੍ਹੇ ਇਸ ਪ੍ਰੋਗਰਾਮ ਦੌਰਾਨ ਕਿਸੇ ਨਾਮੀ ਸਖਸ਼ੀਅਤ ਨੂੰ ਯਾਦ ਕਰਨਾ ਇਸ ਪ੍ਰੋਗਰਾਮ ਦੀ ਮਾਣਮੱਤੀ ਰਵਾਇਤ ਹੈ ਤੇ ਇਸੇ ਰਵਾਇਤ ਅਨੁਸਾਰ ਇਹ ਮੇਲਾ ਲੋਕ ਗਾਥਾਵਾਂ ਦੇ ਬਾਦਸ਼ਾਹ ਜਨਾਬ ਕੁਲਦੀਪ ਮਾਣਕ ਨੂੰ ਸਮਰਪਿਤ ਕੀਤਾ ਜਾਵੇਗਾ। ਦੁਪਹਿਰ 12 ਵਜੇ ਸ਼ੁਰੂ ਹੋਣ ਵਾਲਾ ਇਹ ਪ੍ਰੋਗਰਾਮ ਦੇਰ ਸ਼ਾਮ ਤੱਕ ਚੱਲੇਗਾ ਤੇ ਨਿਵੇਕਲੀ ਕਿਸਮ ਦੀ ਸਟੇਜ, ਲਾਈਟਿੰਗ ਸਿਸਟਮ ਅਤੇ ਵੱਡੀਆਂ ਸਕਰੀਨਾਂ ਇਸ ਪ੍ਰੋਗਰਾਮ ਦਾ ਆਕਰਸ਼ਣ ਵੀ ਬਣੀਆਂ ਰਹਿਣਗੀਆਂ।



ਜੁਗਰਾਜ ਸਿੰਘ ਸਹੋਤਾ



ਨਰਿੰਦਰ ਸਿੰਘ ਸਹੋਤਾ

ਮੋਗਾ ਜ਼ਿਲ੍ਹੇ ਦੇ ਪੁਰਾਣੇ ਵਾਲਾ ਪਿੰਡ ਦੇ ਜੰਮਪਲ ਅਤੇ ਮਰਹੂਮ ਦੀਦਾਰ ਸੰਧੂ ਸਮੇਤ ਕਈ ਉੱਘੇ ਗਾਇਕਾਂ ਦੇ ਨੇੜਲੇ ਮਿੱਤਰ ਰਹੇ ਅਮਰੀਕਾ ਵਸਦੇ ਨਾਮੀ ਲੇਖਕ ਜਗਤਾਰ ਗਿੱਲ ਦਾ '6ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੌਰਾਨ ਵਿਸ਼ੇਸ਼ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਇਕ ਦਹਾਕੇ ਤੋਂ ਅਮਰੀਕਾ ਰਹਿ ਕੇ ਵੀ ਪੰਜਾਬ ਦੀ ਮਿੱਟੀ ਨਾਲ ਜੁੜੇ ਰਹੇ ਇਸ ਲੇਖਕ ਨੇ ਲਗਾਤਾਰ ਪੰਜਾਬੀ ਗਾਇਕੀ ਅਤੇ ਗਾਇਕਾਂ ਦੀਆਂ ਜੀਵਨੀਆਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਸ. ਗਿੱਲ ਦੇ ਲਿਖੇ ਇਸ ਲੋਕ ਸਾਹਿਤ ਦਾ ਸਾਹਿਤਕ ਸੱਭਿਆਚਾਰਕ ਹਲਕਿਆਂ ਵਿਚ ਅਕਸਰ ਪ੍ਰਸ਼ੰਸ਼ਾ ਤੇ ਜ਼ਿਕਰ ਹੁੰਦਾ ਰਿਹਾ ਹੈ। ਛਣਕਾਟਾ ਵੰਗਾਂ ਦਾ ਪ੍ਰੋਗਰਾਮ ਦੌਰਾਨ ਜਗਤਾਰ ਗਿੱਲ ਨੂੰ ਯਾਦਗਾਰੀ ਚਿੰਨ੍ਹ ਤੇ ਦੁਸ਼ਾਲਾ ਭੇਂਟ ਕੀਤਾ ਜਾਵੇਗਾ।



ਜਗਤਾਰ ਗਿੱਲ

ਸਮੂਹ ਪ੍ਰਬੰਧਕਾਂ ਵਲੋਂ ਇਸ ਪ੍ਰੋਗਰਾਮ 'ਚ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦੀ ਬੇਨਤੀ ਹੈ। ਸਹਾਇਤਾ ਸੰਸਥਾ ਲਈ ਵਿਸ਼ੇਸ਼ ਫੰਡਰੇਜ਼ ਕੀਤਾ ਜਾਵੇਗਾ ਤੇ ਦਾਖਲਾ ਬਿਲਕੁਲ ਮੁਫ਼ਤ ਹੋਵੇਗਾ। ਜਾਣਕਾਰੀ ਲਈ 510-695-4836 ਜਾਂ 510-512-3401 ਤੇ ਕਾਲ ਕੀਤੀ ਜਾ ਸਕਦੀ ਹੈ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Amarjit Sandhu
Ph: 916-238-4431
649 W. Elkhorn Blvd. Suite B2
Rio Linda, CA 95673

# ਸਿਆਟਲ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਵੱਲੋਂ ਪ੍ਰੋਗਰਾਮ






**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸੱਚਾ ਮਾਰਗ ਐਬਰਨ ਦੇ ਸਕੂਲੀ ਬੱਚਿਆਂ ਨੇ ਸ਼ਬਦ ਗਾਇਨ, ਭਾਸ਼ਣ ਤੇ ਕਵਿਤਾਵਾਂ ਸੁਣਾ ਕੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸਕੂਲ ਦੇ ਪ੍ਰਿੰਸੀਪਲ ਜੀਨਾ ਸਿੰਘ, ਸਿਮਰਨ ਕੌਰ ਚੀਮਾ ਤੇ ਕਿਰਨਦੀਪ ਕੌਰ ਤੇ ਸਟਾਫ ਦੀ ਅਗਵਾਈ ਹੇਠ ਪਲਕਇੰਦਰ ਕੌਰ ਸੰਧੂ, ਵਾਰਿਸ਼ਇੰਦਰ ਸਿੰਘ, ਆਦਰਸ਼ਪ੍ਰੀਤ ਕੌਰ, ਚੇਤਨ ਸਿੰਘ ਤੇ ਸਿਮਰ ਕੌਰ ਸਮੇਤ ਕਈ ਬੱਚਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਵੱਖ-ਵੱਖ ਮੁੱਦਿਆਂ ਤੇ ਭਾਸ਼ਣ, ਕਵਿਤਾਵਾਂ ਤੇ ਸ਼ਬਦ ਗਾਇਨ ਕਰਕੇ ਸੰਗਤ ਨਾਲ ਭਰੇ ਹਾਲ ਵਿਚ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਰਾਜਬੀਰ ਕੌਰ ਸੰਧੂ, ਗੁਲਜਾਰ ਸਿੰਘ ਚਾਟੀਵਿੰਡ ਸਮੇਤ ਕਈ ਮਾਣ-ਮੱਤੀਆਂ ਸ਼ਖਸੀਅਤਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

**ਸ੍ਰੀ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਸ੍ਰੀ ਪਰਮਜੀਤ ਕਮਾਮ ਅਤੇ ਚੇਅਰਮੈਨ ਸ੍ਰੀ ਚੌਹਾਨ ਅਤੇ ਹੋਰ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਉਹਨਾਂ ਦੇ ਵਿਚਾਰਾਂ ਤੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਅਖੀਰ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਅਸ਼ੋਕ ਮਾਹੀ ਨੇ ਸਮੂਹ ਸੰਗਤ ਦਾ ਗੁਰੂ ਘਰ ਪਹੁੰਚਣ ਤੇ ਧੰਨਵਾਦ ਕੀਤਾ।**















# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

**www.deshdoaba.com www.ambedkartimes.com**


# ਸੱਜਣ ਦੀ ਸਜ਼ਾ ਸਖਤ ਕਰਾਉਣ ਲਈ ਸੁਪਰੀਮ ਕੋਰਟ ਵਿਚ ਅਪੀਲ ਪਾਈ ਜਾਵੇਗੀ

**(ਸਫਾ 1 ਦੀ ਬਾਕੀ)**

ਕਾਂਗਰਸ ਦੀ ਸਿਆਸੀ ਪਨਾਹ ਵਜੋਂ ਪਰਿਭਾਸ਼ਿਤ ਕੀਤਾ। ਤਖਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਨੇ ਦਿੱਲੀ ਕਮੇਟੀ ਵੱਲੋਂ ਲੜੀ ਗਈ ਲੜਾਈ ਦੀ ਸ਼ਲਾਘਾ ਕੀਤੀ।

**ਭਾਜਪਾ ਵੱਲੋਂ ਕਮਲ ਨਾਥ ਨੂੰ ਹਟਾਉਣ ਦੀ ਮੰਗ**

ਬੰਗਲੌਰ: ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਭਾਜਪਾ ਨੇ ਇਨ੍ਹਾਂ ਦੰਗਿਆਂ 'ਚ ਸੀਨੀਅਰ ਕਾਂਗਰਸੀ ਆਗੂ ਕਮਲ ਨਾਥ ਦੀ ਕਥਿਤ ਸ਼ਮੂਲੀਅਤ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਹੈ।

ਪਾਰਟੀ ਦੇ ਬੁਲਾਰੇ ਸਾਂਬਿਤ ਪਾਤਰਾ ਨੇ ਕਿਹਾ, 'ਦਿੱਲੀ ਹਾਈ ਕੋਰਟ ਨੇ ਜਿਸ ਤਰੀਕੇ ਨਾਲ ਸੱਜਣ ਕੁਮਾਰ ਨੂੰ ਦੋਸ਼ੀ ਗਰਦਾਨਿਆ ਹੈ, ਉਸ ਤੋ ਇਹ ਬਿਲਕੁਲ ਸਪਸ਼ਟ ਹੈ ਕਿ ਇਹ ਫੈਸਲਾ ਸੱਜਣ ਕੁਮਾਰ ਨਹੀਂ ਬਲਕਿ ਕਾਂਗਰਸ ਪਾਰਟੀ ਖ਼ਿਲਾਫ਼ ਹੈ।' ਉਧਰ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ '84 ਸਿੱਖ ਵਿਰੋਧੀ ਦੰਗਿਆਂ ਵਿੱਚ ਕਾਂਗਰਸ ਦੀ ਭੂਮਿਕਾ ਬਾਰੇ ਕਿਸੇ ਨੂੰ ਕੋਈ ਸ਼ੱਕ ਸ਼ੁਬ੍ਹਾ ਨਹੀਂ ਹੈ ਤੇ ਪਾਰਟੀ ਦੇ ਕਥਿਤ ਆਗੂਆਂ ਤੇ ਵਰਕਰਾਂ ਨੇ ਭੜਕਾਊ ਨਾਅਰੇਬਾਜ਼ੀ ਕਰਦਿਆਂ ਹੁਲੜਬਾਜ਼ੀ ਕੀਤੀ ਤੇ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ।

# ਸਰਪੰਚ

ਪਿਓ ਦਾਦਾ ਤੇਰਾ ਲੰਬੜਦਾਰ ਸੀ ਕੁੱਲ ਦੁਨੀਆਂ ਤਾਂ ਜਾਣੇ
ਪਿੰਡ ਤੇਰਾ ਸਾਰਾ ਸਿਫਤ ਕਰੇ ਗੱਲਾਂ ਹੋਣ ਕਚਹਿਰੀਆਂ ਠਾਣੇ
ਤੂੰ ਵੀ ਕੋਈ ਸੱਪ ਕੱਢ ਮੱਖਣਾ ਸਾਡਾ ਬੇੜਾ ਜਾਵੇ ਤਰ ਸੱਜਣਾ
ਸਰਪੰਚ ਬਣਨ ਤੋਂ ਡਰਦਾ, ਤੈਨੂੰ ਕਾਹਦਾ ਦੱਸ ਫਿਰ ਡਰ ਸੱਜਣਾ।

ਨਿੱਤ ਹੱਥ ਜੋੜ ਕੇ ਫਤਿਹ ਬੁਲਾਉਂਦੇ ਹਟ ਜਾਂਦੇ ਨੇ ਪਿੱਛੇ
ਕਿਵੇਂ ਠਾਣੇਦਾਰ ਵੀ ਪੁੱਛਦੇ ਨੇ ਸਰਪੰਚ ਸਾਹਿਬ ਨੇ ਕਿੱਥੇ
ਪਿੰਡ ਸਾਰਾ ਫਿਰ ਦੱਸੂਗਾ ਔਹ ਚੁਬਾਰੇ ਵਾਲਾ ਉਹਦਾ ਘਰ ਸੱਜਣਾ
ਸਰਪੰਚ ਬਣਨ ਤੋਂ ਕਿਉਂ ਡਰਦਾ, ਤੈਨੂੰ ਕਾਹਦਾ ....

ਵੇਖ ਪੰਚਾਂ ਤੇ ਸਰਪੰਚਾਂ ਦੀ ਹਰ ਪਿੰਡ ਪਿੰਡ ਤੇ ਸਰਦਾਰੀ
ਦਰ ਦਰ ਧੱਕੇ ਖਾਣ ਦੇ ਨਾਲੋਂ ਸਾਰੇ ਕੰਮ ਹੁੰਦੇ ਸਰਕਾਰੀ
ਚੌਧਰ ਖਾਤਰ ਲੋਕੀ ਪੈਲੀ ਗਹਿਣੇ ਦਿੰਦੇ ਧਰ ਸੱਜਣਾ
ਸਰਪੰਚ ਬਣਨ ਤੋਂ ਕਿਉਂ ਡਰਦਾ, ਤੈਨੂੰ ਕਾਹਦਾ ....

ਲੰਡੀ ਜੀਪ ਫਿਰ ਲੈ ਕੇ ਤੇ ਜਦੋਂ 'ਗਿੱਲ' ਸਰਪੰਚ ਲਿਖਾਇਆ
ਫੰਡ ਮਿਲੇ ਸਰਕਾਰਾਂ ਤੋਂ ਬਹੁਤਾ ਖਾਧਾ ਤੇ ਥੋੜ੍ਹਾ ਲਾਇਆ
ਕੰਮ ਕਰਨ ਦੀ ਲੋੜ ਕੋਈ ਨਹੀਂ ਢਿੱਡ ਵੀ ਜਾਂਦਾ ਭਰ ਸੱਜਣਾ
ਸਰਪੰਚ ਬਣਨ ਤੋਂ ਕਿਉਂ ਡਰਦਾ, ਤੈਨੂੰ ਕਾਹਦਾ ....

ਆਂਢ-ਗੁਆਂਢ ਵੀ ਸਾਰਾ ਕਹਿੰਦਾ ਜੋਰ ਤਾਣ ਵੀ ਲਾਊ
ਹੁਣ ਸੌ ਹੱਥ ਰੱਸਾ ਗੰਢ ਸਿਰੇ ਤੇ ਤੈਨੂੰ ਸਰਪੰਚ ਬਣਾਊਂ
'ਦੇਵ ਘੋਲੀਏ' ਵਾਲਿਆ ਵੇ ਚਿੱਤ ਰਾਜ਼ੀ ਖੁਸ਼ ਤੂੰ ਕਰ ਮੱਖਣਾ
ਸਰਪੰਚ ਬਣਨ ਤੋਂ ਡਰਦਾ ਵੇ, ਤੈਨੂੰ ਕਾਹਦਾ ਦੱਸ ਫਿਰ ਡਰ ਸੱਜਣਾ।



**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

ਦੇਸ਼ ਦੁਆਬਾ

## ਆਖਿਰ ਸੱਜਣ ਕੁਮਾਰ ਵੀ ਸਲਾਖਾਂ ਪਿੱਛੇ ਗਿਆ

ਬਹੁਤ ਲੰਮੇ ਸਮੇਂ ਬਾਅਦ 1984 ਦੇ ਕਤਲੇਆਮ ਦੇ ਪੀੜਤਾਂ ਨੂੰ ਇਕ ਵੱਡੀ ਰਾਹਤ ਉਦੋਂ ਮਿਲੀ ਜਦੋਂ ਦਿੱਲੀ ਹਾਈ ਕੋਰਟ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਇਸ ਫੈਸਲੇ ਕਾਰਨ ਕਾਂਗਰਸ ਅਤੇ ਗਾਂਧੀ ਪਰਿਵਾਰ ਵੱਲ ਵੀ ਉਂਗਲਾਂ ਉਠਣੀਆਂ ਸੁਭਾਵਿਕ ਹਨ। ਇਹ ਫੈਸਲਾ ਉਸ ਵੇਲੇ ਆਇਆ ਜਦੋਂ ਤਿੰਨ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਬਣ ਰਹੀਆਂ ਸਨ ਅਤੇ ਕਾਂਗਰਸੀ ਖੁਸ਼ੀਆਂ ਮਨਾਉਣ ਵਿਚ ਰੁੱਝੇ ਹੋਏ ਸਨ। ਰਾਫੇਲ ਮਾਮਲੇ ’ਤੇ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਪਹਿਲਾਂ ਹੀ ਮੂੰਹ ਦੀ ਖਾ ਚੁੱਕੀ ਕਾਂਗਰਸ ਲਈ ਇਹ ਇਕ ਹੋਰ ਵੱਡਾ ਸਿਆਸੀ ਨੁਕਸਾਨ ਹੈ ਕਿਉਂਕਿ ਹੁਣ ਤੱਕ 1984 ਦੇ ਕਤਲੇਆਮ ਦੇ ਦੋਸ਼ਾਂ ਵਿਚ ਕਿਸੇ ਵੱਡੇ ਕਾਂਗਰਸੀ ਆਗੂ ਨੂੰ ਸਜ਼ਾ ਨਹੀਂ ਹੋਈ ਸੀ। ਖੈਰ, ਦੇਰ ਨਾਲ ਹੀ ਸਹੀ 1984 ਦੇ ਕਤਲੇਆਮ ਦੇ ਪੀੜਤਾਂ ਦੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਵਾਲਾ ਇਹ ਫੈਸਲਾ ਭਾਰਤ ਵਿਚ ਵੱਧ ਰਹੀ ਮੌਬ ਲਿਚਿੰਗ (ਹਿੰਸਕ ਭੀੜਾਂ ਵੱਲੋਂ ਨੁਕਸਾਨ) ਦੇ ਮੱਦੇਨਜ਼ਰ ਨਿਆਂਪਾਲਿਕਾ ਦੇ ਬਦਲੇ ਨਜ਼ਰੀਏ ਦਾ ਵੀ ਪ੍ਰਤੀਕ ਹੈ। ਭਾਰਤ ਵਿਚ ਆਮ ਤੌਰ ਤੇ ਹੀ ਰੁਝਾਨ ਹੈ ਜਦੋਂ ਕਿਤੇ ਕੋਈ ਘਟਨਾ ਹੋ ਜਾਵੇ ਤਾਂ ਭੀੜ ਇਕੱਠੀ ਹੋ ਜਾਂਦੀ ਹੈ ਅਤੇ ਕਈ ਵਾਰੀ ਤਾਂ ਭਾਰੀ ਨੁਕਸਾਨ ਕਰ ਦਿੰਦੀ ਹੈ।

1984 ਵਿਚ ਵਿਚ ਹੀ ਅਜਿਹਾ ਹੀ ਹੋਇਆ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਹਿੰਸਾ ਭੜਕ ਗਈ ਅਤੇ ਸਿੱਖ ਭਾਈਚਾਰੇ ਨੂੰ ਖਾਸ ਕਰਕੇ ਨਿਸ਼ਾਨਾ ਬਣਾਇਆ ਗਿਆ। ਹਜ਼ਾਰਾਂ ਸਿੱਖਾਂ ਦਾ ਕਤਲ ਅਤੇ ਬੇਪਤੀ ਹੋਈ ਅਤੇ ਕਈ ਹਜ਼ਾਰ ਸਿੱਖਾਂ ਦੀਆਂ ਸੰਪਤੀਆਂ ਤਬਾਹ ਕਰ ਦਿੱਤੀਆਂ ਗਈਆਂ। ਇਸ ਭਿਆਨਕ ਕਾਂਡ ਨੂੰ ਕਾਬੂ ਕਰਨ ਲਈ ਵੀ ਉਸ ਵਕਤ ਦੇ ਪ੍ਰਸ਼ਾਸਨਿਕ ਅਤੇ ਪੁਲਿਸ, ਫੌਜੀ ਹਲਕੇ ਨਾਕਾਮ ਰਹੇ। ਇਸ ਤੋਂ ਬਾਅਦ ਕਈ ਕਮਿਸ਼ਨ ਅਤੇ ਜਾਂਚ ਟੀਮਾਂ ਬਣੀਆਂ ਪਰ ਕਿਸੇ ਵੀ ਦੋਸ਼ੀ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਨਹੀਂ ਡੱਕਿਆ ਜਾ ਸਕਿਆ। ਭਿਆਨਕ ਦੰਗਿਆਂ ਕਾਰਨ ਹਜ਼ਾਰਾਂ ਸਿੱਖਾਂ ਨੂੰ ਹਿਜ਼ਰਤ ਕਰਨੀ ਪਈ। ਪਿਛਲੇ 34 ਸਾਲਾਂ ਤੋਂ ਲਗਾਤਾਰ ਕਤਲੇਆਮ ਦੇ ਨਾਂ ਉਤੇ ਸਿਆਸੀ ਰੋਟੀਆਂ ਸੇਕੀਆਂ ਜਾਂਦੀਆਂ ਰਹੀਆਂ ਹਨ। ਵੱਖ-ਵੱਖ ਪਾਰਟੀਆਂ ਇਸ ਭਿਆਨਕ ਕਤਲੇਆਮ ਨੂੰ ਵੋਟਾਂ ਦੇ ਨਜ਼ਰੀਏ ਨਾਲ ਵੀ ਦੇਖਦੀਆਂ ਰਹੀਆਂ ਹਨ। ਇਹਨਾਂ ਦੰਗਿਆਂ ਦੇ ਮੁੱਖ ਦੋਸ਼ੀਆਂ ਵਿਚ ਐਚ. ਕੇ. ਐਲ. ਭਗਤ, ਜਗਦੀਸ਼ ਟਾਇਟਲਰ ਅਤੇ ਸੱਜਣ ਕੁਮਾਰ ਦਾ ਨਾਂ ਆਇਆ ਪਰ ਇਹਨਾਂ ਤਿੰਨਾਂ ਵਿਚੋਂ ਇਕ ਦੀਪਹਿਲਾਂ ਹੀ ਮੌਤ ਹੋ ਗਈ ਅਤੇ ਬਾਕੀਆਂ ਨੂੰ ਹੁਣ ਤੱਕ ਅਦਾਲਤਾਂ ਨੇ ਬਰੀ ਕਰ ਦਿੱਤਾ। ਦਿੱਲੀ ਹਾਈ ਕੋਰਟ ਵਿਚ ਵੀ ਹੇਠਲੀ ਅਦਾਲਤ ਦੁਆਰਾ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਦੇ ਖਿਲਾਫ ਅਪੀਲ ਪਾਈ ਗਈ ਸੀ। ਇਸ ਦੀ ਪੈਰਵਾਈ ਵੱਖ-ਵੱਖ ਸਿੱਖ ਜਥੇਬੰਦੀਆਂ ਤੋਂ ਇਲਾਵਾ ਸਰਕਾਰੀ ਪੱਖ ਵੀ ਕਰ ਰਿਹਾ ਸੀ। ਦਿੱਲੀ ਹਾਈ ਕੋਰਟ ਦੇ ਇਸ ਮਿਸਾਲੀ ਫੈਸਲੇ ਦੇ ਦੂਰਗਾਮੀ ਪ੍ਰਭਾਵ ਪੈਣਗੇ। ਅਦਾਲਤ ਨੇ1984 ਦੇ ਦੰਗਿਆਂ ਦੀ ਤੁਲਨਾ 1947 ਦੇ ਕਤਲੇਆਮ ਨਾਲ ਕੀਤੀ ਹੈ। ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦੀ ਕਾਂਗਰਸ ਅੰਦਰ ਸਥਿਤੀ ਪਹਿਲਾਂ ਹੀ ਖਰਾਬ ਚੱਲ ਰਹੀ ਹੈ, ਹੁਣ ਪਾਰਟੀ ਵੀ ਉਹਨਾਂ ਤੋਂ ਕਿਨਾਰਾ ਮਜਬੂਰੀ ਵੱਸ ਕਰੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-91

## ਖਿਮਾਂ ਤੋਂ ਕੀ ਭਾਵ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਕਸ਼ਮਾਂ ਸੰਸਕ੍ਰਿਤ ਅਤੇ ਖਿਮਾਂ ਪੰਜਾਬੀ ਸ਼ਬਦ ਹਨ। ਅਰਥ ਨੇ ਸਹਾਰਾ, ਬਰਦਾਸ਼ਤ, ਮਾਫੀ ਅਤੇ ਬਖਸ਼ਿਸ਼। ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਖੇ ਇਸ ਦੀ ਸਾਰਥਕ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ-

ਵਧੀਕੀ ਸਹਾਰਨ ਦਾ ਮਾਦਾ ਹੀ ਚੰਗਾ ਸੁਭਾਉ ਤੇ ਸੰਤੋਖੀ ਕਰਮ ਨੇ ਜਿੰਨ੍ਹਾਂ ਸਦਕਾ ਹਉਮੈ ਆਦਿਕ ਰੋਗ ਤੇ ਮੌਤ (ਜਮ) ਦਾ ਡਰ ਜੋਰ ਨਹੀ ਪਾ ਸਕਦਾ-ਖਿਮਾ ਗਹੀ ਬ੍ਰਤ ਸੀਲ ਸੰਤੋਖੰ॥ ਰੋਗੁ ਨ ਬੀਆਪੈ ਨਾ ਜਮ ਦੋਖੰ॥ (ਮ ੧-੨੨੩) ਖਿਮਾ ਧਾਰਨ ਕਰਕੇ ਗੁਰੂ ਗਿਆਨ-ਸ਼ਰਨ ਸਦਕਾ ਹਉਮੈ ਤੇ ਤ੍ਰਿਸ਼ਨਾ ਦੀ ਸਾਰੀ ਅੱਗ ਬੁਝ ਜਾਂਦੀ ਅਤੇ ਕ੍ਰੋਧ ਆਦਿਕ ਰੋਗ ਬਿਨਸ ਜਾਂਦੇ ਹਨ-ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ॥ ਹਉਮੈ ਤ੍ਰਿਸ਼ਨਾ ਸਭ ਅਗਨਿ ਬੁਝਈ॥ ਬਿਨਸੈ ਕ੍ਰੋਧ ਖਿਮਾ ਗਹਿ ਲਈ॥ (ਮ ੩-੨੩੩)

ਮਾਇਆਵੀ ਵਿਤਕਰੇ ਕਾਰਨ ਖਿਮਾ-ਹੀਣ ਹੋ ਬੇਅੰਤ, ਲੱਖਾਂ ਅਣਗਿਣਤ ਜੀਵ ਖਪ ਮਰੇ ਜੋ ਗਿਣੇ ਨਹੀਂ ਜਾ ਸਕਦੇ। ਮਹਾਨ ਕੋਸ਼ ਅਨੁਸਾਰ ਇੱਕ ਖੂਹਣੀ ਸੈਨਾ ਦੀ ਗਿਣਤੀ ਜਿਸ ਵਿੱਚ ੨੧੯੭੦ ਹਾਥੀ, ੨੧੯੭੦ ਰਥ, ੬੫੬੧੦ ਘੋੜੇ ਅਤੇ ੧੦੯੩੫੦ ਪੈਦਲ ਹੋਣ-ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੂਏ ਬਿਸੰਖ॥ (ਮ ੧-੯੩੭)

ਜਿਸ ਧਰਮ ਦੀ ਜੜ ਗਿਆਨ ਓਥੇ ਧਰਮ ਧਾਰਨ ਯੋਗ ਹੈ। ਅਗਿਆਨ ਕਲਪਿਤ ਧਰਮ ਦੇ ਧਾਰਨ ਤੋਂ ਲੋਕ-ਪ੍ਰਲੋਕ ਦੇ ਅਨੰਦ ਤੋਂ ਵੰਚਿਤ ਰਹੀਦਾ ਹੈ। ਜਿਸ ਮਨੁੱਖ ਅੰਦਰ ਝੂਠ ਅਤੇ ਲੋਭ ਦਾ ਜੋਰ ਹੋਵੇ ਓਥੇ ਧਰਮ ਦੀ ਥਾਂ ਪਾਪ ਅਤੇ ਆਤਮ ਮੌਤ ਹੀ ਹੋ ਸਕਦੇ ਹਨ। ਉਹ ਜੀਵਨ ਕਉਡੀ ਬਦਲੇ ਜਾਣਾ ਹੋਇਆ ਪਰ ਪ੍ਰਭੂ ਨਿਵਾਸ ਸਿਰਫ ਖਿਮਾ (ਸ਼ਾਤੀ) ਵਾਲੇ ਹਿਰਦੇ ’ਚ ਹੀ ਹੁੰਦਾ ਹੈ-ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (ਕਬੀਰ-੧੩੭੨)

ਗੁਰ ਸੰਗਤ ਕਰਕੇ ਇਹ ਨਿਰਣਾ ਹੁੰਦਾ ਹੈ ਕਿ ਸੇਵਾ ਤੇ ਸੰਤੋਖ ’ਚ ਰਹਿਣਾ ਤੇ (ਖਿਮਾ) ਦੂਜਿਆਂ ਦੀ ਵਧੀਕੀ ਸਹਾਰਨ ਦਾ ਗੁਣ ਗ੍ਰਹਿਣ ਕਰਨ, ਆਪ ਤੇ ਦੂਜਿਆਂ ਦੇ ਆਤਮ ਨੂੰ ਪਛਾਨਣ ਦੀ ਜਾਚ ਆਉਂਦੀ ਹੈ-ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਨਾਈ॥ ਆਤਮੁ ਚੀਨਿ ਪਰਤਮ ਚੀਨਹੁ, ਗੁਰ ਸੰਗਤਿ ਇਹੁ ਨਿਸਤਾਰਾ ਹੇ॥ (ਮ ੧-੧੦੩੦)

ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨੂੰ ਚਾਰ ਉਪਦੇਸ਼-੧.ਪ੍ਰਉਪਕਾਰ ਕਰਨਾ ੨. ਬਚਨ ਤੋਂ ਡਿਗਣਾ ਨਹੀਂ ੩. ਸ਼ਬਦ ਗੁਰੂ ਗ੍ਰੰਥ ਬਰਾਬਰ ਵੇਦ ਸ਼ਾਸ਼ਤ੍ਰ ਆਦਿ ਔਰ ਕਿਸੇ ਗ੍ਰੰਥ ਪੁਸਤਕ ਨੂੰ ਨਹੀਂ ਜਾਨਣਾ ੪. ਖਿਮਾ ਕਰਨੀ, ਜਿਉਂ ਜਿਉਂ ਵੱਡੇ ਹੋਣਾ ਤਿਉਂ ਤਿਉਂ ਨਿਮਰਤਾ ਰੱਖਣੀ, ਨਿਰਧਨ ਨੂੰ ਆਦਰ ਦੇਣਾ, ਜਿਸ ਦਾ ਕੋਈ ਵਾਲੀ ਨਹੀਂ ਉਸ ਦੀ ਮਦਦ ਕਰਨੀ, ਕਿਸੇ ਉੱਚੇ ਮੁਰਾਤਬੇ ਨੂੰ ਪਾਏ ਕੇ ਗਰਬ (ਹੰਕਾਰ) ਨਹੀਂ ਕਰਨਾ।

ਡਾ. ਦਿਲਗੀਰ ਜੀ ਲਿਖਦੇ ਹਨ ਕਿ ਇੱਕ ਸਿੱਖ ਦਾ ਮਸੂਮ ਬੰਦੇ ਨੂੰ ਮੁਆਫੀ ਦੇਣ ਦਾ ਇਖਲਾਕੀ ਗੁਣ ਉਸ ਸੋਚ ਵਾਂਗ ਨਹੀਂ ਹੈ ਕਿ ਜੇ ਕੋਈ ਤੁਹਾਨੂੰ ਥੱਪੜ ਮਾਰੇ ਤਾਂ ਤੁਹਾਨੂੰ ਦੂਜੀ ਗੱਲ੍ਹ ਵੀ ਉਸ ਵੱਲ ਕਰ ਦੇਣੀ ਚਾਹੀਦੀ ਹੈ ਯਾਨੀ ਇਕ ਤਰ੍ਹਾਂ ਨਾਲ ਉਸ ਨੂੰ ਦੂਜੀ ਗੱਲ੍ਹ ਉਪਰ ਵੀ ਥੱਪੜ ਮਾਰਨ ਲਈ ਕਹਿਣਾ ਚਾਹੀਦਾ ਹੈ। ਇਹ ਗੱਲ ਕਹਿਣ ਵਾਲੇ ਦੀ ਸ਼ਾਇਦ ਇਹ ਸੋਚ ਸੀ ਕਿ ਅਜਿਹਾ ਕਰਨ ਨਾਲ, ਉਹ ਬੰਦਾ ਸ਼ਰਮਿੰਦਾ ਹੋ ਜਾਵੇਗਾ ਪਰ ਗਾਂਧੀ ਦਾ ਸੁਝਾਉ ਬੁਜਦਿਲੀ ਦੀ ਨਿ-ਸ਼ਾਨੀ ਹੈ। ਸਿੱਖਾਂ ’ਚ ਮੁਆਫ ਕਰ ਦੇਣਾ ਕਾਇਰਤਾ ਨਹੀਂ ਸਗੋਂ ਰਹਿਮਦਿਲੀ ਤੇ ਦਇਆ ਹੈ।

ਦਾਸ ਦੇ ਵਿਚਾਰ ਹਨ ਕਿ ਖਿਮਾ ਇੱਕ ਰੱਬੀ ਗੁਣ ਹੈ ਜੋ ਗੁਰਸਿੱਖਾਂ ਨੂੰ ਅਪਨਾਉਣਾ ਚਾਹੀਦਾ ਹੈ। ਖਿਮਾ ਨਾਲ ਲੱਖਾਂ ਬੇਵਜਾ ਲੜਾਈਆਂ ਟਾਲੀਆਂ ਤੇ ਲੱਖਾਂ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ। ਜਾਣੇ ਅਨਜਾਣੇ ਕੀਤੀਆਂ ਭੁੱਲਾਂ ਗਲਤੀਆਂ (ਕੁਤਾਹੀਆਂ) ਮੁਆਫ ਕਰ ਦੇਣਾ ਖਿਮਾ ਹੈ। ਜੇ ਕੋਈ ਬਹੁਤ ਨੁਕਸਾਨ ਕਰ ਫਿਰ ਦਿਲੋਂ ਗਲਤੀ ਸਵੀਕਾਰ ਕਰਕੇ ਅੱਗੇ ਤੋਂ ਨਾਂ ਕਰਨ ਦਾ ਵਚਨ ਕਰੇ ਤਾਂ ਸਿੱਖ ਉਸ ਨੂੰ ਖਿਮਾ ਕਰ ਦਿੰਦੇ ਨੇ ਨਾਂ ਕਿ ਡੰਡਿਆਂ ਨਾਲ ਕੁੱਟਦੇ ਜਾਂ ਗੋਲੀਆਂ ਨਾਲ ਮਾਰਦੇ ਹਨ। ਇਸ ਦਾ ਮਤਲਵ ਇਹ ਵੀ ਨਹੀਂ ਕਿ ਤੁਹਾਡੀ ਨਿਮਰਤਾ ਦਾ ਨਾਜਾਇਜ ਫਾਇਦਾ ਉਠਾ ਕੋਈ ਬਾਰ ਬਾਰ ਨੁਕਸਾਨ ਕਰੀ ਜਾਵੇ ਤੇ ਤੁਸੀਂ ਆਪਣੇ ਤੇ ਦੂਜਿਆਂ ਤੇ ਹੁੰਦੀ ਹਰ ਵਧੀਕੀ ਬਿਲੀ ਦੇ ਅੱਖਾਂ ਮੀਟਣ ਵਾਂਗ ਝੱਲੀ ਜਾਉ। ਹਰੇਕ ਚੀਜ ਦੀ ਕੋਈ ਹੱਦ (ਸੀਮਾ) ਹੁੰਦੀ ਹੈ ਜਿੱਥੇ ਜਾ ਕੇ ਆਪਣੀ ਤੇ ਦੂਜੇ ਲੋੜਵੰਦਾਂ ਦੀ ਰੱਖਿਆ ਲਈ ਅੱਗੇ ਆਉਣਾ ਪੈਂਦਾ ਹੈ। ਜਦ ਸਾਰੇ ਹੀਲੇ ਚਾਰੇ ਮੁੱਕ ਜਾਣ ਤੇ ਮੂਰਖ ਗਿਆਨ ਧਿਆਨ ਤੇ ਖਿਮਾ ਜਾਚਨਾ ਦੀਆਂ ਗੱਲਾਂ ਨਾਲ ਨਾਂ ਸਮਝੇ ਤਾਂ ਉਸ ਦਾ ਮੂੰਹ ਵੀ ਭੰਨਣਾ ਪੈਂਦਾ ਹੈ-ਮੂਰਖ ਗੰਢੁ ਪਵੈ ਮੁਹਿ ਮਾਰ॥ ਨਾਨਕੁ ਅਖੈ ਏਹੁ ਬੀਚਾਰੁ॥ (ਮ ੧-੧੪੩)

# ਆਖਰ ਕੰਵਲ ਦਾ ਫੁੱਲ ਕਿਉਂ ਮੁਰਝਾਇਆ..?



ਗੁਰਿੰਦਰਜੀਤ ਸਿੰਘ
“ਨੀਟਾ ਮਾਛੀਕੇ”

ਹੁਣ ਤੱਕ ਘੱਟ ਗਿਣਤੀਆਂ ਨੂੰ ਨਿਸ਼ਾਨਾਂ ਬਣਾਕੇ ਧਰਮ ਅਤੇ ਜਾਤ ਦੀ ਰਾਜਨੀਤੀ ਦਾ ਪੱਤਾ ਖੇਡਦੀ ਭਾਜਪਾ ਦੇ ਰੱਥ ਨੂੰ ਕੁਝ ਕੁ ਬ੍ਰੇਕਾਂ ਲੱਗਦੀਆਂ ਨਜ਼ਰ ਆ ਰਹੀਆਂ ਹਨ। ਦੇਸ਼ ਦੇ ਪੰਜ ਰਾਜਾਂ ਮੱਧ ਪ੍ਰਦੇਸ਼, ਰਾਜਸਥਾਨ, ਤੇਲੰਗਾਨਾ, ਛੱਤੀਸਗੜ੍ਹ ਅਤੇ ਮਿਜ਼ੋਰਮ ’ਚ ਪਈਆਂ ਵੋਟਾਂ ਦੇ ਨਤੀਜੇ ਮੰਗਲਵਾਰ ਮੁਕੰਮਲ ਤੌਰ ’ਤੇ ਇਕ ਤਰਫੇ ਆਏ। ਇਨ੍ਹਾਂ ਨਤੀਜਿਆਂ ’ਚ ਸੱਤਾਧਾਰੀ ਪਾਰਟੀ ਇਸ ਤਰ੍ਹਾਂ ਕਲੀਨ ਸਵੀਪ ਹੋ ਕੇ ਰਹਿ ਜਾਵੇਗੀ ਇਹ ਕਿਸੇ ਨੇ ਕਿਆਸ ਵੀ ਨਹੀਂ ਸੀ ਕੀਤੀ । ਇਨ੍ਹਾਂ ਪੰਜ ਰਾਜਾਂ ਦੀਆਂ ਚੋਣਾਂ ਨੂੰ ਆਮ ਤੌਰ ’ਤੇ ਲੋਕਸਭਾ ਚੋਣਾਂ ਦਾ ਸੈਮੀਫਾਈਨਲ ਮੰਨਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਜਿਸ ਨੇ ਇਨ੍ਹਾਂ 5 ਰਾਜਾਂ ਦੀਆਂ ਚੋਣਾਂ ਨੂੰ ਜਿੱਤ ਲਿਆ ਉਸ ਨੇ ਲੋਕਸਭਾ ਚੋਣਾਂ ਨੂੰ ਜਿੱਤ ਲਿਆ। ਚੋਣਾਂ ਦੌਰਾਨ ਭਾਜਪਾ ਦੀ ਹੋਈ ਬੁਰੀ ਤਰ੍ਹਾਂ ਹਾਰ ਦੇ ਮੁੱਖ ਕਾਰਨਾਂ ਨੂੰ ਘੋਖੀਏ ਤਾਂ ਉਹ ਇਸ ਪ੍ਰਕਾਰ ਹਨ:

### ਨੋਟਬੰਦੀ ਦਾ ਫੈਸਲਾ

ਭਾਜਪਾ ਦੀ ਹਾਰ ਦਾ ਸਭ ਤੋਂ ਪ੍ਰਮੁੱਖ ਕਾਰਨ ਦੇਸ਼ ’ਚ 8 ਨਵੰਬਰ 2016 ਨੂੰ ਕੀਤੀ ਗਈ ਨੋਟਬੰਦੀ ਹੈ। ਇਹ ਦੇਸ਼ ਦੀ ਆਰਥਿਕਤਾ ’ਚ ਅਚਨਚੇਤ ਕੀਤਾ ਗਿਆ ਵੱਡਾ ਬਦਲਾਅ ਸੀ। ਇਸ ਬਦਲਾਅ ਨਾਲ ਇਕ ਅਰਬ ਤੋਂ ਵੀ ਵਧੇਰੇ ਲੋਕ ਪ੍ਰਭਾਵਿਤ ਹੋਏ ਸਨ। ਇਸ ਦੌਰਾਨ ਨੋਟਾਂ ਨੂੰ ਬਦਲਾਉਣ ਦੇ ਚੱਕਰ ’ਚ ਜਿੱਥੇ ਆਮ ਲੋਕਾਂ ਨੂੰ ਹੱਦ ਤੋਂ ਵੱਧ ਖੱਜਲ-ਖੁਆਰ ਹੋਣਾ ਪਿਆ, ਉੱਥੇ ਹੀ 100 ਤੋਂ ਵਧੇਰੇ ਲੋਕਾਂ ਦੀ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ।



ਇਸ ਫੈਸਲੇ ਨੂੰ ਸਰਕਾਰ ਵੱਲੋਂ ਜਿੱਥੇ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ ਗਿਆ, ਉੱਥੇ ਹੀ ਵਿਰੋਧੀਆਂ ਵੱਲੋਂ ਇਸ ਫੈਸਲੇ ਨੂੰ ਹਾਸੋਹੀਣਾ, ਬੇਵਕੂਫੀ ਭਰਿਆ ਅਤੇ ਤੁਗਲਕੀ ਫੈਸਲਾ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਦੀ ਇਸ ਸਬੰਧੀ ਇਹ ਦਲੀਲ ਸੀ ਕਿ ਕਰੀਬ 6 ਫੀਸਦੀ ਗੈਰ-ਕਾਨੂੰਨੀ ਪੈਸੇ ਨੂੰ ਫੜਨ ਲਈ 90 ਫੀਸਦੀ ਤੋਂ ਵਧੇਰੇ ਨੋਟਾਂ ਨੂੰ ਰੱਦ ਕਰਨਾ ਗਲਤ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਏ ਗਏ ਇਸ ਫੈਸਲੇ ਨੂੰ ਆਮ ਲੋਕਾਂ ਨੇ ਵੀ ਗਲਤ ਕਰਾਰ ਦਿੱਤਾ ਸੀ ਅਤੇ ਨੋਟਬੰਦੀ ਨੂੰ ਸਰਕਾਰ ਦੇ ਸਭ ਤੋਂ ਵੱਡੀ ਨਾਕਾਮੀ ਵਜੋਂ ਹੀ ਦੇਖਿਆ। ਇਸ ਸਬੰਧੀ ਵੱਡੇ ਦੁਖਦਾਈ ਤੱਥ ਇਹ ਵੀ ਸਾਹਮਣੇ ਆਏ ਕਿ ਨੋਟਬੰਦੀ ਦੇ ਫੌਰਨ ਬਾਅਦ ਜ਼ਿਆਦਾਤਰ ਨਵੇਂ ਨੋਟ ਜਲਦ ਹੀ ਕਾਲੇ ਧਨ ਦੇ ਜ਼ਖੀਰੇ ’ਚ ਬਦਲ ਗਏ। ਮੋਦੀ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਨੇ ਅਨੇਕਾਂ ਆਮ ਲੋਕਾਂ ਨੂੰ ਵੱਡੇ ਪੱਧਰ ’ਤੇ ਨਿਰਾਸ਼ ਕੀਤਾ।

### ਜੀ. ਐਸ. ਟੀ ਦਾ ਫੈਸਲਾ

ਨੋਟਬੰਦੀ ਤੋਂ ਕੁਝ ਸਮਾਂ ਬਾਅਦ ਹੀ ਭਾਜਪਾ ਨੇ ਜੀ. ਐਸ. ਟੀ. ਦਾ ਕੱਚਘਰੜ ਜਿਹਾ ਫਰਮਾਨ ਜਾਰੀ ਕਰ ਦਿੱਤਾ। ਜੀ. ਐਸ. ਟੀ. ਦੇ ਇਸ ਭੰਬਲਭੂਸੇ ਭਰੇ ਫੈਸਲੇ ਨਾਲ ਦੇਸ਼ ਦੇ ਛੋਟੇ ਵਪਾਰੀ ਵਰਗ ਨੂੰ ਵੱਡਾ ਧੱਕਾ ਲੱਗਾ ਅਤੇ ਉਹ ਮੋਦੀ ਸਰਕਾਰ ਦੇ ਵਿਰੋਧ ’ਚ ਆ ਨਿੱਤਰਿਆ। ਇਸ ਫੈਸਲੇ ਤੋਂ ਬਾਅਦ ਭਾਜਪਾ ਇਸ ਲਈ ਵੀ ਵਿਰੋਧੀਆਂ ਦੇ ਨਿਸ਼ਾਨੇ ’ਤੇ ਆ ਗਈ ਕਿਉਂਕਿ ਮਨਮੋਹਨ ਸਿੰਘ ਸਰਕਾਰ ਮੌਕੇ ਵਿਰੋਧੀ ਧਿਰ ’ਚ ਰਹਿੰਦਿਆਂ ਭਾਜਪਾ ਨੇ ਖੁਦ ਹੀ ਜੀ. ਐਸ. ਟੀ. ਵਿਰੋਧ ਕੀਤਾ ਸੀ। ਇਸ ਫੈਸਲੇ ਨੂੰ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਉਸ ਸਮੇਂ ਗਲਤ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨਾਲ ਦੇਸ਼ ਦੀ ਅਰਥਵਿਵਸਥਾ ਪੂਰੀ ਤਰ੍ਹਾਂ ਡਾਵਾਂਡੋਲ ਹੋਈ ਹੈ। ਇਸ ਸਬੰਧੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵਿੱਟਰ ’ਤੇ ਕਿਹਾ, ’’ਪਹਿਲਾਂ ਨੋਟਬੰਦੀ, ਫਿਰ ਜੀ. ਐਸ. ਟੀ. ਇਨ੍ਹਾਂ ਨੇ ਛੋਟੇ ਅਤੇ ਮੱਧਮ ਕਾਰੋਬਾਰੀਆਂ ਲਈ ਮਰਨ ਵਰਗੀ ਸਥਿਤੀ ਬਣਾ ਦਿੱਤੀ ਹੈ।’’

### ਕਿਸਾਨਾਂ ਨਾਲ ਕੀਤੇ ਵਾਅਦੇ

ਭਾਜਪਾ ਨੇ ਸੱਤਾ ’ਚ ਆਉਣ ਤੋਂ ਪਹਿਲਾਂ ਦੇਸ਼ ਦੇ ਕਿਸਾਨਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ। ਇਨ੍ਹਾਂ ਵਾਅਦਿਆਂ ’ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਸਭ ਤੋਂ ਪ੍ਰਮੁੱਖ ਸੀ। ਪੀ. ਐਮ. ਦੇ ਦੂਜੇ ਵਾਅਦਿਆਂ ਵਾਂਗ ਇਹ ਵਾਅਦਾ ਵੀ ਕੋਰਾ ਜੁਮਲਾ ਅਤੇ ਅੰਕੜਿਆਂ ਦਾ ਹੇਰ-ਫੇਰ ਹੀ ਸਾਬਤ ਹੋਇਆ। ਸੱਤਾ ਪ੍ਰਾਪਤੀ ਤੋਂ ਬਾਅਦ ਭਾਵੇਂ ਕਿ ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਸਾਨਾਂ ਦਾ ਮਸੀਹਾਂ ਦੇ ਤੌਰ ’ਤੇ ਸਨਮਾਨਤ ਕੀਤਾ ਪਰ ਜ਼ਮੀਨ ’ਤੇ ਇਹ ਸਨਮਾਨ ਹਕੀਕਤ ਨਾ ਬਣ ਸਕਿਆ। ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਬੀਜ, ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਤੇ ਡੀਜ਼ਲ ਦੇ ਮੁੱਲਾਂ ’ਚ ਬੇਹਿਸਾਬ ਵਾਧਾ ਹੋਇਆ ਹੈ। ਇਸ ਦੇ ਨਾਲ-ਨਾਲ ਕਿਸਾਨਾਂ ਨੂੰ ਨਾ ਤਾਂ ਫਸਲ ਲਾਗਤ ਦੇ ਮੁਤਾਬਕ ਮੁੱਲ ਹੀ ਮਿਲਿਆ ਅਤੇ ਨਾ ਹੀ ਕੁਦਰਤੀ ਆਫਤਾਂ ਵੇਲੇ ਸਹੀ ਮੁਆਵਜ਼ਾ ਹੀ ਮਿਲਿਆ। ਪ੍ਰਧਾਨ ਮੰਤਰੀ ਬੀਮਾ ਯੋਜਨਾ ਦੇ ਤਹਿਤ ਹਜ਼ਾਰਾਂ ਕਰੋੜ ਰੁਪਏ ਦਾ ਪ੍ਰੀਮੀਅਮ ਇਕੱਠਾ ਹੋਇਆ। ਗੱਲਾਂ ਇਹ ਵੀ ਸਾਹਮਣੇ ਆਈਆਂ ਕਿ ਇਹ ਰਾਸ਼ੀ ਕਿਸਾਨਾਂ ਨੂੰ ਮਿਲਣ ਦੀ ਬਜਾਏ ਦੇਸ਼ ਦੀਆਂ ਵੱਡੀਆਂ ਬੀਮਾ ਕੰਪਨੀਆਂ ਦੇ ਖਾਤਿਆਂ ’ਚ ਹੀ ਚਲੀ ਗਈ। ਇਸ ਦੇ ਨਾਲ-ਨਾਲ ਕਿਸਾਨਾਂ ਨਾਲ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਵੀ ਸਰਕਾਰੀ ਫਾਇਲਾਂ ਦਾ ਹੀ ਸ਼ਿੰਗਾਰ ਬਣਿਆ ਰਿਹਾ।

ਇਸ ਦੇ ਵਿਰੋਧ ਵਜੋਂ ਦੇਸ਼ ਦੇ ਕਿਸਾਨਾਂ ਨੇ ਵੱਡੀ ਗਿਣਤੀ ’ਚ ਮੁੰਬਈ, ਦਿੱਲੀ ਅਤੇ ਰਾਜਥਾਨ ’ਚ ਪ੍ਰਦਰਸ਼ਨ ਕੀਤੇ। ਮੁੰਬਈ ਵਿਚ ਕਰੀਬ 30 ਹਜ਼ਾਰ ਕਿਸਾਨਾਂ ਨੇ ਆਜ਼ਾਦ ਮੈਦਾਨ ਵਿਚ ਇਕੱਠੇ ਹੋ ਉਨ੍ਹਾਂ ਦੀ ਹੋ ਰਹੀ ਅਣਦੇਖੀ ਖਿਲਾਫ ਆਵਾਜ਼ ਬੁਲੰਦ ਕੀਤੀ। ਇਸੇ ਤਰ੍ਹਾਂ ਹੀ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਦੇਸ਼ ਦੇ ਕੋਨੇ-ਕੋਨੇ ਤੋਂ ਇਕੱਠੇ ਹੋ ਕੇ ਹਜ਼ਾਰਾਂ ਕਿਸਾਨ ਨੇ ਕਈ ਵਾਰ ਪ੍ਰਦਸ਼ਨ ਕੀਤੇ। ਇਸ ਤਰ੍ਹਾਂ ਜਿੰਨ੍ਹਾਂ ਸੂਬਿਆਂ ’ਚ ਮੌਜੂਦਾ ਸਮੇਂ ਦੌਰਾਨ ਚੋਣਾਂ ਹੋਈਆਂ ਇਥੇ ਵੀ ਕਿਸਾਨਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। ਇਸ ਸਭ ਨੇ ਕਿਸਾਨਾਂ ਨੂੰ ਕਾਫੀ ਨਿਰਾਸ਼ ਕੀਤਾ, ਜਿਸ ਕਾਰਨ ਜ਼ਿਆਦਾਤਰ ਕਿਸਾਨ ਮੋਦੀ ਸਰਕਾਰ ਦੇ ਖਿਲਾਫ ਭੁਗਤੇ। ਇਸ ਦੇ ਉਲਟ ਰਾਹੁਲ ਗਾਂਧੀ ਨੇ ਕਿਸਾਨਾਂ ਨਾਲ ਕਰਜ਼ ਮਾਫੀ ਦਾ ਵਾਅਦਾ ਕੀਤਾ, ਜਿਸ ਕਾਰਨ ਕਿਸਾਨਾਂ ਨੇ ਆਪਣਾ ਝੁਕਾਅ ਕਾਂਗਰਸ ਵੱਲ ਕਰ ਲਿਆ।

### ਰਾਮ ਮੰਦਰ ਦਾ ਵਿਵਾਦ

ਲੋਕਾਂ ਨੂੰ ਰਾਮ ਮੰਦਰ ਦੇ ਨਾਮ ਤੇ ਗੁੰਮਰਾਹ ਕਰਨ ਵਾਲੀ ਭਾਜਪਾ ਜਿਹੜੀ

(ਬਾਕੀ ਅਗਲੇ ਸਫੇ ‘ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ ‘ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਦਸੰਬਰ ਮਹੀਨੇ ਹੋਣ ਵਾਲੇ ਪ੍ਰੋਗਰਾਮ

ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਚਾਰ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਅਤੇ ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ, ਬੀਬੀ ਕੌਰ ਜੀ ਸ੍ਰੀ ਚਮਕੌਰ ਸਾਹਿਬ ਜੀ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ਮਹਾਨ ਸ਼ਹੀਦੀ ਸਮਾਗਮ ਮਿਤੀ 21, 22, 23 ਦਸੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰਛਾਇਆ ਹੇਠ ਮਨਾਇਆ ਜਾ ਰਿਹਾ ਹੈ, ਜਿਸ ਵਿਚ 21 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਅਤੇ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ। ਇਸ ਸਮਾਗਮ ਦੀ ਸੇਵਾ ਗੁਰੂ ਘਰ ਦੇ ਵਾਈਸ ਪ੍ਰਧਾਨ ਸ. ਗੁਰਨਾਮ ਸਿੰਘ ਜੀ ਭੰਡਾਲ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ।

ਨਵੇਂ ਸਾਲ 2014 ਦੀ ਆਮਦ 'ਤੇ ਮਹਾਨ ਕੀਰਤਨ ਦਰਬਾਰ ਮਿਤੀ 31 ਦਸੰਬਰ ਦਿਨ ਸੋਮਵਾਰ ਨੂੰ ਸ਼ਾਮ 5 ਵਜੇ ਤੋਂਲੈ ਕੇ ਰਾਤ 12.30 ਵਜੇ ਕਰਵਾਏ ਜਾ ਰਹੇ ਹਨ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

ਇਸ ਸਮਾਗਮ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

**ਗੁਰੂ ਘਰ 530-674-2564, ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938, ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823**

**ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370, ਸ੍ਰੀ ਸੁਸ਼ੀਲ ਕੁਮਾਰ 530-415-6743, ਸ੍ਰੀ ਵਿਜੈ ਕੁਮਾਰ 530-300-6208**

**SHRI GURU RAVIDASS TEMPLE 1480 HAYNE AVENUE, YUBA CITY, CA 95993**

# ਆਖਰ ਕੰਵਲ ਦਾ ਫੁੱਲ ਕਿਉਂ ਮੁਰਝਾਇਆ..?

(ਸਫਾ 6 ਦੀ ਬਾਕੀ)

ਅਕਸਰ ਧਰਮ ਦੇ ਨਾਮ ਤੇ ਰਾਜਨੀਤੀ ਕਰਦੀ ਆ ਰਹੀ ਹੈ ਅਤੇ ਰਾਸ਼ਟਰਵਾਦ ਦੇ ਨਾਮ ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਵੱਲੋਂ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ ਰਾਮ ਮੰਦਰ ਮੁੱਦੇ ਨੂੰ ਆਪਣੇ ਮੁੱਖ ਏਜੰਡੇ ਵਜੋਂ ਪੇਸ਼ ਕੀਤਾ ਸੀ, ਜਿਸ ਦੇ ਨਤੀਜ਼ੇ ਵਜੋਂ ਉਹ ਹਿੰਦੂ ਬਹੁ ਗਿਣਤੀ ਦਾ ਵਿਸ਼ਵਾਸ ਜਿੱਤਣ ਵਿਚ ਕਾਮਯਾਬ ਹੋਏ ਸਨ। ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਹਿੰਦੂ ਬਹੁਗਿਣਤੀ ਲੋਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਸਰਕਾਰ ਹੁਣ ਜਲਦ ਇਸ ਸਬੰਧੀ ਬਿੱਲ ਪਾਸ ਕਰਕੇ ਮਾਮਲੇ ਦਾ ਹੱਲ ਕਰੇਗੀ ਪਰ ਭਾਜਪਾ ਦੇ ਕਾਰਜਕਾਲ ਦੌਰਾਨ ਮਾਮਲੇ ਦਾ ਹੱਲ ਨਾ ਹੁੰਦਾ ਦੇਖ ਜ਼ਿਆਦਾਤਰ ਲੋਕ ਭਾਜਪਾ ਦੀ ਕਾਰਗੁਜਾਰੀ ਤੋਂ ਨਿਰਾਸ਼ ਹੋਏ।

ਇਸ ਤੋਂ ਇਲਾਵਾ ਰਾਮ ਮੰਦਰ ਦੇ ਮਾਮਲੇ ਭਾਜਪਾ ਦੀ ਕਾਰਗੁਜ਼ਾਰੀ ਨੂੰ ਲੈ ਕੇ ਉਸਦੀ ਸਹਿਯੋਗੀ ਆਰਐਸਐਸ ਅਤੇ ਵਿਰੋਧੀ ਕਾਂਗਰਸ ਨੇ ਉਨ੍ਹਾਂ ਨੂੰ ਲੰਮੇ ਹੱਥੀਂ ਲੈਣ ਦੇ ਯਤਨ। ਭਾਜਪਾ ਦੀ ਬਦਕਿਸਮਤੀ ਇਹ ਰਹੀ ਕਿ ਉਹ ਪੂਰਨ ਤੌਰ 'ਤੇ ਸੱਤਾ 'ਚ ਹੋਣ ਦੇ ਕਾਰਨ ਇਨ੍ਹਾਂ ਨਾਕਾਮੀਆਂ ਦੂਜਿਆਂ 'ਤੇ ਨਹੀਂ ਸੁੱਟ ਸਕੀ। ਇਸ ਦੇ ਨਾਲ-ਨਾਲ ਪਿਛਲੇ ਸਾਢੇ ਚਾਰ ਸਾਲਾਂ 'ਚ 'ਲਵ ਜਹਾਦ' ਅਤੇ 'ਗਊ-ਰੱਖਿਅਕ' ਵਰਗੇ ਮੁੱਦਿਆਂ ਨੇ ਵੀ ਭਾਜਪਾ ਦੇ ਕੱਦ ਨੂੰ ਬੌਣਾ ਕੀਤਾ। ਇਨ੍ਹਾਂ ਮੁੱਦਿਆਂ ਦੇ ਉਛਾਲੇ ਜਾਣ ਨਾਲ ਜਿੱਥੇ ਦੇਸ਼ ਦਾ ਮੁਸਲਿਮ ਵਰਗ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਲੋਕ ਉਸ ਨਾਲ ਨਰਾਜ਼ ਹੋਏ, ਉੱਥੇ ਹੀ ਭਾਜਪਾ ਦੇ ਦੋਹਰੇ ਕਿਰਦਾਰ ਨੇ ਹਿੰਦੂ ਬਹੁਗਿਣਤੀ ਨੂੰ ਵੀ ਨਿਰਾਸ਼ ਕੀਤਾ। ਭਾਜਪਾ ਵਿਰੋਧੀਆਂ ਨੇ ਇਨ੍ਹਾਂ ਸਭ ਮੁੱਦਿਆਂ ਨੂੰ ਕੈਸ਼ ਕੀਤਾ ਅਤੇ ਲੋਕਾਂ ਵਿਚ ਇਹ ਗੱਲ ਪਹੁੰਚਾਉਣ ਵਿਚ ਕਾਮਯਾਬ ਹੋਏ ਕਿ ਭਾਜਪਾ ਦੇਸ਼ ਨੂੰ ਤੋੜਨਾ ਚਾਹੁੰਦੀ ਹੈ।

### ਐੱਸ. ਸੀ/ਐੱਸ. ਟੀ. ਐਕਟ 'ਚ ਲੱਤ ਅੜਾਉਣਾ

ਦੇਸ਼ ਦੀ ਸਰਵ ਉੱਚ ਅਦਾਲਤ ਵੱਲੋਂ ਜਦੋਂ ਐੱਸ. ਸੀ੍ਰਐੱਸ. ਟੀ. ਐਕਟ ਵਿਚ ਨਵੀਂ ਸੋਧ ਕੀਤੀ ਗਈ ਤਾਂ ਦਲਿਤ ਸਮੂਹਾਂ ਵੱਲੋਂ ਇਸ ਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਗਿਆ। ਉਸ ਸਮੇਂ ਦੇਸ਼ ਬਹੁਤ ਸਾਰੇ ਦਲਿਤ ਸਮੂਹਾਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦੇ ਖਿਲਾਫ ਪ੍ਰਦਰਸ਼ਨ ਕੀਤੇ ਅਤੇ ਇਸ ਕਿਹਾ ਕਿ ਇਸ ਕਾਨੂੰਨ ਨੂੰ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪਾਸ ਕੀਤਾ ਗਿਆ। ਦਲਿਤਾਂ ਦੇ ਵਿਰੋਧ ਨੂੰ ਦੇਖਦਿਆਂ ਸਰਕਾਰ ਨੇ ਕੋਰਟ ਦੇ ਫੈਸਲੇ ਦੀ ਉਲੰਘਣਾ ਕਰਦਿਆਂ ਮੁੜ ਪਹਿਲਾਂ ਵਾਲਾ ਕਾਨੂੰਨ ਲਾਗੂ ਕਰਨ ਦਾ ਮਤਾ ਪਾਸ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਸਵਰਨ ਜਾਤੀਆਂ ਦੇ ਲੋਕਾਂ ਨੇ ਸਰਕਾਰ ਵਿਰੁੱਧ ਧਰਨੇ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ।

ਇਸ ਦੌਰਾਨ ਜਨਰਲ ਕੈਟਾਗਿਰੀ ਦੇ ਕਈ ਸੰਗਠਨਾਂ ਨੇ 'ਭਾਰਤ ਬੰਦ' ਦੇ ਵੀ ਐਲਾਨ ਕੀਤੇ। ਦੇਸ਼ ਦੇ ਕਈ ਇਲਾਕਿਆਂ 'ਚ 'ਭਾਰਤ ਬੰਦ' ਨੂੰ ਮੁੱਖ ਰੱਖਦਿਆਂ ਸਕੂਲ-ਕਾਲਜ ਬੰਦ ਕਰ ਦਿੱਤੇ ਗਏ। ਮੱਧ ਪ੍ਰਦੇਸ਼ 'ਚ ਤਾਂ 10 ਜ਼ਿਲਿਆਂ 'ਚ ਧਾਰਾ-144 ਵੀ ਲਾਗੂ ਕੀਤੀ ਗਈ । ਇਸ ਦੌਰਾਨ ਮੱਧ ਪ੍ਰਦੇਸ਼ 'ਚ ਕੇਂਦਰੀ ਮੰਤਰੀਆਂ ਦਾ ਘਿਰਾਓ ਕਰਨ ਦੇ ਨਾਲ ਸੂਬੇ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ 'ਤੇ ਜੁੱਤੀ ਸੁੱਟਣਾ, ਗੱਡੀ 'ਤੇ ਪਥਰਾਅ ਅਤੇ ਕਾਲੇ ਝੰਡੇ ਦਿਖਾਏ ਜਾਣ ਵਰਗੀਆਂ ਘਟਨਾਵਾਂ ਵੀ ਵਾਪਰੀਆਂ। ਇਨ੍ਹਾਂ ਘਟਨਾਵਾਂ ਨੇ ਜਨਰਲ ਵਰਗ ਦੇ ਲੋਕਾਂ ਵਿਚ ਵੀ ਮੋਦੀ ਸਰਕਾਰ ਦੇ ਖਿਲਾਫ ਗੁੱਸਾ ਭਰ ਦਿੱਤਾ।

### ਮਹਿੰਗਾਈ ਦਾ ਮੁੱਦਾ

ਕਾਂਗਰਸ ਸਰਕਾਰ ਮੌਕੇ ਵਿਰੋਧ ਵਿਚ ਬੈਠੀ ਭਾਜਪਾ ਨੇ ਦੇਸ਼ 'ਚ ਵੱਧ ਰਹੀ ਮਹਿੰਗਾਈ ਦੇ ਖਿਲਾਫ ਖੂਬ ਰੌਲਾ-ਰੱਪਾ ਪਾਇਆ ਸੀ ਪਰ ਭਾਜਪਾ ਦੇ ਕਾਰਜਕਾਲ ਦੌਰਾਨ ਪੈਟਰੋਲ-ਡੀਜ਼ਲ ਦੇ ਹਰ ਰੋਜ਼ ਵੱਧ ਰਹੇ ਰੇਟ ਲੋਕਾਂ ਦਾ ਕੰਚੂਮਰ ਕੱਢ ਦਿੱਤਾ। ਇਸ ਦੌਰਾਨ ਪੈਟਰੋਲ ਦੇ ਭਾਅ 90 ਰੁਪਏ ਨੂੰ ਵੀ ਪਾਰ ਕਰ ਗਏ।

ਇਹਨਾਂ ਪਿਛਲੇ ਚਾਰ ਸਾਲ ਦੇ ਭਾਜਪਾ ਦੇ ਕਾਰਜ-ਕਾਲ ਦੌਰਾਨ ਗਊ ਰੱਖਿਆ ਦੇ ਨਾਮ ਤੇ ਜੋ ਤਸ਼ੱਦਦ ਘੱਟ ਗਿਣਤੀ ਵਿਉਪਾਰੀ ਵਰਗ ਤੇ ਹੋਇਆ ਜਾਂ ਜਾਤੀ ਦੇ ਨਾਮ ਤੇ ਲੋਕਾਂ ਨੂੰ ਨੂੜਕੇ ਕੁੱਟਿਆ ਗਿਆ।

ਸ਼ਾਇਦ ਲੋਕੀਂ ਭਾਜਪਾ ਦੇ ਭੇੜਿਏ ਚਿਹਰੇ ਤੋਂ ਹੁਣ ਭਲੀ ਭਾਂਤ ਜਾਣੂ ਹੋ ਚੁੱਕੇ ਨੇ..! ਲੋਕੀ ਨਹੀਂ ਚਹੁੰਦੇ ਕਿ ਤਿਰੰਗੇ ਝੰਡੇ ਦੀ ਜਗ੍ਹਾ ਕੰਵਲ ਦਾ ਫੁੱਲ ਲਵੇ ਸ਼ਾਇਦ ਇਸੇ ਕਰਕੇ ਕੰਵਲ ਹੁਣ ਕੁਝ ਮੁਰਝਾਇਆ ਨਜ਼ਰ ਆ ਰਿਹਾ ਰਿਹਾ ਹੈ ਅਤੇ ਲੋਕੀ ਹੁਣ ਸੂਝਵਾਨ ਹੋ ਚੁੱਕੇ ਨੇ ਤੇ ਪ੍ਰਧਾਨ ਮੰਤਰੀ ਦਾ ਜੁਮਲਾ ਮੰਤਰ ਵੀ ਵਿਅੱਸਤ ਸਾਬਤ ਹੋ ਰਿਹਾ ਹੈ।

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ
ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA DISCOVER

We Provide All Autos, Trucks & Trailers Repair




Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਵਿਸ਼ਵ ਕੱਪ ਹਾਕੀ 2018 - ਬੈਲਜੀਅਮ ਨੇ ਰਚਿਆ ਇਤਿਹਾਸ, ਪਹਿਲੀ ਵਾਰ ਪਹਿਨਿਆ ਦੁਨੀਆ ਦੇ ਹਾਕੀ ਚੈਂਪੀਅਨ ਦਾ ਤਾਜ਼

## ਹਾਲੈਂਡ ਦੂਜੇ ਸਥਾਨ 'ਤੇ, ਆਸਟ੍ਰੇਲੀਆ ਤੀਸਰੇ ਸਥਾਨ 'ਤੇ, ਭਾਰਤ ਨੂੰ ਮਿਲਿਆ 6ਵਾਂ ਸਥਾਨ

## ਬੈਲਜੀਅਮ ਦੇ ਆਰਥਰ ਵੈਨ ਡੌਰੇਨ ਬਣੇ ਸਰਵੋਤਮ ਖਿਡਾਰੀ ਤੇ ਭਾਰਤ ਨੂੰ ਮਿਲਿਆ ਸਰਵੋਤਮ ਟੀਮ ਦਾ ਐਵਾਰਡ




ਵਿਸ਼ਵ ਕੱਪ ਹਾਕੀ 2018 ਦੇ ਕਲਿੰਗਾ ਹਾਕੀ ਸਟੇਡੀਅਮ ਭੁਬਨੇਸ਼ਵਰ ਨੇ ਹਾਕੀ ਦਾ ਇੱਕ ਨਵਾਂ ਪੰਨਾ ਦੁਨੀਆ ਦੇ ਹਾਕੀ ਇਤਿਹਾਸ ਰਚ ਦਿੱਤਾ। ਇਸ ਵਿਸ਼ਵ ਕੱਪ 'ਚ ਜਿਥੇ ਪਹਿਲੀ ਵਾਰ ਕਿਸੇ ਨਵੇਂ ਮੁਲਕ ਨੂੰ ਚੈਂਪੀਅਨ ਬਣਨ ਦਾ ਮੌਕਾ ਮਿਲਿਆ, ਉਥੇ ਰਿਕਾਰਡ ਤੋੜ ਹਾਕੀ ਪ੍ਰੇਮੀਆਂ ਦੀ ਹਰ ਮੈਚ 'ਚ ਇਕੱਤਰਤਾ ਨੇ ਹਾਕੀ ਨੂੰ ਫੁਟਬਾਲ ਵਾਂਗ ਹਰਮਨ ਪਿਆਰੀ ਖੇਡ ਬਣਾ ਦਿੱਤਾ। ਖਿਤਾਬੀ ਜਿੱਤ ਲਈ ਅੱਜ ਬੈਲਜੀਅਮ ਬਨਾਮ ਹਾਲੈਂਡ ਵਿਚਕਾਰ ਹੋਏ ਮੈਚ ਦੌਰਾਨ ਦੋਵੇਂ ਟੀਮਾਂ ਬਰਾਬਰੀ 'ਤੇ ਰਹੀਆਂ। ਅਖੀਰ ਪਨਲਟੀ ਸ਼ੂਟਆਊਟ ਦੇ ਸਡਨ ਡੈਥ 'ਚ ਬੈਲਜੀਅਮ 3-2 ਨਾਲ ਜੇਤੂ ਰਹਿ ਕੇ ਚੈਂਪੀਅਨ ਤਾਜ ਦਾ ਹੱਕਦਾਰ ਬਣਿਆ। ਹਾਲੈਂਡ, ਜਿਸਨੇ ਆਪਣਾ 7ਵਾਂ ਫਾਈਨਲ ਖੇਡਿਆ, ਉਹ ਇੱਕ ਵਾਰ ਫਿਰ ਪਾਕਿਸਤਾਨ ਦੇ ਚਾਰ ਵਾਰ ਚੈਂਪੀਅਨ ਬਣਨ ਦੇ ਰਿਕਾਰਡ ਦੀ ਬਰਾਬਰੀ ਕਰਨ ਤੋਂ ਖੁੰਝ ਗਿਆ ਕਿਉਂਕਿ ਹਾਲੈਂਡ ਹੁਣ ਤੱਕ 3 ਵਾਰ ਚੈਂਪੀਅਨ ਬਣ ਚੁੱਕਾ ਸੀ। ਦੂਸਰੇ ਪਾਸੇ 100 ਸਾਲ ਤੋਂ ਵੱਧ ਹਾਕੀ ਇਤਿਹਾਸ ਵਿਚ ਬੈਲਜੀਅਮ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਇਤਿਹਾਸਕ ਪ੍ਰਾਪਤੀ ਹੈ। ਬੈਲਜੀਅਮ ਮੁਲਕ ਜੋ ਫੁਟਬਾਲ ਦੀ ਦੁਨੀਆ 'ਚ ਨੰਬਰ 1 ਦੀ ਰੈਂਕਿੰਗ 'ਤੇ ਹੈ, ਅੱਜ ਉਹ ਫੀਲਡ ਹਾਕੀ ਦੀ ਦੁਨੀਆ 'ਚ ਵੀ ਨੰਬਰ 1 ਬਣ ਜਾਵੇਗਾ।

ਬੈਲਜੀਅਮ ਦਾ ਅਲੈਗਜ਼ੈਂਡਰ ਹੈਂਡਰਿਕ ਅਤੇ ਆਸਟ੍ਰੇਲੀਆ ਬਲੈਕ ਗੋਵਰਜ਼ 7-7 ਗੋਲ ਕਰਕੇ ਸਰਵੋਤਮ ਸਕੋਰਰ ਬਣੇ। ਜਦਕਿ ਹਾਲੈਂਡ ਦਾ ਗੋਲਕੀਪਰ ਪਿਰਮਨ ਬਲਾਕ ਬਣਿਆ ਸਰਵੋਤ ਗੋਲਕੀਪਰ, ਬੈਲਜੀਅਮ ਦਾ ਗੋਲਕੀਪਰ ਵਾਨਸ਼ ਵਿਨਸੈਂਟ ਫਾਈਨਲ ਮੈਚ ਦਾ ਮੈਨ ਆਫ ਦਾ ਮੈਚ ਬਣਿਆ। ਵਿਸ਼ਵ ਕੱਪ ਹਾਕੀ ਦੇ ਇਤਿਹਾਸ 'ਚ ਕੁੱਲ 157 ਗੋਲ ਹੋਏ ਜਿੰਨ੍ਹਾਂ 'ਚੋਂ ਬੈਲਜੀਅਮ ਨੇ 22 ਗੋਲ ਕੀਤੇ ਜਦਕਿ ਆਸਟ੍ਰੇਲੀਆ ਨੇ ਸਭ ਤੋਂ ਵੱਧ 29 ਗੋਲ ਕੀਤੇ। ਆਰਥਰ ਵੈਨ ਡੌਰਨ ਨੂੰ ਹਾਕੀ ਲਵਰਜ਼ ਵੱਲੋਂ ਮੈਨ ਆਫ ਦਾ ਟੂਰਨਾਮੈਂਟ ਚੁਣਿਆ ਗਿਆ ਅਤੇ ਤਕਨੀਕੀ ਕਮੇਟੀ ਵੱਲੋਂ ਮੈਨ ਆਫ ਦਾ ਟੂਰਨਾਮੈਂਟ ਐਵਾਰਡ ਦਿੱਤਾ ਗਿਆ। ਸਾਫ ਸੁਧਰੀ ਖੇਡ ਬਦਲੇ ਭਾਰਤੀ ਹਾਕੀ ਟੀਮ ਨੂੰ ਸਰਵੋਤਮ ਟੀਮ ਦਾ ਐਵਾਰਡ ਮਿਲਿਆ, ਸਪੇਨ ਨੂੰ ਫੇਅਰਪਲੇਅ ਟ੍ਰਾਫੀ ਮਿਲੀ।

ਵਿਸ਼ਵ ਕੱਪ ਦੇ ਇਤਿਹਾਸ 'ਚ ਲਗਾਤਾਰ 4 ਫਾਈਨਲ ਮੁਕਾਬਲੇ ਖੇਡਣ ਵਾਲੀ ਵਰਤਮਾਨ ਚੈਂਪੀਅਨ ਆਸਟ੍ਰੇਲੀਆ ਟੀਮ ਨੂੰ ਇਸ ਵਾਰ ਕਾਂਸੀ ਦੇ ਤਗਮੇ 'ਤੇ ਹੀ ਸਬਰ ਕਰਨਾ ਪਿਆ। ਅੱਜ ਆਸਟ੍ਰੇਲੀਆ ਨੇ ਇੰਗਲੈਂਡ ਨੂੰ 8-1 ਨਾਲ ਹਰਾ ਕੇ ਇਹ ਪ੍ਰਾਪਤੀ ਹਾਸਲ ਕੀਤੀ। ਪੂਰੇ ਮੈਚ ਦੌਰਾਨ ਕੰਗਾਰੂਆਂ ਨੇ ਗੋਰਿਆਂ ਨੂੰ ਧੋ ਕੇ ਰੱਖ ਦਿੱਤਾ। ਕੰਗਾਰੂਆਂ ਦੀ



ਗੋਰਿਆਂ 'ਤੇ ਵਿਸ਼ਵ ਕੱਪ ਦੇ ਇਤਿਹਾਸ ਦੀ ਹੁਣ ਤੱਕ ਦੀ ਇਹ ਵੱਡੀ ਜਿੱਤ ਸੀ। ਇਸ ਤੋਂ ਪਹਿਲਾਂ ਆਸਟ੍ਰੇਲੀਆ ਨੇ 1978, 82, 90, 94, 98 ਵਿਚ ਕਾਂਸੀ ਦਾ ਤਗਮਾ ਜਿੱਤਿਆ ਸੀ। ਆਸਟ੍ਰੇਲੀਆ ਵੱਲੋਂ ਬਲੈਕ ਗੋਵਰਜ਼ ਨੇ 8ਵੇਂ ਮਿੰਟ 'ਚ ਟੌਮ ਕਰੈਗ ਨੇ 9ਵੇਂ, 19ਵੇਂ ਤੇ 34ਵੇਂ ਮਿੰਟ 'ਚ ਗੋਲ ਕਰਕੇ ਹੈਟ੍ਰਿਕ ਜੜੀ। ਜਦਕਿ ਮਿੰਨਟਨ ਨੇ 32ਵੇਂ, ਬਰੰਟ ਨੇ 34ਵੇਂ ਅਤੇ ਹਾਵਰਡ ਨੇ 57ਵੇਂ ਅਤੇ 60ਵੇਂ ਮਿੰਟ 'ਚ ਪਨਲਟੀ ਕਾਰਨਰ ਜ਼ਰੀਏ ਗੋਲ ਕੀਤੇ। ਇੰਗਲੈਂਡ ਵੱਲੋਂ ਇੱਕੋ ਇੱਕ ਗੋਲ 45ਵੇਂ ਮਿੰਟ 'ਚ ਮਿਡਲਟਨ ਨੇ ਕੀਤਾ। ਇੰਗਲੈਂਡ ਦੀ ਟੀਮ ਨੇ 2010 ਵਿਸ਼ਵ ਕੱਪ ਤੋਂ ਬਾਅਦ ਲਗਾਤਾਰ ਤੀਜੀ ਵਾਰ ਵਿਸ਼ਵ ਕੱਪ 'ਚ ਚੌਥਾ ਸਥਾਨ ਹਾਸਲ ਕੀਤਾ। ਆਸਟ੍ਰੇਲੀਆ ਦਾ ਬਲੈਕ ਗੋਵਰਜ਼ 7 ਗੋਲ ਕਰਕੇ ਬੈਲਜੀਅਮ ਦੇ ਅਲੈਗਜ਼ੈਂਡਰ ਹੈਂਡਰਿਕ ਦੇ ਬਰਾਬਰ ਆ ਗਿਆ ਹੈ।

ਫਾਈਨਲ ਮੁਕਾਬਲਾ ਬੈਲਜੀਅਮ ਬਨਾਮ ਹਾਲੈਂਡ ਦਿਲਾਂ ਦੀਆਂ ਧੜਕਣਾਂ ਰੋਕ ਕੇ ਦੇਖਣ ਵਾਲਾ ਮੁਕਾਬਲਾ ਸੀ

ਭੁਬਨੇਸ਼ਵਰ ਦੇ ਕਲਿੰਗਾ ਖੇਡ ਸਟੇਡੀਅਮ ਹਾਕੀ ਸਟੇਡੀਅਮ ਵਿਖਦੇ ਯੂਰਪੀਅਨ ਮੁਲਕਾਂ ਵਿਚਕਾਰ ਖੇਡੇ ਗਏ ਇਸ ਫਾਈਨਲ ਮੁਕਾਬਲੇ ਦਾ ਕੋਈ 25 ਹਜ਼ਾਰ ਹਾਕੀ ਪ੍ਰੇਮੀਆਂ ਨੇ ਅਨੰਦ ਮਾਣਿਆ ਜਿੰਨ੍ਹਾਂ 'ਚ ਐਫ.ਆਈ.ਐਚ ਪੈਜ਼ੀਡੈਂਟ ਨਰਿੰਦਰ ਬੱਤਰਾ, ਕ੍ਰਿਕਟ ਸਟਾਰ ਸਚਿਨ ਤੇਂਦੂਲਕਰ, ਓੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਤੋਂ ਇਲਾਵਾ ਫਿਲਮ ਜਗਤ ਦੀਆਂ ਕਈ ਸ਼ਖਸੀਅਤਾਂ ਅਤੇ ਹਾਕੀ ਓਲੰਪੀਅਨ ਵੱਡੀ ਗਿਣਤੀ ਵਿਚ ਹਾਜ਼ਰ ਸਨ। ਦੋਵੇਂ ਟੀਮਾਂ 'ਚ ਬਰਾਬਰ ਦੀ ਟੱਕਰ ਹੋਈ। ਪੂਰੇ ਮੈਚ ਦੌਰਾਨ ਦੋਵੇਂ ਟੀਮਾਂ ਦਾ ਬਾਲ ਕੰਟ੍ਰੋਲ ਫਿਫਟੀ ਫਿਫਟੀ ਰਿਹਾ ਅਤੇ ਦੋਵਾਂ ਟੀਮਾਂ ਨੇ ਪੂਰੇ ਮੈਚ ਦੌਰਾਨ 5-5 ਨਿਸ਼ਾਨੇ ਗੋਲਾਂ 'ਤੇ ਲਾਏ। ਪਹਿਲੇ ਅੱਧ ਵਿਚ ਹਾਲੈਂਡ ਦਾ ਪੱਲੜਾ ਭਾਰੂ ਰਿਹਾ ਅਤੇ ਹਾਲੈਂਡ ਨੇ 2 ਪਨਲਟੀ ਕਾਰਨਰ ਵੀ ਹਾਸਲ ਕੀਤੇ। ਪਰ ਗੋਲ ਕਰਨ ਦੀ ਸਫਲਤਾ ਨਾ ਮਿਲ ਸਕੀ। ਦੂਜੇ ਅੱਧ ਵਿਚ ਪੂਰੀ ਤਰ੍ਹਾਂ ਬੈਲਜੀਅਮ ਖਿਡਾਰੀਆਂ ਦਾ ਦਬਦਬਾ ਰਿਹਾ ਅਤੇ ਆਖਰੀ ਮਿੰਟਾਂ ਤੱਕ ਇਹੀ ਲੱਗ ਰਿਹਾ ਸੀ ਕਿ ਬੈਲਜੀਅਮ ਯਕੀਨਨ ਗੋਲ ਕਰੇਗਾ। ਪਰ ਹਾਲੈਂਡ ਦੀ ਰੱਖਿਆ ਪੰਗਤੀ ਨੇ ਉਹਨਾਂ ਦੀ ਕੋਈ ਵਾਹ ਨਾ ਚੱਲਣ ਦਿੱਤੀ। ਅਖੀਰ ਮੁਕਾਬਲਾ ਨਿਰਧਾਰਤ ਸਮੇਂ ਤੱਕ ਗੋਲ ਰਹਿਤ ਬਰਾਬਰੀ 'ਤੇ ਹੀ ਸਮਾਪਤ ਹੋ ਗਿਆ। ਵਿਸ਼ਵ ਕੱਪ ਹਾਕੀ ਦੇ ੫ ਦਹਾਕਿਆਂ ਦਾ ਹਾਕੀ ਇਤਿਹਾਸ ਦਾ ਪਹਿਲਾ ਫਾਈਨਲ ਮੁਕਾਬਲਾ ਸੀ ਜੋ ਗੋਲ ਰਹਿਤ ਬਰਾਬਰੀ 'ਤੇ ਸਮਾਪਤ ਹੋਇਆ ਹੈ।

### ਅੰਤ 'ਚ ਐਫ.ਆਈ.ਐਚ ਦੇ ਪ੍ਰਧਾਨ ਨਰਿੰਦਰ ਬੱਤਰਾ ਨੇ ਕੀਤਾ ਧੰਨਵਾਦ

ਵਿਸ਼ਵ ਕੱਪ ਹਾਕੀ ਦੇ ਅੰਤ ਵਿਚ ਕੌਮਾਂਤਰੀ ਹਾਕੀ ਸੰਘ ਦੇ ਪ੍ਰਧਾਨ ਨਰਿੰਦਰ ਬੱਤਰਾ ਨੇ ਵਿਸ਼ਵ ਕੱਪ ਹਾਕੀ 'ਚ ਭਾਗ ਲੈਣ ਵਾਲੀਆਂ 16 ਟੀਮਾਂ, ਖਿਡਾਰੀਆਂ, ਪ੍ਰਬੰਧਕਾਂ ਤੇ ਹਾਕੀ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਚੈਂਪੀਅਨ ਬਣੀ ਬੈਲਜੀਅਮ ਟੀਮ ਨੂੰ ਵਧਾਈ ਦਿੱਤੀ ਅਤੇ ਓੜੀਸਾ ਸਰਕਾਰ ਦਾ ਖਾਸ ਧੰਨਵਾਦ ਕਰਦਿਆਂ ਉਹਨਾਂ ਆਖਿਆ ਕਿ ਅਗਲੇ ਵਰ੍ਹੇ ਜੂਨ ਮਹੀਨੇ ਓੜੀਸਾ ਵਿਖੇ ਓਲੰਪਿਕ ਕੁਆਲੀਫਾਈ ਗੇੜ ਦੀ ਭੁਬਨੇਸ਼ਵਰ ਦਾ ਕਲਿੰਗਾ ਹਾਕੀ ਸਟੇਡੀਅਮ ਮੁੜ ਮੇਜ਼ਬਾਨੀ ਕਰੇਗਾ। ਉਨ੍ਹਾਂ ਆਖਿਆ, ਕਲਿੰਗਾ ਸਟੇਡੀਅਮ ਤੋਂ ਹਾਕੀ ਦਾ ਬੁਖਾਰ ਦੁਨੀਆ 'ਚ ਫੈਲਿਆ ਹੈ ਜੋ ਭਾਰਤ 'ਚ ਇਸੇ ਤਰ੍ਹਾਂ ਜਾਰੀ ਰਹੇਗਾ।

# ਲੇਖਕ ਗੁਸੀਲ ਤ੍ਰਿਵੈਣੀ ਸਾਹਿਤ ਪ੍ਰੀਸ਼ਦ ਦੇ ਪ੍ਰਧਾਨ ਬਣੇ

ਤ੍ਰਿਵੈਣੀ ਸਾਹਿਤ ਪ੍ਰੀਸ਼ਦ (ਰਜਿ:), ਪਟਿਆਲਾ ਦੇ ਸਾਹਿਤਕ ਮੈਂਬਰਾਂ ਦੀ ਇੱਕ ਹੰਗਾਮੀ ਮੀਟਿੰਗ ਪ੍ਰੀਸ਼ਦ ਦੇ ਸਾਬਕਾ ਸਕੱਤਰ ਅੰਮ੍ਰਿਤ ਪਾਲ ਸਿੰਘ ਸ਼ੈਦਾ, ਇੰਜੀ. ਪ੍ਰਮਿੰਦਰ ਸੋਖ, ਹਰੀ ਸਿੰਘ ਚਮਕ, ਜਤਿੰਦਰ ਪ੍ਰਵਾਜ ਦੀ ਪ੍ਰਧਾਨਗੀ ਹੇਠ ਹੋਈ। ਸਰਬਸੰਮਤੀ ਨਾਲ ਲਏ ਫੈਸਲੇ ਮੁਤਾਬਿਕ ਪ੍ਰੀਸ਼ਦ ਦੀ ਅਗਲੇਰੀ ਕਾਰਜਕਰਨੀ ਦੀ ਸਰਬ-ਸੰਮਤੀ ਨਾਲ ਚੋਣ ਕੀਤੀ ਗਈ। ਤ੍ਰਿਵੈਣੀ ਸਾਹਿਤ ਪ੍ਰੀਸ਼ਦ 'ਚ ਸੁਚੱਜਾ, ਯੋਗ ਅਤੇ ਉੱਘਾ ਯੋਗਦਾਨ ਪਾਉਣ ਵਾਲੇ ਸਾਹਿਤਕਾਰਾਂ ਨੂੰ ਅਹੁਦੇਦਾਰਾਂ ਵਜੋਂ ਨਿਯੁਕਤੀਆਂ ਕੀਤੀਆਂ ਗਈਆਂ।



ਡਾ:ਧਰਮਵੀਰ ਗਾਂਧੀ ਲੋਕ ਸਭਾ ਮੈਂਬਰ ਅਤੇ ਡਾ: ਕੁਲਵੰਤ ਕੌਰ ਨੂੰ ਪ੍ਰੀਸ਼ਦ ਦੇ ਸ੍ਰਪਰਸਤ ਵਜੋਂ ਨਿਯੁਕਤ ਕੀਤਾ ਗਿਆ ਹੈ। ਗੁਰਦਰਸ਼ਨ ਸਿੰਘ ਗੁਸੀਲ ਪ੍ਰਧਾਨ, ਨਿਰਮਲਾ ਗਰਗ ਅਤੇ ਮੰਗਤ ਖਾਨ ਮੀਤ ਪ੍ਰਧਾਨ, ਹਰੀਦੱਤ ਹਬੀਬ ਜਨਰਲ ਸਕੱਤਰ,ਦੀਦਾਰ ਖਾਨ ਧਬਲਾਨ ਸਕੱਤਰ,ਤੇਜਿੰਦਰ ਸਿੰਘ ਅਣਜਾਣਾ ਵਿੱਤ ਸਕੱਤਰ, ਕ੍ਰਿਸ਼ਨ ਲਾਲ ਧੀਮਾਨ ਸੰਗਠਨ ਸਕੱਤਰ, ਸ਼ਾਮ ਸਿੰਘ ਸਹਾਇਕ ਸੰਗਠਨ ਸਕੱਤਰ, ਜੋਗਾ ਸਿੰਘ ਧਨੌਲਾ ਪੀ.ਆਰ.ਓ.,ਸਤਨਾਮ ਸਿੰਘ ਮੱਟੂ ਪ੍ਰੈਸ ਸਕੱਤਰ, ਐਡ-ਵੋਕੇਟ ਨਰਿੰਦਰ ਸ਼ਰਮਾ ਕਾਨੂੰਨੀ ਸਲਾਹਕਾਰ ਵਜੋਂ ਅਗਲੇ ਸਾਲ ਲਈ ਪ੍ਰੀਸ਼ਦ ਲਈ ਸੇਵਾਵਾਂ ਨਿਭਾਉਣਗੇ।

ਇਹਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਭੱਟੀ,ਰਘਵੀਰ ਸਿੰਘ ਮਹਿਮੀ, ਕੈਪਟਨ ਚਮਕੌਰ ਸਿੰਘ ਚਹਿਲ, ਹਰਦੀਪ ਕੌਰ ਜੱਸੋਵਾਲ ਅਤੇ ਸਜਨੀ ਦੇਵੀ ਕਾਰਜਕਰਨੀ ਕਮੇਟੀ ਮੈਂਬਰਾਂ ਵਜੋਂ ਪ੍ਰੀਸ਼ਦ ਲਈ ਨਿਯੁਕਤ ਕੀਤਾ ਗਿਆ ਹੈ। ਤ੍ਰਿਵੈਣੀ ਸਾਹਿਤ ਪ੍ਰੀਸ਼ਦ ਲਈ ਨਵੀਨ ਕਮਲ ਭਾਰਤੀ,ਹਰੀ ਸਿੰਘ ਚਮਕ, ਅੰਮ੍ਰਿਤ ਪਾਲ ਸਿੰਘ ਸ਼ੈਦਾ, ਮੋਹਸਨ ਓਸਵਾਨੀ, ਗੁਰਚਰਨ ਸਿੰਘ ਚੌਹਾਨ, ਡਾ.ਰਵੀ ਭੂਸ਼ਣ, ਐਡਵੋਕੇਟ ਦਲੀਪ ਸਿੰਘ ਵਾਸਨ ਨੂੰ ਸਲਾਹਕਾਰ ਬੋਰਡ ਵਜੋਂ ਨਿਯੁਕਤੀ ਮਿਲੀ ਹੈ।ਤ੍ਰਿਵੈਣੀ ਸਾਹਿਤ ਪ੍ਰੀਸ਼ਦ ਨਵ ਨਿਯੁਕਤ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਆਪਣੀ ਪ੍ਰਧਾਨਗੀ ਅਧੀਨ ਪ੍ਰੀਸ਼ਦ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਭਵਿੱਖ 'ਚ ਵੀ ਇਸਦੀ ਬੇਹਤਰੀ ਲਈ ਯਤਨਸ਼ੀਲ ਸਿਰਤੋੜ ਕੋਸ਼ਿਸ਼ਾਂ ਪ੍ਰਤੀ ਬਚਨਬੱਧਤਾ ਦਾ ਪ੍ਰਗਟਾਵਾ ਕੀਤਾ। ਉਹਨਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਉਹਨਾਂ ਪੰਜਾਬ, ਮਾਂ ਬੋਲੀ ਪੰਜਾਬੀ ਅਤੇ ਪੰਜਾਬੀਅਤ ਤੋਂ ਇਲਾਵਾ ਹਿੰਦੀ ਅਤੇ ਉਰਦੂ ਦੇ ਲੇਖਕਾਂ ਦੇ ਵੀ ਇਸ ਪ੍ਰੀਸ਼ਦ ਨਾਲ ਜੁੜ ਕੇ ਯੋਗਦਾਨ ਪਾਉਣ ਅਤੇ ਸਾਹਿਤ ਪ੍ਰਫੁੱਲਤ ਕਰਨ ਦੀ ਸੋਚ ਨੂੰ ਸਰਾਹਿਆ।ਅਤੇ ਭਵਿੱਖ ਚ ਤਿੰਨੋਂ ਭਾਸ਼ਾਵਾਂ ਨੂੰ ਬਰਾਬਰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।

ਉਹਨਾਂ ਨਵੇਂ ਲੇਖਕਾਂ ਨੂੰ ਸਾਹਿਤ ਪ੍ਰੀਸ਼ਦ ਨਾਲ ਜੋੜਨ ਅਤੇ ਉਤਸਾਹਿਤ ਕਰਨ ਪ੍ਰਤੀ ਵੀ ਆਪਣੀ ਬਚਨਬੱਧਤਾ ਪ੍ਰਗਟ ਕੀਤੀ ਅਤੇ ਮਹੀਨੇ ਦੇ ਆਖੀਰਲੇ ਐਤਵਾਰ ਨੂੰ ਤ੍ਰਿਵੈਣੀ ਸਾਹਿਤ ਪ੍ਰੀਸ਼ਦ ਦੀ ਸਾਹਿਤਕ ਗੋਸ਼ਟੀ ਕਰਵਾਉਣ ਦਾ ਫੈਸਲਾ ਲਿਆ ਗਿਆ।ਇਸ ਸਮੇਂ ਹੋਰਨਾਂ ਤੋਂ ਇਲਾਵਾ ਡਾ. ਇੰ-ਦਰਪਾਲ ਕੌਰ, ਹਰਜੀਤ ਸਿੰਘ ਜਲਾਲਾਬਾਦੀ, ਸਰਦੂਲ ਸਿੰਘ ਭੱਲਾ, ਰਣਜੀਤ ਕੌਰ ਸਵੀ, ਸ਼ਰਨਜੀਤ ਕੌਰ ਪ੍ਰੀਤ, ਚੰਦਰ ਕੁਮਾਰ, ਸੰਜੇ ਦਰਦੀ, ਜਸਵਿੰਦਰ ਸਿੰਘ ਖਾਰਾ, ਉੱਤਮ ਸਿੰਘ ਆਤਿਸ਼, ਗੁਰਪ੍ਰੀਤ ਸਿੰਘ ਢਿੱਲੋਂ, ਅਲੀ ਰਾਜਪੁਰਾ ਸਮੇਤ ਸਾਰੇ ਸਾਹਿਤਕਾਰਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਨਾਲ ਚੰਗਾ ਰੰਗ ਬੰਨਿਆ।ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਦਰਸ਼ਨ ਸਿੰਘ ਆਸਟ, ਨਵਦੀਪ ਸਿੰਘ ਮੁੰਡੀ, ਦਵਿੰਦਰ ਪਟਿਆਲਵੀ ਨੇ ਨਵੀਂ ਚੁਣੀ ਕਾਰਜਕਰਨੀ ਨੂੰ ਵਧਾਈ ਦਿੱਤੀ ਹੈ।

**ਸਤਨਾਮ ਸਿੰਘ ਮੱਟੂ (9779708257)**

# ਸੱਜਣ ਕੁਮਾਰ ਤੋਂ ਬਾਅਦ 1984 ਸਿੱਖ ਕਤਲੇਆਮ ਦੇ ਰਹਿੰਦੇ ਦੋਸ਼ੀਆਂ ਨੂੰ ਵੀ ਸਖਤ ਸਜ਼ਾਵਾਂ ਹੋਣ- ਬਖਸ਼ੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ ਨੇ 1984 ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ ਵਿਚੋਂ ਇਕ ਸੱਜਣ ਕੁਮਾਰ ਨੂੰ 34 ਸਾਲਾਂ ਬਾਅਦ ਸੀਖਾਂ ਪਿੱਛੇ ਭੇਜਣ ਦੇ ਦਿੱਲੀ ਹਾਈਕੋਰਟ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਭਾਰਤ ਸਰਕਾਰ ਖਾਸ ਕਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਵਿਸ਼ੇਸ਼ ਜਾਂਚ ਪੜ੍ਹਤਾਲ ਟੀਮ (ਐਸ. ਆਈ. ਟੀ) ਬਨਾਉਣ ਦੀ ਮੰਗ ਪੂਰਾ ਕਰਦਿਆਂ ਸੀ.ਬੀ. ਆਈ. ਨੂੰ ਇਸ ਮਾਮਲੇ ਵਿਚ ਮੁੜ ਦਖਲ ਅੰਦਾਜੀ ਕਰਕੇ ਕੇਸ ਦੀ ਪੈਰਵਾਈ ਕਰਨ ਦੀ ਮੰਗ ਨੂੰ ਮੰਨਿਆ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੇ ਕਾਂਗਰਸ ਦੇ



ਇਕੱ ਵੱਡੇ ਅਹੁਦੇ ਉਤੇ ਹੁੰਦਿਆਂ ਨਰਸੰਹਾਰ ਨੂੰ ਹੱਲ੍ਹਾਸ਼ੇਰੀ ਦੇਣ ਅਤੇ ਉਗਰੀ ਭੀੜ ਨੂੰ ਉਕਸਾਉਣ ਦਾ ਘੋਰ ਅਪਰਾਧ ਕੀਤਾ ਪਰ ਚਲਾਕੀ ਅਤੇ ਸਿਆਸੀ ਪੈਂਠ ਦੇ ਸਹਾਰੇ 34 ਸਾਲ ਬਚਦਾ ਰਿਹਾ। ਦਿੱਲੀ ਹਾਈਕੋਰਟ ਨੇ ਸਾਰੇ ਕੇਸ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਉਸਨੂੰ ਉਮਰ ਭਰ ਲਈ ਕੇਦ ਦੀ ਸਜ਼ਾ ਸੁਣਾਈ ਹੈ ਜੋ ਕਿ ਪੀੜ੍ਹਤ ਪਰਿਵਾਰਾਂ ਨੂੰ ਥੋੜ੍ਹਾ ਧਰਵਾਸ ਜਰੂਰ ਦੇਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਬਹੁਤ ਸਾਰੇ ਕਮਿਸ਼ਨ ਅਜਿਹੀ ਜਾਂਚ ਦੇ ਵਿਚ ਆਏ ਪਰ ਕਿਤੇ ਨਾ ਕਿਤੇ ਸਬੂਤਾਂ ਦੀ ਮਾਤਰਾ ਨੂੰ ਦਬਾ ਦਿੱਤਾ ਜਾਂਦਾ ਸੀ ਜਿਸ ਕਰਕੇ ਇਹ ਦੋਸ਼ੀ ਸਜ਼ਾ ਹੋਣ ਤੋਂ ਬਚ ਜਾਂਦਾ ਸੀ, ਆਖਿਰ ਨਿਆਂ ਵਿਭਾਗ ਨੇ ਆਪਣਾ ਫਰਜ ਪੂਰਾ ਕਰਦਿਆਂ ਉਦਾਹਰਣ ਸੈਟ ਕੀਤੀ ਹੈ ਜੋ ਕਿ ਸਲਾਹੁਣਯੋਗ ਹੈ। ਭਾਰਤ ਵਸਦੇ ਸਿੱਖ ਅਜੇ ਵੀ ਨਿਆਂ ਪ੍ਰਣਾਲੀ ਪ੍ਰਤੀ ਆਪਣੀ ਵਿਸ਼ਵਾਸ਼ਯੋਗਤਾ ਰੱਖ ਸਕਦੇ ਹਨ ਜੇਕਰ ਅਜਿਹੇ ਹੋਰ ਦੋਸ਼ੀਆਂ ਨੂੰ ਵੀ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਅੰਦਰ ਕੀਤਾ ਜਾਵੇ। 2700 ਤੋਂ ਉਪਰ ਸ਼ਨਾਖਤੀ ਸਿੱਖਾਂ ਨੂੰ ਇਸ ਦੌਰਾਨ ਮਾਰਿਆ ਗਿਆ ਹੈ ਜਦ ਕਿ ਸਜ਼ਾਵਾਂ ਸਿਰਫ ਚੰਦ ਕੁ ਸਿੱਖਾਂ ਦੀ ਮੌਤ ਲਈ ਜਿੰਮੇਵਾਰ ਠਹਿਰਾਏ ਗਏ ਦੋਸ਼ੀਆਂ ਨੂੰ ਹੋਈਆਂ।

# ਮਸੀਹੀ ਭਾਈਚਾਰਾ ਬਸਪਾ ਦੇ ਹੱਕ 'ਚ ਆਉਣਗੇ ਪੰਚਾਇਤੀ ਚੋਣਾਂ 'ਚ ਜਿੱਤ ਪ੍ਰਾਪਤ ਕਰੇਗੀ ਬਸਪਾ

**ਹੁਸਿਆਰਪੁਰ-** ਬਹੁਜਨ ਸਮਾਜ ਪਾਰਟੀ ਹੁਸਿਆਰਪੁਰ ਦੇ ਸਿਟੀ ਕਨਵੀਨਰ ਯੂਥ ਪ੍ਧਾਨ ਅਮਰਜੀਤ ਕੁਮਾਰ ਭੱਟੀ ਨਾਲ ਡਿਵਾਈਨ ਪਾਸਟਰ ਐਸੋਸੀਏਸ਼ਨ ਦੇ ਰਾਸ਼ਟਰੀ ਪ੍ਧਾਨ ਐਡਵੋਕੇਟ ਹਰਦਿਆਲ ਸਿੱਧੂ ਨੇ ਮੁਲਾਕਾਤ ਕਰਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਦਾ ਜੋ ਐਲਾਨ ਕੀਤਾ ਗਿਆ ਹੈ ਉਸ ਵਿੱਚ ਮਸੀਹੀ ਸਮਾਜ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਨਹੀਂ ਰੱਖਿਆ ਗਿਆ। ਦਸੰਬਰ ਦਾ ਮਹੀਨਾ ਮਸੀਹੀ ਲੋਕਾਂ ਲਈ ਖਾਸ ਧਾਰਮਿਕ ਮਹੱਤਵ ਰੱਖਦਾ ਹੈ। ਹੁਣ ਕਿਉਂਕਿ ਬਹੁਜਨ ਸਮਾਜ ਅਤੇ ਮਸੀਹੀ ਸਮਾਜ ਦੇ ਲੋਕ ਇਕ ਹੀ ਹਨ ਇਸ ਲਈ ਸਭ ਨੂੰ ਮਿਲ ਕੇ ਪੰਚਾਇਤੀ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਨਗੇ ਕਿਉਂਕਿ ਇਹ ਲੋਕ ਹੀ ਦੋਹਾਂ ਸਮਾਜਾਂ ਦੀਆਂ ਮੁਸ਼ਕਲਾਂ ਤੋਂ ਜਾਣੂ ਹਨ ਤੇ ਇਨ੍ਹਾਂ ਦਾ ਹੱਲ ਵੀ ਬਸਪਾ ਪਾਰਟੀ



ਹੀ ਕੱਢ ਸਕਦੀ ਹੈ। ਭਾਜਪਾ ਤੇ ਕਾਂਗਰਸ ਸਰਕਾਰਾਂ ਨੇ ਬਹੁਜਨ ਸਮਾਜ ਤੇ ਖਾਸ ਕਰਕੇ ਮਸੀਹੀ ਲੋਕਾਂ ਲਈ ਕੁਝ ਨਹੀਂ ਕੀਤਾ ਤੇ ਨਾ ਹੀ ਸਰਕਾਰਾਂ ਵਿੱਚ ਕੋਈ ਨੁਮਾਇੰਦਗੀ ਦਿੱਤੀ। ਹੋਰ ਤਾਂ ਹੋਰ ਜਦੋਂ ਇਹ ਜਾਣਨ ਲਈ ਡੀ ਸੀ ਹੁਸਿਆਰਪੁਰ ਨੂੰ ਆਰ ਟੀ ਆਈ ਪਾਈ ਤਾਂ ਚਾਰ ਮਹੀਨਿਆਂ ਵਿੱਚ ਵੀ ਕੋਈ ਵੀ ਜਵਾਬ ਦੇਣਾ ਜਰੂਰੀ ਨਹੀਂ ਸਮਝਿਆ ਗਿਆ ਸਿਰਫ਼ ਮੁਕੇਰੀਆਂ ਤਹਿਸੀਲ ਤੋਂ ਜਵਾਬ ਆਇਆ ਹੈ ਕਿ ਸਰਕਾਰ ਨੇ ਬੀਤੇ ਸਮੇਂ ਵਿੱਚ ਕਿਸੇ ਵੀ ਮਸੀਹੀ ਸਮਾਜ ਦੇ ਲੋਕਾਂ ਲਈ ਕਬਰ ਸਥਾਨਾਂ ਲਈ ਥਾਂ ਮੁਹੱਈਆ ਨਹੀਂ ਕਰਵਾਇਆ ਹੋਰ ਕਿਸੇ ਹੁਸਿਆਰਪੁਰ ਦੀ ਤਹਿਸੀਲ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਤੇ ਅਮਰਜੀਤ ਕੁਮਾਰ ਭੱਟੀ ਸਿਟੀ ਕਨਵੀਨਰ ਯੂਥ ਪ੍ਧਾਨ ਬਸਪਾ ਹੁਸਿਆਰਪੁਰ ਨੇ ਮਸੀਹੀ ਭਾਈਚਾਰੇ ਦੇ ਡਿਵਾਈਨ ਪਾਸਟਰ ਐਸੋਸੀਏਸ਼ਨ ਦੇ ਰਾਸ਼ਟਰੀ ਪ੍ਧਾਨ ਹਰਦਿਆਲ ਸਿੱਧੂ ਨੂੰ ਵਿਸ਼ਵਾਸ ਦਿੱਤਾ ਕਿ ਮਸੀਹੀ ਸਮਾਜ ਦੇ ਲੋਕਾਂ ਨਾਲ ਬਹੁਜਨ ਸਮਾਜ ਪਾਰਟੀ ਹਮੇਸ਼ਾ ਖੜ੍ਹੀ ਰਹੇਗੀ ਤੇ ਭਾਜਪਾ ਤੇ ਕਾਂਗਰਸ ਨੇ ਮਸੀਹੀ ਭਾਈਚਾਰਾ ਤੇ ਦਲਿਤ ਸਮਾਜ ਲੋਕਾਂ ਦੀਆਂ ਵੋਟਾਂ ਲੈ ਕੇ ਦੋਵਾਂ ਸਮਾਜ ਦਾ ਕੁਝ ਨਹੀਂ ਸੋਚਿਆ। ਮਸੀਹੀ ਸਮਾਜ ਨੂੰ ਚਾਹੀਦਾ ਕਿ ਜੋ ਪਾਰਟੀਆਂ ਮਸੀਹੀ ਸਮਾਜ ਦੇ ਹੱਕਾਂ ਵਾਰੇ ਨਹੀਂ ਸੋਚ ਸਕਦੀ ਉਨ੍ਹਾਂ ਨੂੰ ਵੋਟ ਨਾ ਪਾਈ ਜਾਵੇ ਅਤੇ ਬਸਪਾ ਪਾਰਟੀ ਹਮੇਸ਼ਾ ਮਸੀਹੀ ਭਾਈਚਾਰੇ ਨਾਲ ਖੜ੍ਹੀ ਹੈ ਬਸਪਾ ਇਕ ਗਰੀਬਾਂ ਦੀ ਪਾਰਟੀ ਹੈ ਤੇ ਗਰੀਬਾਂ ਦੇ ਹੱਕਾਂ ਲਈ ਹਮੇਸ਼ਾ ਆਵਾਜ਼ ਬੁਲੰਦ ਕਰਦੀ ਹੈ। ਇਸ ਮੇਕੇ ਤੇ ਐਡਵੋਕੇਟ ਹਰਦਿਆਲ ਸਿੱਧੂ ਨੇ ਵਿਸ਼ਵਾਸ ਦਿੱਤਾ ਕਿ ਮਸੀਹੀ ਭਾਈਚਾਰਾ ਬਸਪਾ ਦੇ ਉਮੀਦਵਾਰ ਨੂੰ ਵੱਢੇ ਫਰਕ ਨਾਲ ਜਿਤਾਉਣਗੇ ਭਾਵੇ ਉਹ ਅਜ਼ਾਦ ਉਮੀਦਵਾਰ ਹੀ ਕਿਉ ਨਾ ਖੜ੍ਹੇ ਕੀਤੇ ਹੋਣ।

# Question: "Why do we celebrate Christmas?"




**Answer:** Christians the world over celebrate Christmas in honor of the birth of Jesus Christ in Bethlehem. Various Christmas traditions have been associated with the celebration of Christmas, and different cultures celebrate different ways. The unifying factor is the historical fact that Jesus was born, c. 5 BC. The angel who appeared to the shepherds the night of Jesus' birth said, "I bring you good news that will cause great joy for all the people. Today in the town of David a Savior has been born to you; he is the Messiah, the Lord" (Luke 2:10–11).

We celebrate Christmas because, as the angel said, the birth of Jesus Christ is "good news." Good news is meant to be celebrated. In fact, the angel said the news of Jesus' birth would cause "great joy" and would be "for all the people"—the joyful celebration would be universal. People around the globe would be glad for this occasion.

We celebrate Christmas because, as the angel said, "A Savior has been born to you; he is the Messiah, the Lord." The three titles the angel applies to Jesus are important. Jesus is the Savior who delivers us from sin and death (Matthew 1:21). He is the human Messiah (or Christ) who fulfills the Law and the Prophets, showing that God is faithful (see Matthew 5:17). And He is the divine Lord who has entered our world: the Almighty has taken on human flesh; God and man have been fused together in an indivisible, eternal bond; God is truly with us (see Matthew 1:23).

In celebrating Christmas, we celebrate the Savior, because we needed deliverance. We celebrate the Christ in whom all of God's promises are "Yes" and "Amen" (2 Corinthians 1:20). We celebrate the Lord who in humility took on "the very nature of a servant" for our sakes (see Philippians 2:6–8).

We celebrate Christmas with gift-giving because of the "indescribable gift" that God gave to us (2 Corinthians 9:15). We celebrate Christmas by stringing lights because the Light of the world has come to us (John 1:4; Isaiah 9:2). We celebrate Christmas with carols and choirs because they are expressive of joy and follow the examples of Mary and Zacharias and Simeon and the angels, all of whom extoled the Lord in poetry (Luke 1–2). We celebrate Christmas by decorating evergreen trees with stars and angels and tinsel because of the eternal life Jesus brings (John 4:14)—and stars and angels and beauty were all associated with Jesus' birth.

In celebrating Christmas we celebrate the love and condescension of God. In Texas in 1987, a toddler by the name of Jessica McClure fell into an eight-inch well casing. Down she went, becoming stuck twenty-two feet below ground. Once people discovered that "Baby Jessica" was in the well, they took immediate action. They didn't tell her to find a way to climb back up, and they didn't just shout happy thoughts to encourage her. No, they went down to where she was and got her. They did whatever it took. Rescuers worked nonstop for fifty-eight hours to free her.

In the Garden of Eden, Adam and Eve fell. Down they went, dragging all humanity with them into the darkness and death of sin. And what did God do? He did not tell us to find our own way out of the mess we were in, and He did more than shout down happy thoughts to us from heaven. No, He came down to where we were and got us. That's what Christmas is all about—God's coming down to rescue us, to do whatever it took to deliver us from sure death.

When even one person is in a life-threatening situation, we understand what has to be done. When God looked down at our sinful planet, He saw a whole world of people in mortal danger. We celebrate Christmas because it was at Christmastime that the Rescuer of all mankind came to save us from the hopeless situation we were in. God did not stay in heaven; He came down to where we are.

# ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਨਿਊਯਾਰਕ ਨੇ ਡਾ ਅੰਬੇਦਕਰ ਦਾ 63ਵਾਂ ਪ੍ਰੀ ਨਿਰਵਾਣ ਦਿਵਸ ਮਨਾਇਆ

**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 15 ਦਿਸੰਬਰ ਦਿਨ ਸ਼ਨਿਸ਼ਰਵਾਰ ਨੂੰ ਬਹੁਜਨ ਸਮਾਜ ਪਾਰਟੀ ਸਮੱਰਥਕ ਯੂਨਿਟ ਨਿਊਯਾਰਕ ਵਲੋਂ ਵਿਸ਼ਵ ਰਤਨ ਬਾਬਾ ਸਾਹਿਬ ਭੀਮ ਰਾਓ ਡਾਂ ਅੰਬੇਦਕਰ ਜੀ ਦਾ 63ਵਾਂ ਪ੍ਰੀ ਨਿਰਵਾਣ ਦਿਵਸ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਨ੍ਹਾਇਆ । ਬਸਪਾ ਸਮੱਰਥਕ ਯੂਨਿਟ ਦਾ ਇਹ ਪਹਲਿਾਂ ਪ੍ਰੋਗਰਾਮ ਸੀ ਜਿਸਦਾ ਨਿਊਯਾਰਕ ਵਾਸੀਆਂ ਵਲੋਂ ਭਰਵੀ ਹਾਜ਼ਰੀ 'ਚ ਸ਼ਿਰਕਤ ਕਰਕੇ ਖੁਸ਼ਆਮਦੀਦ ਕਿਹਾ। ਯੂਨਿਟ ਮੈਂਬਰਾਂ ਵਲੋਂ ਦਿੱਤੇ ਬੇਝਿਜਕ ਤੇ ਖੁਲੇ ਸੱਦੇ ਨੂੰ ਹਰ ਸਭਾ ਸੁਸਾਇਟੀ ਤੇ ਬਾਬਾ ਸਾਹਿਬ ਨੂੰ ਮੰਨਣ ਵਾਲਿਆ ਨੇ ਖਿੜੇ ਮੱਥੇ ਪ੍ਰਵਾਨ ਹੀ ਨਹੀ ਕੀਤਾ ਸਗੋਂ ਭਰਵੀਂ ਸ਼ਮੂਲੀਅਤ ਵੀ ਕੀਤੀ। ਵੱਖ ਵੱਖ ਸਭਾਵਾਂ ਤੋਂ ਆਏ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰਾਂ ਰਾਹੀ ਬਾਬਾ ਸਾਹਿਬ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਸਾਬਕਾ ਸਕੱਤਰ ਬਸਪਾ ਪੰਜਾਬ ਹਰਮੇਸ਼ ਭਾਰਸਿੰਘਪੁਰੀ ਨੇ ਕਿਹਾ ਕਿ ਬਸਪਾ ਨੂੰ ਕਾਮਯਾਬ ਬਣਾਉਣ ਲਈ ਵਿਦੇਸ਼ੀ ਵੱਡਾ ਰੋਲ ਅਦਾ ਕਰ ਸਕਦੇ ਹਨ ਅਗਰ ਜੇ ਅਸੀ ਭਾਰਤ ਵਿੱਚ ਵੱਸਦੇ ਆਪਣੇ ਸਕੇ ਸੰਬੰਧੀਆਂ ਨੂੰ ਕਹੀਏ ਕਿ ਇੱਕ ਵਾਰ ਇਮਾਨਦਾਰੀ ਨਾਲ ਬਸਪਾ ਨੂੰ ਵੋਟ ਪਾ ਕੇ ਦੇਖਣ ਕਿ ਬਸਪਾ ਰਾਜ ਕਿਹੋ ਜਿਹਾ ਹੈ । ਉਹਨਾਂ ਇਹ ਵੀ ਕਿਹਾ ਕਿ ਕਿਸੇ ਵੀ ਉਮੀਦਵਾਰ ਨੂੰ ਕੋਈ ਪੈਸਾ ਭੇਜਣ ਦੀ ਲੋੜ ਨਹੀ ਸਗੋਂ ਵੋਟਾਂ ਨਾਲ ਮੱਦਦ ਕਰੋ ।ਇੰਡੋ ਅਮੈਰਿਕਨ ਹੈਰੀਟੇਜ਼ ਫਾਉਡੇਸ਼ਨ ਆਫ ਨਿਊਯਾਰਕ ਦੇ ਪ੍ਰਧਾਨ ਮਨਮੋਹਨ ਸਿੰਘ ਪੂਨੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾਂ ਕਿ ਬਾਬਾ ਸਾਹਿਬ ਦੇ ਮਿਸ਼ਨ ਨੂੰ ਜਾਨਣ ਲਈ ਸਾਨੂੰ ਬਾਬਾ ਸਾਹਿਬ ਨੂੰ ਪੜਨਾ ਪਵੇਗਾ, ਉਹਨਾਂ ਨੇ ਬਾਬਾ ਸਾਹਿਬ ਦੀਆਂ ਲਿਖੀਆਂ ਕੁਟੇਸ਼ਨਾਂ 'ਪੜੋ ਲਿਖੋ, ਜੁੜੋ ਤੇ ਸੰਘਰਸ਼ ਕਰੋ' ਨੂੰ ਬਾਖੂਬੀ ਬਿਆਨਦਿਆ ਕਿਹਾਂ ਕਿ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਮੈਂ ਐਨੇ ਵੱਡੇ ਫਿਲਾਸਰ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹਾਂ। ਲੇਖਕ ਬਲਵਿੰਦਰ ਭੌਰਾ ਨੇ ਸਮਾਜ ਪ੍ਰਤੀ ਏਕੇ ਦਾ ਸੰਦੇਸ਼ ਦਿੰਦੀ ਆਪਣੀ ਹੱਥ ਲਿਖਤ ਰਚਨਾ ਸਾਂਝੀ



ਕੀਤੀ, ਹੋਰਨਾਂ ਤੋਂ ਇਲਾਵਾਂ ਕੁਲਵਿੰਦਰ ਸਿੰਘ ਮਹੇ' ਓਕਾਰ ਸਿੰਘ ਡੁਮੇਲੀ ਨਾਮਧਾਰੀ ਸ਼ਕਤੀ ਆਫ਼ ਨਿਊਯਾਰਕ' ਗੁਰਦਿਆਲ ਸਿੰਘ ਚੇਅਰਮੈਨ ਬਸਪਾ ਸਮਰਥਕ ਯੂਨਿਟ ਨਿਊਯਾਰਕ' ਸੰਤੋਖ ਬੰਗਾ' ਪਰਮਜੀਤ ਸੀਤਾ ਡਾਂ ਅੰਬੇਦਕਰ ਵੈਲਫੇਅਰ ਸੁਸ-ਾਇਟੀ ਨਿਊਯਾਰਕ , ਕਿਰਪਾਲ ਸਿੰਘ ਡੱਲੀ ਕੈਸ਼ੀਅਰ ਬਸਪਾ ਯੂਨਿਟ, ਰਾਮ ਸਰੂਪ ਬੰਗੜ ਇੰਨਚਾਰਚ ਬਸਪਾ ਯੂਨਿਟ, ਅਸ਼ਵਨੀ ਕੁਮਾਰ ਮੀਤ ਪ੍ਰਧਾਨ ਬਸਪਾ ਯੂਨਿਟ, ਸੁਰਮੀਤ ਸਹੋਤਾ ਮੀਤ ਪ੍ਰਧਾਨ ਬਸਪਾ ਯੂਨਿਟ, ਮੱਖਣ ਸਿੰਘ ਲੋਟੀਆ ਪ੍ਰਧਾਨ ਮਹਾਂਰਿਸ਼ੀ ਬਾਲਮੀਕ ਸੁਸਾਇਟੀ ਨਿਊਯਾਰਕ , ਡਾ ਬੱਚਚੂ ਲਾਲ ਸਾਇੰਟੈਸਟ ਜੋਹਨ ਹੌਪਕਿਨ ਯੂਨੀਵਰਸਿਟੀ ਬਲਟੀਮੋਰ,ਡਾਂ ਰਾਜੂ ਚਾਰਲਸ ਸਾਇੰਟੇਸਟ ਜੋਹਨ ਹੌਪਕਿਨ ਯੂਨੀਵਰਸਿਟੀ ਬਲਟੀਮੋਰ, ਅਨਿਲ ਕੁਮਾਰ, ਪ੍ਰੋ ਯਮਨਾ ਦਾਸ, ਡਾ ਸਤੀ ਨਾਥ, ਰਾਮ ਬਾਬੂ ਗੌਤਮ ਪ੍ਰਧਾਨ ਡਾਂ ਅੰਬੇਦਕਰ ਲਿਟਰੇਰੀ ਵਿਯਨ ਨਿਊਜਰਸੀ, ਵਿਜੇ ਪ੍ਰਕਾਸ਼ ਘੇੜਾ ਜੁਆਂਇੰਟ ਕੈਸ਼ੀਅਰ ਬਸਪਾ ਯੂਨਿਟ, ਮਿਸ਼ਨਰੀ ਜੇ. ਪੀ. ਆਰ ਬੰਗਾ, ਕੁਲਵਿੰਦਰ ਸਿੰਘ ਭੂਖੜੀ, ਸਵਰਨ ਸਿੰਘ ਨਾਮਧਾਰੀ ਸ਼ਕਤੀ ਸੁਸਾਇਟੀ ਆਦਿ ਬੁਲਾਰਿਆਂ ਨੇ ਆਪਣੇ ਵਿਚਾਰਾਂ ਰਾਹੀ ਬਾਬਾ ਸਾਹਿਬ ਨੂੰ ਸ਼ਰਧਾਂ ਦੇ ਫੁੱਲ ਭੇਟ ਕੀਤੇ । ਜਿਹਨਾਂ ਸਭਾ ਸੁਸਾਇਟੀਆਂ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ ਉਹਨਾਂ 'ਚ ਏ. ਆਰ ਹਿਲਪਿੰਗ ਹੈਂਡ ਸਪੀਡੋ ਤੇ ਨਿਰੰਕਾਰੀ ਸੰਗਤ ਆਦਿ ਦੇ ਨਾਮ ਵਰਨਣਯੋਗ ਹਨ। ਇਸ ਸਮਾਗਮ ਵਿੱਚ ਕਨੇਡਾ, ਓਹਾਇਓ, ਇਡੀਆਨਾ, ਵੈਸਟ ਵਰਜਨੀਆਂ, ਵਾਸ਼ਿੰਗਟਨ ਡੀ. ਸੀ, ਕੁਨੇਟੀਕਟ, ਪੇਨਸਲਵੇਨੀਆਂ ਤੇ ਨਿਊਜਰਸੀ ਤੋ ਬਾਬਾ ਸਾਹਿਬ ਨੂੰ ਮੰਨਣ ਵਾਲਿਆ ਨੇ ਸ਼ਿਰਕਤ ਕੀਤੀ। ਅੰਤ ਵਿੱਚ ਯੂਨਿਟ ਇੰਚਾਰਜ ਪਰਮਜੀਤ ਸਿੰਘ ਨੇ ਸਭਦਾ ਧੰਨਵਾਦ ਕੀਤਾ। ਸਟੇਜ ਦੀ ਜ਼ਿਮੇਵਾਰੀ ਸਕਤਰ ਹਰਜਿੰਦਰ ਕੁਮਾਰ ਨੇ ਬਾਖੂਬੀ ਨਿਭਾਈ।


## SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

**Programs at Sri Guru Ravidass Temple Pittsburg in November/December 2018**

**December 23, 2018**
**Shaheedi Divas of Guru Gobind Singh Ji's Sahibzadey**

Sukhmani Sahib Path and Langar will be hosted by Gurughar on the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.



**December 30, 2018**
**Sukhmani Sahib Path and Langar Sewa by Gurughar***

**December 31, 2018**
**Rain Sabai New Year's celebrations**

We are celebrating New Year's Eve at Gurughar in welcoming the 2019. Sukhmani Sahib Path and Langar Sewa will be hosted by Sangat. Let us start the New Year with a prayer for love, happiness and prosperity of our Sangat. Jathas of Giani Gurnam Singh/ Ompal Singh will do the Shabad Kirtan. The entire Sangat is requested to participate whole heartedly.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# ਐੱਸਸੀ ਬੀਸੀ. ਗਜ਼ਟਿਡ ਅਤੇ ਨਾਨ ਗਜ਼ਟਿਡ ਯੂਨੀਅਨ ਵਲੋਂ ਰੋਸ ਧਰਨਾ






**ਹੁਸ਼ਿਆਰਪੁਰ (ਬਿਊਰੋ)–** ਐੱਸ.ਸੀ ਬੀ.ਸੀ. ਗਜ਼ਟਿਡ ਅਤੇ ਨਾਨ ਗਜ਼ਟਿਡ ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਵਲੋਂ ਸੂਬਾ ਚੇਅਰਮੈਨ ਸ. ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਸੂਬਾ ਕਮੇਟੀ ਵਲੋਂ ਲਏ ਫੈਸਲੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਮਿੰਨੀ ਸੈਕਟਰੀਏਟ ਹੁਸ਼ਿਆਰਪੁਰ ਵਿਚ ਪੰਜਾਬ ਸਰਕਾਰ ਵਿਰੁਧ ਰੋਸ ਧਰਨਾ ਦਿੱਤਾ ਗਿਆ। ਇਸ ਰੋਸ ਧਰਨੇ ਵਿਚ ਸੂਬਾ ਪ੍ਰਧਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਸ਼੍ਰੀ ਬਲਰਾਜ ਕੁਮਾਰ, ਕੁਲਵਿੰਦਰ ਸਿੰਘ ਬੋਦਲ, ਡਾ. ਜਸਵੰਤ ਰਾਏ, ਲੈਕ ਬਲਜੀਤ ਸਿੰਘ, ਲੈਕ. ਬਲਦੇਵ ਸਿੰਘ ਧੁੱਗਾ, ਜਰਨੈਲ ਸਿੰਘ ਸੀਕਰੀ, ਯੋਧਾ ਮੱਲ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਛੇਤੀ ਤੋਂ ਛੇਤੀ 10-10-14 ਦਾ ਗੈਰ ਸੰਵਿਧਾਨਕ ਪੱਤਰ ਵਾਪਸ ਲੈਣ, 85ਵੀਂ ਸੋਧ ਸਹੀ ਢੰਗ ਨਾਲ ਲਾਗੂ ਕਰਨ, ਬੈਕ ਲਾਗ ਪੂਰਾ ਕਰਨ, ਬੇਰੁਜ਼ਗਾਰੀ ਭੱਤਾ ਲਾਗੂ ਕਰਨ, ਸਮਾਜ ਭਲਾਈ ਦੀਆਂ ਸਕੀਮਾਂ ਲਾਗੂ ਕਰਨ, ਜਨਸੰਖਿਆ ਅਨੁਸਾਰ ਰਿਜ਼ਰਵੇਸ਼ਨ ਲਾਗੂ ਕਰੇ। ਇਸ ਤੋਂ ਇਲਾਵਾ 10ਵੀਂ ਅਤੇ 12ਵੀਂ ਜਮਾਤ ਦੀਆਂ ਕਰੋੜਾਂ ਰੁਪਏ ਦੀਆਂ ਵਿਦਿਆਰਥੀਆਂ ਤੋਂ ਇਕੱਠੀਆਂ ਕੀਤੀਆਂ ਦਾਖਲਾ ਫੀਸਾਂ ਵਾਪਸ ਕਰੇ। ਸੰਘਰਸ਼ੀ ਸਾਥੀਆਂ ਦੀਆਂ ਬਦਲੀਆਂ ਅਤੇ ਮੁਅੱਤਲੀਆਂ ਤੁਰੰਤ ਰੱਦ ਕੀਤੀਆਂ ਜਾਣ। ਇਸ ਮੌਕੇ ਫੈੱਡਰੇਸ਼ਨ ਵਲੋਂ ਜ਼ਿਲ੍ਹਾ ਵਧੀਕ ਡਿਪਟੀ ਕਮਿਸ਼ਨਰ ਮੈਡਮ ਅਨੁਪਮ ਕਲੇਰ ਰਾਹੀਂ ਮੁਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਦਿੱਤਾ ਗਿਆ।

ਇਸ ਮੌਕੇ ਦੇਸ ਰਾਜ, ਸੁਰਿੰਦਰ ਕੁਮਾਰ ਤਲਵਾੜਾ, ਕਰਨੈਲ ਸਿੰਘ, ਜਸਪਾਲ ਸਿੰਘ, ਹੰਸ ਰਾਜ ਹੰਸ, ਬਲਵਿੰਦਰ ਸਿੰਘ, ਅਮਰਜੀਤ ਸਿੰਘ, ਗੁਲਜਾਰੀ ਲਾਲ, ਲਖਵਿੰਦਰ ਰਾਮ, ਤੇਜਾ ਸਿੰਘ, ਅਮਰਜੀਤ ਸਿੰਘ, ਬਲਦੇਵ ਸਿੰਘ, ਇੰਦਰ ਸੁਖਦੀਪ ਸਿੰਘ, ਪ੍ਰਭਜੋਤ ਸਿੰਘ, ਕਸ਼ਮੀਰ ਸਿੰਘ, ਜਤਿੰਦਰ ਕੁਮਾਰ, ਜਸਵੀਰ ਸਿੰਘ, ਸੁਰਜੀਤ ਸਿੰਘ, ਸ਼ਸ਼ੀ ਕੁਮਾਰ, ਉਂਕਾਰ ਸਿੰਘ, ਰਿੰਕੂ ਭਾਟੀਆ, ਰੇਸ਼ਮ ਸਿੰਘ, ਮਹਿੰਦਰ ਸਿੰਘ, ਸਚਿਨ ਕੁਮਾਰ, ਜਗਤਾਰ ਲਾਲ, ਬਲਵਿੰਦਰ ਸਿੰਘ, ਕੁਲਵੰਤ ਸਿੰਘ, ਸੁਖਵਿੰਦਰ ਸਿੰਘ, ਮੋਹਨ ਲਾਲ, ਬਲਵਿੰਦਰ ਸਿੰਘ ਅਤੇ ਜਥੇਬੰਦੀ ਦੇ ਸੈਕੜੇ ਵਰਕਰ ਹਾਜ਼ਰ ਸਨ। ਰੋਸ ਧਰਨੇ ਦੌਰਾਨ ਸਟੇਜ਼ ਦੀ ਕਾਰਗੁਜ਼ਾਰੀ ਡਾ. ਜਸਵੰਤ ਰਾਏ ਨੇ ਨਿਭਾਈ।

**ਰਿਪੋਰਟ: ਡਾ. ਜਸਵੰਤ ਰਾਏ**
(91-98158-25999)

# ਬਠਿੰਡਾ ਸ਼ਹਿਰ ਤੇ ਨੇੜ ਤੇੜ ਦੇ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਦਾ ਜਮਹੂਰੀ ਅਧਿਕਾਰ ਸਭਾ ਨੇ ਲਿਆ ਸਖ਼ਤ ਨੋਟਿਸ

**ਬਠਿੰਡਾ–** ਪੀਣ ਵਾਲੇ ਪਾਣੀ ਦੀ ਗੰਭੀਰ ਹੁੰਦੀ ਸਮੱਸਿਆ ਬਾਰੇ ਬਠਿੰਡਾ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਦੇ ਲੋਕਾਂ ਦੇ ਨੁਮਾਇੰਦੇ ਅੱਜ ਜਮੂਹਰੀ ਅਧਿਕਾਰ ਸਭਾ ਇਕਾਈ ਬਠਿੰਡਾ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਬਠਿੰਡਾ ਮਿਲੇ ਅਤੇ ਮੰਗ ਪੱਤਰ ਦੇਣ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨਾਲ ਵਿਸਥਾਰ ਵਿੱਚ ਇਸ ਸਮੱਸਿਆ ਤੇ ਬਹਿਸ ਵਿਚਾਰ ਕੀਤਾ। ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ, ਪ੍ਰੈੱਸ ਸਕੱਤਰ ਡਾ ਅਜੀਤਪਾਲ ਸਿੰਘ ਤੇ ਵਿੱਤ ਸਕੱਤਰ ਸੰਤੋਖ ਮੱਲਣ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਹਿਰ ਦੀ ਮੁਰੰਮਤ ਕਰਨ ਸਮੇਂ ਇਲਾਕੇ ਦੀਆਂ ਪਾਣੀ ਦੀਆਂ ਜ਼ਰੂਰਤਾਂ ਨੂੰ ਪ੍ਰਸ਼ਾਸਨ ਨੇ ਪੂਰਾ ਕਰਨ ਦੇ ਪਹਿਲਾਂ ਢੁੱਕਵੇਂ ਬੰਦੋਬਸਤ ਨਹੀਂ ਕੀਤੇ ਅਤੇ ਜਿਸ ਕਰਕੇ ਜਲ ਘਰਾਂ ਵਿੱਚ ਪਾਣੀ ਦੇ ਭੰਡਾਰ ਦੀ ਸਮਰੱਥਾ ਲੰਮੀ ਨਹਿਰੀ ਬੰਦੀ ਦੇ ਮੁਕਾਬਲੇ ਨਿਗੂਣੀ ਸਿੱਧ ਹੋਈ ਹੈ ਅਜਿਹਾ ਹਰ ਛਿਮਾਹੀ ਨਹਿਰੀ ਬੰਦੀਆਂ ਸਮੇਂ ਪਿਛਲੇ ਕਾਫੀ ਲੰਬੇ ਅਰਸੇ ਤੋਂ ਲਗਾਤਾਰ ਸਾਹਮਣੇ ਆ ਰਿਹਾ ਹੈ। ਨਹਿਰੀ ਮਹਿਕਮਾਂ ਤੇ ਮਿਊਸਪਲ ਕਾਰਪੋਰੇਸ਼ਨ ਵੱਲੋਂ ਇਸ ਸਬੰਧੀ ਕੀਤੇ ਠੋਸ ਭਰੋਸੇ ਯੋਗ ਪ੍ਰਬੰਧ ਕਿਧਰੇ ਵੀ ਨਜ਼ਰ ਨਹੀਂ ਆ ਰਹੇ। ਨਹਿਰੀ ਬੰਦੀ ਸਮੇਂ ਨਹਿਰਾਂ ਦਾ ਪਾਣੀ ਭੰਡਾਰ ਕਰਨ ਵਾਲੀਆਂ ਡਿੱਗੀਆਂ ਦੀ ਸਫਾਈ ਕਿਧਰੇ ਵੀ ਨਹੀਂ ਹੋ ਰਹੀ। ਸ਼ਹਿਰ ਵਿੱਚ ਪਾਣੀ ਦਾ ਭੰਡਾਰ ਕਰਨ ਲਈ ਪਾਣੀ ਦੇ ਟੈਂਕ ਪਿਛਲੇ ਕਈ ਸਾਲਾਂ ਤੋਂ ਮੁਰੰਮਤ ਲਈ ਖਾਲੀ ਰੱਖੇ ਪਏ ਹਨ। ਉਨ੍ਹਾਂ ਦੀ ਕੋਈ ਮੁਰੰਮਤ ਵੀ ਨਹੀਂ ਹੋਈ ਅਤੇ ਪਾਣੀ ਦਾ ਭੰਡਾਰ ਵੀ ਨਹੀਂ ਕੀਤਾ ਗਿਆ। ਇਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਪੀਣ ਵਾਲੇ ਪਾਣੀ ਦੀ ਪੂਰਤੀ ਲਈ ਪ੍ਰਸ਼ਾਸਨ ਨੂੰ ਕੋਈ ਸਿਰਦਰਦੀ ਨਹੀਂ ਹੈ।ਨਹਿਰੀ ਪਾਣੀ ਦੀ ਬੰਦੀ ਦਾ ਕੋਈ ਅਰਸਾ ਨਿਰਧਾਰਤ ਕੀਤਾ ਹੀ ਨਹੀਂ ਜਾਂਦਾ ਬਲਕਿ ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਨੂੰ ਅੱਖੋਂ ਪਰੋਖੇ ਕਰਦਿਆਂ ਇਸ ਨੂੰ ਅੱਗੇ ਵਧਾ ਦਿੱਤਾ ਜਾਂਦਾ ਹੈ।ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਲਾਇਨੋ ਪਾਰ ਸ਼ਹਿਰ ਦੀਆਂ ਬਸਤੀਆਂ ਜਿਵੇਂ ਅਮਰਪੁਰਾ, ਸੰਜੇ ਨਗਰ, ਵਰਤਮਾਨ ਕਾਲੋਨੀ, ਜਨਤਾ ਨਗਰ, ਪਰਸ ਰਾਮ, ਨਗਰ, ਲਾਲ ਸਿੰਘ ਬਸਤੀ, ਸੁੱਖਪੀਰ ਰੋਡ, ਮੁਲਤਾਨੀਆ ਰੋਡ ਦੇ ਇਲਾਕਿਆਂ ਵਿੱਚ ਤਾਂ ਸਾਰਾ ਸਾਲ ਹੀ ਪਾਣੀ ਦੀ ਕਿੱਲਤ ਚਲਦੀ ਰਹਿੰਦੀ ਹੈ, ਜੋ ਹੁਣ ਬਹੁਤ ਹੀ ਗੰਭੀਰ ਹੋ ਗਈ ਹੈ। ਪਾਣੀ ਦੀ ਲੋੜ ਪੂਰੀ ਕਰਨ ਵਿਚ ਹੀ ਰੁੱਝੇ ਰਹਿਣ ਕਾਰਨ ਲੋਕਾਂ ਦਾ ਰੁਜ਼ਗਾਰ ਵੀ ਪ੍ਰਭਾਵਤ ਹੋ ਰਿਹਾ ਹੈ। ਪਾਣੀ ਦੀ ਕਿੱਲਤ ਤੇ ਸਮੁੱਚੇ ਹਾਲਾਤ ਦੇ ਮੱਦੇਨਜ਼ਰ ਜਮਹੂਰੀ ਅਧਿਕਾਰ ਸਭਾ ਨੇ ਮੰਗ ਕੀਤੀ-ਕਿਉਂਕਿ ਪਾਣੀ ਸਪਲਾਈ ਕਰਨਾ ਪ੍ਰਸ਼ਾਸਨ ਦਾ ਸੰਵਿਧਾਨਕ ਫ਼ਰਜ਼ ਹੈ ਇਸ ਦੀ ਪੂਰਤੀ ਲਈ ਨਹਿਰੀ ਬੰਦੀ ਤੁਰੰਤ ਖਤਮ ਕੀਤੀ ਜਾਵੇ।ਸ਼ਹਿਰ ਵਿੱਚ ਪਾਣੀ ਦੇ ਟੈਂਕਾਂ ਦੀ ਸਮਰੱਥਾ ਵਧਾਈ ਜਾਵੇ।

ਖੇਤੀ ਲਈ ਪਾਣੀ ਦੀ ਲੋੜ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਲੰਮੀਆਂ ਨਹਿਰੀ ਬੰਦੀਆਂ ਨਾ ਕੀਤੀਆਂ ਜਾਣ। ਵਾਟਰ ਵਰਕਸਾਂ ਦੇ ਪਾਣੀ ਦੇ ਟੈਂਕ ਵਿੱਚੋਂ ਗਾਰ ਕੱਢਣ ਦਾ ਕੰਮ ਫੌਰੀ ਤੌਰ ਤੇ ਕਰਵਾਇਆ ਜਾਵੇ। ਪਾਣੀ ਦੀ ਸਪਲਾਈ ਵਧਾਉਣ ਲਈ ਹੋਰ ਵੱਧ ਗਿਣਤੀ ਵਿੱਚ ਡੂੰਘੇ ਟਿਊਬਵੈੱਲ ਲਾਏ ਜਾਣ। ਜਿੱਥੇ ਟਿਊਬਵੈਲ ਬੰਦ ਪਏ ਹਨ ਜਾਂ ਬੰਦ ਰੱਖੇ ਜਾ ਰਹੇ ਹਨ ਉਨ੍ਹਾਂ ਨੂੰ ਤੁਰੰਤ ਚਾਲੂ ਕੀਤਾ ਜਾਵੇ। ਨਹਿਰ ਤੋਂ ਪਾਣੀ ਦੀ ਸਪਲਾਈ ਦੀ ਮਾਤਰਾ ਆਬਾਦੀ ਦੇ ਹਿਸਾਬ ਨਾਲ ਹੋਰ ਵਧਾਉਣੀ ਚਾਹੀਦੀ ਹੈ। ਅੱਜ ਦੇ ਇਸ ਡੈਪੂਟੇਸ਼ਨ ਵਿੱਚ ਗੁਲਾਬ ਸਿੰਘ,ਤੇਜਾ ਸਿੰਘ ਪ੍ਰੇਮੀ, ਤਰਸੇਮ, ਪੁਸ਼ਪਲਤਾ, ਕਰਤਾਰ ਸਿੰਘ, ਗੁਰਚਰਨ ਖੇਮੋਆਣਾ, ਦਰਬਾਰਾ ਸਿੰਘ, ਸੰਪੂਰਨ ਸਿੰਘ, ਕਰਮ ਸ਼ਿੰਘ,ਤਰਕਸ਼ੀਲ ਸੁਸਾਇਟੀ ਦੇ ਸੁਰਿੰਦਰ ਕੁਮਾਰ, ਰੇਖਾ ਰਾਣੀ, ਐਡਵੋਕੇਟ ਸੰਦੀਪ ਸਿੰਘ ਅਤੇ ਸੁਖਰਾਜ ਕੁਮਾਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਡੈਪੂਟੇਸ਼ਨ ਵਿੱਚ ਸ਼ਾਮਲ ਲੋਕਾਂ ਦੇ ਨੁਮਇੰਦਿਆਂ ਦਾ ਇਹ ਪ੍ਰਭਾਵ ਬਣਿਆ ਕਿ ਪ੍ਰਸ਼ਾਸਨ ਇਸ ਸਮੱਸਿਆ ਦੀ ਗੰਭੀਰਤਾ ਦੇ ਹਿਸਾਬ ਨਾਲ ਕੋਈ ਤਸੱਲੀ ਬਖ਼ਸ਼ ਯੋਜਨਾ ਪੇਸ਼ ਨਹੀਂ ਕਰ ਸਕਿਆ।

ਜਮਹੂਰੀ ਅਧਿਕਾਰ ਸਭਾ ਨੇ ਇਹ ਮਹਿਸੂਸ ਕੀਤਾ ਕਿ ਇਸ ਸਮੱਸਿਆ ਦੇ ਪੱਕੇ ਹੱਲ ਲਈ ਲੋਕਾਂ ਨੂੰ ਆਪਣੀ ਪੱਧਰ ਤੇ ਹੋਰ ਉਪਰਾਲੇ ਕਰਨੇ ਪੈਣਗੇ।

**ਜਾਰੀ ਕਰਤਾ– ਡਾ ਅਜੀਤਪਾਲ ਸਿੰਘ**

# ਨਾਮਵਰ ਨਾਟਕਕਾਰ ਡਾ. ਸਵਰਾਜਬੀਰ ਦਾ ਦੇਸ਼ ਭਗਤ ਯਾਦਗਾਰ ਹਾਲ 'ਚ ਸਵਾਗਤ

**ਜਲੰਧਰ–** ਲੋਕਾਂ ਦੇ ਮਹਿਬੂਬ ਨਾਟਕਕਾਰ, ਲੋਕ-ਕਵੀ, ਨਾਮਵਰ ਚਿੰਤਕ, ਲੇਖਕ ਅਤੇ ਲੋਕ-ਹਿਤੈਸ਼ੀ ਵਿਦਵਾਨ ਡਾ. ਸਵਰਾਜਬੀਰ ਅੱਜ ਦੇਸ਼ ਭਗਤ ਯਾਦਗਾਰ ਹਾਲ ਦਾ ਅਜਾਇਬ ਘਰ, ਲਾਇਬਰੇਰੀ ਅਤੇ ਰੰਗਮੰਚ ਹਾਲ ਵੇਖਣ ਲਈ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢਕੇ ਪੁੱਜੇ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ, ਚਰੰਜੀ ਲਾਲ ਕੰਗਣੀਵਾਲ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫ਼ੋਂ ਡਾ. ਸਵਰਾਜਬੀਰ ਅਤੇ ਉਹਨਾਂ ਦੇ ਨਾਲ ਆਏ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੂੰ ਪੁਸਤਕਾਂ ਦੇ ਸੈੱਟ ਨਾਲ ਸਨਮਾਨ ਕੀਤਾ। ਡਾ. ਸਵਰਾਜਬੀਰ ਨੇ ਇਤਿਹਾਸਕ ਪੜਾਵਾਂ, ਲਹਿਰਾਂ ਦੀ ਸਿਲਸਿਲੇਵਾਰ ਲੜੀ ਦਾ ਗਹੁ ਨਾਲ ਨਿਰੀਖਣ ਕਰਦਿਆਂ ਲਾਇਬਰੇਰੀ ਅਤੇ ਮਿਊਜ਼ੀਅਮ ਦੇ ਕੰਮ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਉਹਨਾਂ ਨਾਲ ਕਮੇਟੀ ਦੀਆਂ ਸਰਗਰਮੀਆਂ ਬਾਰੇ ਗੱਲਬਾਤ ਕਰਦਿਆਂ ਸਾਹਿਤਕ, ਇਤਿਹਾਸਕ, ਸਭਿਆਚਾਰਕ ਅਤੇ ਸਾਹਿਤ ਪ੍ਰਕਾਸ਼ਨਾਵਾਂ ਬਾਰੇ ਗੱਲਬਾਤ ਕਰਦਿਆਂ ਕਮੇਟੀ ਨੇ ਇਹ ਵੀ ਦੱਸਿਆ ਕਿ ਚੜ੍ਹਦੇ ਵਰ੍ਹੇ ਕਮੇਟੀ ਜੱਲ੍ਹਿਆਂਵਾਲਾ ਬਾਗ਼ ਖ਼ੂਨੀ ਕਾਂਡ ਦੀ ਪਹਿਲੀ ਸ਼ਤਾਬਦੀ ਜੋ ਪੂਰਾ ਵਰ੍ਹਾਂ ਚੱਲੇਗੀ ਅਤੇ ਸਾਲ ਭਰ ਵੰਨ-ਸੁਵੰਨੀਆਂ ਸਰਗਰਮੀਆਂ ਚੱਲਣਗੀਆਂ।

# ਵੰਡ ਦੇ ਵਕਤ ਹੀ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨ ਕਰ ਦੇਣਾ ਚਾਹੀਦਾ ਸੀ- ਮੇਘਾਲਿਆ ਹਾਈਕੋਰਟ

**ਸ਼ਿਲਾਂਗ–** ਮੇਘਾਲਿਆ ਹਾਈਕੋਰਟ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਕਾਨੂੰਨ ਮੰਤਰੀ ਅਤੇ ਸੰਸਦ ਨੂੰ ਅਜਿਹਾ ਕਾਨੂੰਨ ਲਿਆਉਣ ਦੀ ਸਿਫਾਰਿਸ਼ ਕੀਤੀ ਹੈ, ਜਿਸ ਨਾਲ



ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਤੋਂ ਆਉਣ ਵਾਲੇ ਹਿੰਦੂ, ਜੈਨ, ਸਿੱਖ, ਬੋਧੀ, ਇਸਾਈ, ਪਾਰਸੀ, ਜਯਤੀਆ, ਖਾਸੀ ਅਤੇ ਗਾਰੋ ਲੋਕਾਂ ਨੂੰ ਬਿਨਾਂ ਕਿਸੇ ਸਵਾਲ ਜਾਂ ਦਸਤਾਵੇਜ਼ ਦੇ ਦੇਸ਼ ਦੀ ਨਾਗਰਿਕਤਾ ਮਿਲ ਸਕੇ। ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਦੇਸ਼ ਦੀ ਵੰਡ ਹੀ ਧਰਮ ਦੇ ਆਧਾਰ ਤੇ ਹੋਇ ਸੀ। ਪਾਕਿਸਤਾਨ ਨੇ ਖੁਦ ਨੂੰ ਇਸਲਾਮਿਕ ਦੇਸ਼ ਐਲਾਨ ਕਰ ਦਿੱਤਾ ਸੀ। ਅਜਿਹੇ ਵਿਚ ਉਸੇ ਵਕਤ ਭਾਰਤ ਨੂੰ ਵੀ ਹਿੰਦੂ ਰਾਸ਼ਟਰ ਐਲਾਨ ਕਰ ਦੇਣਾ ਚਾਹੀਦਾ ਸੀ ਪਰ ਇਸਨੂੰ ਧਰਮ ਨਿਰਪੱਖ ਬਣਾਈ ਰੱਖਿਆ ਗਿਆ।

ਕੋਰਟ ਨੇ ਇਹ ਸਿਫਾਰਸ਼ ਅਮਨ ਰਾਣਾ ਨਾਮੀ ਵਿਅਕਤੀ ਦੀ ਰਿੱਟ ਦੀ ਸੁਣਵਾਈ ਦੇ ਦੌਰਾਨ ਕੀਤੀ, ਜਿਸ ਵਿਚ ਉਸਨੇ ਰਿਹਾਇਸ਼ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਸਟਿਸ ਐਸ. ਆਰ. ਸੇਨ ਨੇ ਆਪਣੇ 37 ਪੇਜ ਦੇ ਫੈਸਲੇ ਵਿਚ ਕਿਹਾ ਕਿ ਇਹਨਾਂ ਤਿੰਨਾਂ ਪੜੌਸੀ ਦੇਸ਼ਾਂ ਵਿਚ ਉਪਰੋਕਤ ਲੋਕ ਅੱਜ ਵੀ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਹਨਾਂ ਨੂੰ ਸਮਾਜਿਕ ਸਨਮਾਨ ਵੀ ਨਹੀਂ ਮਿਲ ਰਿਹਾ। ਕੋਰਟ ਨੇ ਕਿਹਾ ਕਿ ਇਹਨਾਂ ਲੋਕਾਂ ਨੂੰ ਕਦੀ ਵੀ ਦੇਸ਼ ਵਿਚ ਆਉਣ ਦੀ ਆਗਿਆ ਦਿੱਤੀ ਜਾਵੇ। ਸਰਕਾਰ ਇਹਨਾਂ ਦਾ ਪੁਨਰ ਵਸੇਬਾ ਕਰ ਸਕਦੀ ਹੈ ਅਤੇ ਭਾਰਤ ਦਾ ਨਾਗਰਿਕ ਐਲਾਨ ਕਰ ਸਕਦੀ ਹੈ।

# ਪੁਰਾਣੇ ਸਭਿਆਚਾਰ ਨੂੰ ਸੰਬੋਧਨ ; ਧੰਨ ਨੇ ਮਾਪੇ ਅਤੇ ਧੰਨ ਨੇ ਧੀਆਂ

ਔਰਤ ਸਦੀਆਂ ਤੋਂ ਹੀ ਵਿਛੋੜਾ, ਦੁੱਖ-ਦਰਦ ਤੇ ਵਧੀਕੀਆਂ ਦੀ ਸ਼ਿਕਾਰ ਰਹੀ ਹੈ। ਵਰਤਮਾਨ ਸਮੇਂ ਵਿਚ ਵੀ ਇਸਤਰੀ ਦੀ ਕੋਈ ਦਸ਼ਾ ਚੰਗੀ ਨਹੀਂ ਕਿਉਂਕਿ ਅੱਜ ਵੀ ਔਰਤ ਨਾਲ ਵਧੀਕੀਆਂ ਅਤੇ ਬਲਾਤਕਾਰ ਵਰਗੇ ਕੁਕਰਮ ਹੋ ਰਹੇ ਹਨ। ਧੰਨ ਨੇ ਉਹ ਮਾਪੇ ਜਿਹੜੇ ਜਿਗਰ ਦੇ ਟੋਟੇ ਨੂੰ ਵੱਡਾ ਕਰ ਦਿੰਦੇ ਨੇ।

ਧੰਨ ਨੇ ਉਹ ਮਾਪੇ ਜਿਹੜੇ ਚਾਅਵਾਂ, ਮਲ੍ਹਾਰਾਂ, ਸੱਧਰਾਂ ਲਾਡਾਂ ਨਾਲ ਪਾਲ ਪੋਸ ਕੇ ਧੀ ਨੂੰ ਦੂਜਿਆਂ ਦੀ ਝੋਲੀ ਵਿਚ ਪਾ ਦਿੰਦੇ ਨੇ।

ਧੰਨ ਨੇ ਉਹ ਮਾਪੇ ਜਿਹੜੇ ਪਰਿਵਾਰ ਦੇ ਇਕ ਜੀਅ ਦਾ ਵਿਛੋੜਾ ਦਿਲ ਤੇ ਪੱਥਰ ਰੱਖ ਕੇ ਸਹਿ ਲੈਂਦੇ ਨੇ।

ਧੰਨ ਨੇ ਉਹ ਧੀਆਂ ਜਿਹੜੀਆਂ ਪਰਿਵਾਰਕ ਵਿਛੋੜਾ ਸਹਿ ਲੈਂਦੀਆਂ ਨੇ।

ਧੰਨ ਨੇ ਉਹ ਧੀਆਂ ਜਿਹੜੀਆਂ ਆਪਣੇ ਭੈਣ-ਭਰਾਵਾਂ ਨੂੰ ਛੱਡ ਕੇ ਆਪਣੇ ਦਿਓਰਾਂ-ਜੇਠਾਂ ਤੇ ਨਨਾਣਾਂ ਨੂੰ ਭੈਣ-ਭਰਾ ਬਣਾ ਲੈਂਦੀਆਂ ਹਨ। ਧੰਨ ਨੇ ਉਹ ਧੀਆਂ ਜਿਹੜੀਆਂ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਛੱਡ ਕੇ ਆਪਣਾ ਨਵਾਂ ਜੀਵਨ ਆਰੰਭ ਕਰ ਲੈਂਦੀਆਂ ਨੇ।



ਧੰਨ ਨੇ ਉਹ ਧੀਆਂ ਜਿਹੜੀਆਂ ਆਪਣੇ ਪਿੰਡ ਤੇ ਪਿੰਡ ਦੀਆਂ ਗਲੀਆਂ ਵਿਚ ਬਚਪਨ ਗੁਜ਼ਾਰ ਕੇ ਦੂਜੇ ਪਿੰਡ ਤੇ ਦੂਜੇ ਪਿੰਡ ਦੀਆਂ ਗਲੀਆਂ ਨੂੰ ਆਪਣਾ ਬਣਾ ਲੈਂਦੀਆਂ ਹਨ। ਧੰਨ ਨੀ ਤੂੰ ਕੁੜੀਏ ਤ੍ਰਿੰ ਦੀਆਂ ਯਾਦਾਂ ਨੂੰ ਭੁੱਲ ਜਾਣ ਵਾਲੀਏ। ਮਾਪੇ ਧੀ ਨੂੰ ਮਿੰਟ ਵੀ ਪਰ੍ਹੇ ਕਰਕੇ ਨਹੀਂ ਸੀ ਜਾਂਦੇ, ਹੁਣ ਉਹ ਧੀ ਪਰਾਈ ਬਣ ਕੇ ਕਦੀ-ਕਦੀ ਆਇਆ ਕਰੇਗੀ, ਮਹਿਮਾਨ ਬਣ ਕੇ। ਧੰਨ ਨੇ ਉਹ ਮਾਪੇ ਤੇ ਧੀਆਂ ਜਿਹਨਾਂ ਨੂੰ ਪ੍ਰਮਾਤਮਾ ਨੇ ਇਹ ਸਭ ਕੁਝ ਸਹਿਣ ਲਈ ਬਲ ਬਖਸ਼ਿਆ ਹੈ। ਇਕ ਬਹੁਤ ਵੱਡਾ ਜਿਗਰਾ। ਸਿਆਣਿਆਂ ਨੇ ਆਖਿਆ ਏ ਧੀਆਂ ਹੁੰਦੀਆਂ ਨੇ ਬੇਗਾਨਾ ਧੰਨ ਲੋਕੋ।

**– ਮਾਸਟਰ ਨਿਰਮਲ ਸਿੰਘ ਲਾਲੀ**
530-777-0953

# ਵਿਧਾਇਕਾਂ ਦੀ ਤਨਖਾਹ ਵਧਾਉਣ ਤੇ ਮੁੱਖ ਮੰਤਰੀ ਨੂੰ ਭੇਜਿਆ ਇਕ ਵਿਅੰਗਮਈ ਪੱਤਰ

**ਨਵਾਂ ਸ਼ਹਿਰ–** ਹਾਲ ਹੀ ਵਿਚ ਪੰਜਾਬ ਦੇ ਵਿਧਾਇਕਾਂ ਦੀਆਂ ਤਨਖਾਹਾਂ ਵਿਚ ਵਾਧਾ ਕਰਨ ਤੇ ਨਵਾਂ ਸ਼ਹਿਰ ਵਾਸੀ ਪਰਵਿੰਦਰ ਸਿੰਘ ਕਿੱਤਣਾ ਨੇ ਮੁੱਖ ਮੰਤਰੀ ਨੂੰ ਇਕ ਵਿਅੰਗਮਈ ਪੱਤਰ ਭੇਜਿਆ ਹੈ, ਜਿਸ ਵਿਚ ਉਹਨਾਂ ਪੰਜਾਬ ਸਰਕਾਰ ਨੂੰ ਪੈਸੇ ਇਕੱਠੇ ਕਰਕੇ ਦੇਣ ਲਈ ਕਿਹਾ ਹੈ। ਇਸ ਪੱਤਰ ਦੀ ਕਾਪੀ ਅਸੀਂ ਇੰਨ ਬਿੰਨ ਛਾਪ ਰਹੇ ਹਾਂ ਜੀ।



15 ਦਸੰਬਰ 2018

ਸੇਵਾ ਵਿਖੇ

ਕੈਪਟਨ ਅਮਰਿੰਦਰ ਸਿੰਘ,
ਮੁੱਖ ਮੰਤਰੀ ਪੰਜਾਬ,
ਚੰਡੀਗੜ੍ਹ।

ਵਿਸ਼ਾ : ਪੰਜਾਬ ਦੇ ਵਿਧਾਇਕਾਂ ਦੀਆਂ ਤਨਖਾਹਾਂ/ਭੱਤੇ ਵਧਾਉਣ ਦੇ ਪ੍ਰਸਤਾਵ ਦੇ ਮੱਦੇਨਜ਼ਰ ਵਿਧਾਇਕਾਂ ਲਈ 500 ਰੁਪਏ ਦੀ ਆਰਥਿਕ ਸਹਾਇਤਾ।

ਸਤਿਕਾਰਯੋਗ ਮੁੱਖ ਮੰਤਰੀ ਸਾਹਿਬ,

[illegible]

[illegible]

[illegible]

ਧੰਨਵਾਦ ਸਹਿਤ,

ਪਰਵਿੰਦਰ ਸਿੰਘ ਕਿੱਤਣਾ
217 ਕੇ.ਸੀ.ਟਾਵਰ,ਚੰਡੀਗੜ੍ਹ ਰੋਡ,ਨਵਾਂਸ਼ਹਿਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ।
ਮੋਬਾਇਲ :98143-13162

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪੋਹ ਮਹੀਨੇ ਦੀ ਸੰਗ੍ਰਾਂਦਿ ਦਾ ਪਾਵਨ ਦਿਹਾੜਾ ਧੂਮ-ਧਾਮ ਨਾਲ ਮਨਾਇਆ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 16 ਦਸੰਬਰ ਦਿਨ ਐਤਵਾਰ ਨੂੰ ਪੋਹ ਮਹੀਨੇ ਦੀ ਸੰਗ੍ਰਾਂਦਿ ਦਾ ਪਾਵਨ ਦਿਹਾੜਾ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ, ਜਿਸ ਵਿਚ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ੍ਰੀ ਮਥਰਾ ਦਾਸ ਜੀ ਕਲੇਰ, ਬੀਬੀ ਰੇਸ਼ਮ ਕੌਰ ਜੀ ਕਲੇਰ (ਸ੍ਰੀ ਦਿਆਲ ਰਾਮ ਨਰ, ਬੀਬੀ ਅਜੀਤ ਕੌਰ ਜੀ) ਆਪਣੇ ਪਰਿਵਾਰ ਇੰਡੀਆ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ ਗੁਰੂ ਘਰ ਵਿਖੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਹਰਿ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਕ੍ਰਿਸ਼ਨ ਸਿੰਘ ਜੀ ਨੇਪੋਹ ਮਹੀਨੇ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਵੀ ਆਪਣੇ ਵਿਚਾਰ ਸੰਗਤਾਂ ਦੇ ਸਨਮਾਲ ਰੱਖੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਮਥਰਾ ਦਾਸ ਜੀ ਕਲੇਰ ਸਾਰੇ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

******

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੀਵਾਨ ਸਜਾਏ ਗਏ








**ਸੈਕਰਾਮੈਂਟੋ–** ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਿਵਾਨ ਸੰਗਤਾਂ ਵਲੋਂ ਦਸੰਬਰ 16, 2018 ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ (ਸੈਕਰਾਮੈਂਟੋ) ਵਿਖੇ ਸਜਾਏ ਗਏ। ਦਸੰਬਰ 16 ਐਤਵਾਰ ਦੇ ਦੀਵਾਨ ਸਵੇਰੇ 09:30 ਤੋਂ 01:30 ਤੱਕ ਸਜਾਏ ਗਏ ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ ਅਤੇ ਬੁਲਾਰੇ ਰਾਜ ਸੂਦ ਵਲੋਂ ਗੁਰ ਇਤਿਹਾਸ ਵਿਸ਼ੇ ਤੇ ਵਿਚਾਰਾਂ ਗੋਸ਼ਟੀ ਹੋਈ। ਇਨ੍ਹਾਂ ਦਿਵਾਨਾ ਦੀ ਸੇਵਾ ਸਮੂੰਹ ਗੁਰੂਘਰ ਸਾਧ ਸੰਗਤ ਵਲੋਂ ਕੀਤੀ ਗਈ। ਸ੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ ਦੀ ਪ੍ਰਬੰਧਕ ਕਮੇਟੀ ਵਲੋਂ ਸਭ ਸੰਗਤ ਦਾ ਹਾਰਦਿਕ ਧੰਨਵਾਦ ਕੀਤਾ।

### ਗੁਰੂ ਘਰ ਦੇ ਅਗਲੇ ਪ੍ਰੋਗਰਾਮ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਜੀਵਨ ਸਿੰਘ ਜੀ ਅਤੇ ਬਾਬਾ ਸੰਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਿਵਾਨ ਸੰਗਤਾਂ ਵਲੋਂ ਦਸੰਬਰ 23, 2018 ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ (ਸੈਕਰਾਮੈਂਟੋ) ਵਿਖੇ ਸਜਾਏ ਜਾ ਰਹੇ ਹਨ। ਦਸੰਬਰ 23, 2018 ਐਤਵਾਰ ਦੇ ਦੀਵਾਨ ਸਵੇਰੇ 9:30 ਤੋਂ 1:30 ਤੱਕ ਸਜਾਏ ਜਾਣਗੇ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ ਜਾਵੇਗਾ ਅਤੇ ਬੁਲਾਰਿਆਂ ਵਲੋਂ ਗੁਰ ਇਤਿਹਾਸ ਵਿਸ਼ੇ ਤੇ ਵਿਚਾਰ ਗੋਸ਼ਟੀ ਹੋਵੇਗੀ । ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਆਪ ਆਪਣੇ ਪਰਿਵਾਰਾਂ, ਦੋਸਤਾਂ ਅਤੇ ਰਿਸਤੇਦਾਰਾਂ ਸਾਹਿਤ ਦਰਸ਼ਨ ਦੇਣ ਦੀ ਕਿਰਪਾ ਕਰਨੀ ਜੀ।

ਸ. ਗੁਰਮੇਜ ਸਿੰਘ ਗਿੱਲ, ਗੁਰਜੰਟ ਸਿੰਘ ਗਿੱਲ, ਕੁਲਵੰਤ ਸਿੰਘ ਗਿੱਲ, ਸੁਖਵੰਤ ਸਿੰਘ ਗਿੱਲ ਅਤੇ ਸਮੂਹ ਪਰਿਵਾਰ ਵੱਲੋਂ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿਚ ਇਕ ਸ੍ਰੀ ਅਖੰਡ ਪਾਠ ਸਾਹਿਬ ਅਤੇ ਦੂਜਾ ਆਪਣੇ ਪਿਤਾ ਸ. ਬਹਾਦਰ ਸਿੰਘ ਗਿੱਲ ਅਤੇ ਮਾਤਾ ਜਰਨੈਲ ਕੌਰ ਗਿੱਲ ਦੀ ਯਾਦ ਵਿਚ ਕਰਵਾਇਆ ਗਿਆ। ਸਟੇਜ ਦੀ ਸੇਵਾ ਪਰਮਿੰਦਰ ਸਿੰਘ ਗਰੇਵਾਲ ਵੱਲੋਂ ਕੀਤੀ ਗਈ। ਮਨੋਹਰ ਸਿੰਘ ਦੇ ਕੀਰਤਨੀ ਜਥੇ ਨੇ ਰਸ ਭਿੰਨਾ ਕੀਰਤਨ ਕੀਤਾ ਅਤੇ ਹਰਮਨ ਪ੍ਰੀਤ ਸਿੰਘ ਨੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ. ਗੁਰਮੇਜ ਸਿੰਘ ਗਿੱਲ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ।







ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ (ਜਲੰਧਰ) ਦੇ ਬਹੁਤ ਹੀ ਸ਼ਰਧਾਲੂ, ਰਿਟਾਇਰਡ ਇੰਜੀਨੀਅਰ ਸ੍ਰੀ ਮੋਹਨ ਲਾਲ ਸੂਦ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹਿਲੀ ਵਾਰ ਨਤਮਸਤਕ ਹੋਏ, ਜਿੱਥੇ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।




# Madhar and Chahal Families honored by Sri Guru Ravidass Sabha Pittsburg

**Pittsburg-** Akhand Path sewa was done by Bhai Santokh Madhar, Bibi Renu Madhar, Bhai Ajay Chahal and Bibi Babita Chahal. Akhand path started on Friday 12/14/2018 and concluded with Bhog ceremony on Sunday 12/16/2018. Madhar and Chahal families thanked Waheguru ji for the health and happiness of their family. Kirtani Jathas of Bhai Gurnam Singh & Ompal Singh, Bhai Suveg Singh and Bhai Harjinder Singh Rasia delighted Sangat with melodious Shabad Kirtan.

Santokh Madhar and Ajay Chahal are very dedicated SEWADARS. They worked long hours at the temple during remodeling project. Santokh Madhar painted inside of the building and he continues to maintain inside of the Gurughar. He is always working tirelessly in the Gurughar. We often see him removing trash, cleaning bathrooms, fixing drywall and doing other odd jobs. Renu and Babita are in the kitchen helping with the LNAGAR. May Waheguru keep Madhar and Chahal families in Chardi Kala.

**- Report and picture by Ramesh Suman**



# Ramesh Suman's beloved nephew Ashish passed away





Sri Guru Ravidass Sabha Pittsburg's Chairman Mr. Ramesh Suman's nephew Ashish Kumar passed away on December 4, 2018 in Chandigarh India at the young age of 39.

He was very handsome young man with kind heart. He is survived by his mother, wife, sister and two daughters 7 and 9 years old. May God bless his soul. Desh Doaba offers condolences to the Suman family.

# ਟਾਇਰਾ ਬਿਊਨਾ ਗੁਰੂ ਘਰ ਨੇ ਪੰਜਾਬੀ ਸਕੂਲ ਦੇ ਵਲੰਟੀਅਰ ਸਨਮਾਨਿਤ ਕੀਤੇ











**ਯੂਬਾ ਸਿਟੀ–** ਯੂਬਾ ਸਿਟੀ ਦੇ ਟਾਇਰਾ ਬਿਊਨਾ ਗੁਰੂ ਘਰ ਨੇ ਵਲੰਟੀਅਰ ਸਨਮਾਨਿਤ ਕੀਤੇ। ਬੀਤੀ 16 ਦਸੰਬਰ ਦਿਨ ਐਤਵਾਰ ਸ਼ਾਮ ਦੇ ਦੀਵਾਨ ਵਿਚ ਸਕੂਲ ਦੇ ਸਟਾਫ ਜੋ ਕਿ 20 ਹੈ, ਗੁਰੂ ਘਰ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਪਲੈਕ ਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸ਼ਾਮੀ 6 ਵਜੇ ਦੇ ਦੀਵਾਨ ਵਿਚ ਪਹਿਲਾ ਸ਼ਬਦ ਭਾਈ ਮਨੋਹਰ ਸਿੰਘ ਜਥੇ ਨੇ ਗਾਇਆ। ਦੂਜਾ ਇਕ ਸ਼ਬਦ ਬੱਚੀ ਬੇਅੰਤਪ੍ਰੀਤ ਨੇ ਪੜ੍ਹ ਕੇ ਹਾਜ਼ਰੀ ਲਗਵਾਈ।

ਉਸ ਉਪਰੰਤ ਸ਼ਾਮੀ 6.45 ਵਜੇ ਸਟੇਜ ਦੀ ਸੇਵਾ ਸ. ਪਰਮਿੰਦਰ ਸਿੰਘ ਗਰੇਵਾਲ ਨੂੰ ਸੰਭਾਲੀ ਗਈ। ਉਹਨਾਂ ਫਤਿਹ ਬੁਲਾਉਣ ਪਿੱਛੇ ਸਕੂਲਬਾਰੇ ਚਾਨਣਾ ਪਾਇਆ ਕਿ ਬੋਲੀ ਕਿਉਂ ਜ਼ਰੂਰੀ ਹੈ। ਇਕ ਮਾਂ ਜਦੋਂ ਦੂਜੀ ਮਾਂ ਨੂੰ ਗਾਲ ਕੱਢਦੀ ਹੈ ਤਾਂ ਉਹ ਕਹਿੰਦੀ ਹੈ ਕਿ ਤੇਰਾ ਬੱਚਾ, ਮਾਂ ਬੋਲੀ ਭੁੱਲ ਜਾਵੇ। ਗੁਰੂ ਘਰ ਪੰਜਬੀ ਸਕੂਲ ਕਿਉਂ ਜ਼ਰੂਰੀ ਹੈ, ਦੀ ਮਹੱਤਤਾ ਬਾਰੇ ਦੱਸਿਆ ਕਿ ਬਾਹਰ ਵਾਲਾ ਸਕੂਲ ਸਿਰਫ ਦੁਨੀਆਂ ਦੀ ਗੱਲ ਕਰੇਗਾ ਤੇ ਗੁਰੂ ਘਰ ਵਾਲਾ ਸਕੂਲ ਦੀਨ ਦੁਨੀ (ਧਰਮ ਤੇ ਦੁਨੀਆਂ) ਦੀ ਗੱਲ ਕਰੇਗਾ।

ਗੁਰੂ ਘਰ ਦਾ ਪੰਜਾਬੀ ਸਕੂਲ ਗੁਰੂ ਦੀ ਕਿਰਪਾ ਨਾਲ ਵਲੰਟੀਅਰ ਅਣਥੱਕ ਮਿਹਨਤ ਕਰਕੇ ਪੂਰੀ ਕਾਮਯਾਬੀ ਨਾਲ ਚੱਲ ਰਿਹਾ ਹੈ। ਫਿਰ ਉਹਨਾਂ ਇਕੱਲੇ ਇਕੱਲੇ ਸੇਵਾਦਾਰ ਨੂੰ ਸਟੇਜ 'ਤੇ ਬੁਲਾਇਆ ਤੇ ਉਹਨਾਂ ਦਾ ਪੂਰਾ ਪੂਰਾ ਵੇਰਵਾ ਦਿੱਤਾ। ਪਲੈਕ ਦੇਣ ਦੀ ਸੇਵਾ ਪ੍ਰਧਾਨ ਸ. ਬਲਬੀਰ ਸਿੰਘ ਸੋਹਲ ਤੇ ਵਾਈਸ ਪ੍ਰਧਾਨ ਸ. ਬਲਰਾਜ ਸਿੰਘ ਢਿੱਲੋਂ ਨੇ ਕੀਤੀ ਤੇ ਸਿਰੋਪਾਓ ਦੀ ਸੇਵਾ ਭਾਈ ਬਲਜੀਤ ਸਿੰਘ ਤੇ ਭਾਈ ਹਰਮਨਪ੍ਰੀਤ ਸਿੰਘ ਨੇ ਨਿਭਾਈ। ਇਹ ਸਮਾਗਮ ਇਕ ਯਾਦਗਾਰੀ ਹੋ ਨਿੱਬੜਿਆ।

ਸਟੇਜ ਦੀ ਸੇਵਾ ਸ. ਪਰਮਿੰਦਰ ਸਿੰਘ ਗਰੇਵਾਲ ਕਰ ਰਹੇ ਸਨ। ਸਕੂਲ ਸਟਾਫ ਵਿਚੋਂ ਜਸਪ੍ਰੀਤ ਕੌਰ ਜੌਹਲ, ਸੁਖਦੇਵ ਸਿੰਘ ਢਿੱਲੋਂ, ਬੀਬੀ ਮਨਿੰਦਰ ਕੌਰ ਸਮਰਾ, ਬੀਬੀ ਹਰਜੀਤ ਕੌਰ ਸੰਧੂ, ਬੀਬੀ ਰਵਿੰਦਰ ਕੌਰ, ਬੀਬੀ ਤਜਿੰਦਰ ਕੌਰ ਜੌਹਲ, ਬੀਬੀ ਬਕਸੋ ਕੌਰ, ਬੀਬੀ ਬਲਵਿੰਦਰ ਕੌਰ, ਬੀਬੀ ਸ਼ਾਲਿਨੀ ਸੈਣੀ, ਬੀਬੀ ਸਹਿਜਦੀਪ ਕੌਰ, ਬੀਬੀ ਤਰਨਵੀਰ ਕੌਰ, ਬੀਬੀ ਰਮਨਦੀਪ ਕੌਰ, ਬੀਬੀ ਮਨਵੀਰ ਕੌਰ, ਬੀਬੀ ਹਰਜਿੰਦਰ ਕੌਰ, ਬੀਬੀ ਜਸਪ੍ਰੀਤ ਕੌਰ, ਬੀਬੀ ਕਿਰਨਪ੍ਰੀਤ ਕੌਰ, ਸ. ਹਰਬੰਸ ਸਿੰਘ ਢਿੱਲੋਂ, ਭਾਈ ਜੋਗਿੰਦਰ ਸਿੰਘ, ਸ. ਕਸ਼ਮੀਰ ਸਿੰਘ ਝੂਟੀ, ਸ. ਮੇਵਾ ਸਿੰਘ ਬੈਂਸ ਆਦਿ ਹਾਜ਼ਰ ਸਨ।

**ਕੈਲੇਫੋਰਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਮਾਮੇ, ਭੂਆ ਦੇ ਪੁੱਤ ਲਾਈਵ ਓਕ ਸਿਟੀ ਕੌਂਸਲ ਵਿਚ ਸ. ਲਖਵੀਰ ਸਿੰਘ ਘੱਗ ਮੇਅਰ ਅਤੇ ਸ. ਹਰਸੇਵ ਸਿੰਘ ਥਿਆੜਾ ਸਿਟੀ ਕੌਂਸਲ ਚੁਣੇ ਗਏ। ਪੰਜਾਬੀ ਭਾਈਚਾਰੇ ਵੱਲੋਂ ਉਹਨਾਂ ਨੂੰ ਵਧਾਈ ਦੇਣ ਲਈ ਸਿਟੀ ਹਾਲ ਵਿਚ ਇਕੱਠ ਹੋਇਆ। ਸ. ਜਸਵੰਤ ਸਿੰਘ, ਹਰਜਿੰਦਰ ਸਿੰਘ ਬੈਂਸ, ਰੁਪਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਕੰਗ, ਅਵਤਾਰ ਸਿੰਘ ਬੁੱਟਰ ਅਤੇ ਇੰਦਰਜੀਤ ਸਿੰਘ ਰੰਧਾਵਾ ਚੀਫ ਐਡੀਟਰ 'ਖੁਸ਼ਬੋ ਪੰਜਾਬ' ਵੱਲੋਂ ਵਧਾਈ ਦਿੱਤੀ ਗਈ।**













**Matthew 1:21.**
**And she shall bring forth a son, and thou shalt call his name Jesus: for he shall save his people from their sins.**

# Immanuel Masih Outreach Church

## 1520 Rose Avenue, Modesto CA

## We wish you all Merry Christmas

## Chandan Singh 209-242-3642
## Pastor Anthony Johnson 209-551-6018



Pastor Anthony Johnson & Shally Johnson



Chandan Singh & Ranjit Kaur

**Church Service every Sunday 3pm to 5pm**

## Immanuel Masih Outreach Church Modesto CA
## 1520 Rose Avenue, Modesto, CA

# ਕੁਝ ਗਲਤੀਆਂ, ਕੁਝ ਮਜਬੂਰੀਆਂ

ਅਜੈ ਬੋਸ
ਪ੍ਰਮੁੱਖ ਪੱਤਰਕਾਰ

ਹਿੰਦੀ ਬੈਲਟ ਦੇ ਤਿੰਨ ਰਾਜਾਂ ਦੇ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਬਸਪਾ ਸੁਪਰੀਮੋ ਮਾਇਆਵਤੀ ਨੇ ਕਾਂਗਰਸ ਦੇ ਨਾਲ ਗੱਠਜੋੜ ਨਾ ਕਰਕੇ ਭਾਰੀ ਗਲਤੀ ਕੀਤੀ ਸੀ। ਜੇਕਰ ਉਹ ਬਹੁਤ ਜ਼ਿਆਦਾ ਸੀਟਾਂ ਦੀ ਆਪਣੀ ਮੰਗ ਵਿਚ ਕਟੌਤੀ ਕਰਦੀ ਤਾਂ ਤਾਕਤਵਰ ਭਾਜਪਾ ਨੂੰ ਉਸਦੇ ਆਪਣੇ ਹੀ ਗੜ੍ਹਾਂ ਵਿਚ ਹਰਾਉਣ ਦਾ ਜ਼ਿਆਦਾ ਸਿਹਰਾ ਲੈ ਸਕਦੀ ਸੀ। ਜੇਕਰ ਮਾਇਆਵਤੀ ਕਾਂਗਰਸ ਦੇ ਨਾਲ ਜੇਤੂ ਗੱਠਜੋੜ ਵਿਚ ਸ਼ਾਮਲ ਰਹਿੰਦੀ ਤਾਂ ਘੱਟ ਸੀਟਾਂ ਮਿਲਣ ਦੇ ਬਾਵਜੂਦ ਕੌਮੀ ਰਾਜਨੀਤੀ ਵਿਚ ਉਹਨਾਂ ਨੂੰ ਭਾਰੀ ਮਹੱਤਵ ਮਿਲਦਾ ਅਤੇ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਲਈ ਸੀਟਾਂ ਦੀ ਹਿੱਸੇਦਾਰੀ ਵਿਚ ਉਹ ਬਿਹਤਰ ਸੌਦੇਬਾਜ਼ੀ ਕਰ ਸਕਦੀ ਸੀ।



ਮਾਇਆਵਤੀ ਨੂੰ ਸਭ ਤੋਂ ਵੱਡਾ ਝਟਕਾ ਛੱਤੀਸਗੜ੍ਹ ਵਿਚ ਲੱਗਿਆ, ਜਿੱਥੇ ਉਹਨਾਂ ਨੇ ਸਾਬਕਾ ਕਾਂਗਰਸੀ ਨੇਤਾ ਅਤੇ ਮੁੱਖ ਮੰਤਰੀ ਅਜੀਤ ਜੋਗੀ ਦੇ ਨਾਲ ਗੱਠਜੋੜ ਦਾ ਦਾਅ ਖੇਡਿਆ, ਜੋ ਬੁਰੀ ਤਰ੍ਹਾਂ ਅਸਫਲ ਰਿਹਾ। ਕਈ ਸਿਆਸੀ ਪੰਡਤਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਇਸ ਤੋਂ ਜਾਂ ਤਾਂ ਭਾਜਪਾ ਨੂੰ ਆਸਾਨੀ ਨਾਲ ਜਿੱਤ ਮਿਲੇਗੀ ਜਾਂ ਲਟਕਵੀ ਵਿਧਾਨ ਸਭਾ ਬਣੇਗੀ, ਜਿੱਥੇ ਬਸਪਾ ਸੁਪਰੀਮੋ ਅਤੇ ਅਜੀਤ ਜੋਗੀ ਦੀ ਅਗਵਾਈ ਵਿਚ ਤੀਜਾ ਮੋਰਚਾ ਨਿਰਣਾਇਕ ਕਾਰਕ ਦੇ ਰੂਪ ਵਿਚ ਉਭਰੇਗਾ। ਇੱਥੋਂ ਤੱਕ ਕਿ ਕਰਨਾਟਕ ਵਰਗੇ ਹਾਲਾਤ ਦੇ ਅੰਦਾਜ਼ੇ ਲਗਾਏ ਗਏ ਸਨ, ਜਿੱਥੇ ਇਹ ਦੋਵੇਂ ਮਿਲ ਕੇ ਜੋਗੀ ਨੂੰ ਮੁੱਖ ਮੰਤਰੀ ਬਣਾਉਣ ਦੇ ਲਈ ਦੋ ਪ੍ਰਮੁੱਖ ਪਾਰਟੀਆਂ ਵਿਚੋਂ ਕਿਸੇ ਇਕ ਨੂੰ ਉਖਾੜ ਸੁੱਟਣਗੇ। ਇਸ ਪੱਛੜੇ ਜਨਜਾਤੀ ਰਾਜ ਵਿਚ ਕਾਂਗਰਸ ਦੀ ਜਬਰਦਸਤ ਜਿੱਤ ਨੇ ਨਾ ਕੇਵਲ ਭਾਜਪਾ ਨੂੰ ਕੁਚਲ ਦਿੱਤਾ ਹੈ, ਬਲਕਿ ਜੋਗੀ ਦੀ ਅਗਵਾਈ ਵਾਲੇ ਮੋਰਚੇ ਨੂੰ ਕੁਝ ਕੁ ਸੀਟਾਂ ਤੇ ਸੀਮਤ ਕਰਕੇ ਉਸਨੂੰ ਪੂਰੀ ਤਰ੍ਹਾਂ ਪਿੱਛੇ ਧੱਕ ਦਿੱਤਾ ਹੈ। ਅਸਲ ਵਿਚ ਬਸਪਾ ਦਾ ਵੋਟ ਪ੍ਰਤੀਸ਼ਤ 2013 ਦੇ 4.29 ਪ੍ਰਤੀਸ਼ਤ ਤੋਂ ਘੱਟ ਕੇ ਇਸ ਵਾਰ 3.9 ਫੀਸਦੀ ਰਹਿ ਗਿਆ ਹੈ। ਹਾਲਾਂਕਿ ਉਸਦੀਆਂ ਸੀਟਾਂ ਦੀ ਗਿਣਤੀ ਇਕ ਤੋਂ ਵੱਧ ਕੇ 2 ਹੋ ਗਈ ਹੈ। 90 ਵਿਧਾਇਕਾਂ ਵਾਲੀ ਵਿਧਾਨ ਸਭਾ ਵਿਚ ਕਾਂਗਰਸ ਨੂੰ 68 ਸੀਟਾਂ ਮਿਲੀਆਂ, ਜਦਕਿ ਜੋਗੀ ਨੂੰ ਕੇਵਲ ਸੱਤ ਸੀਟਾਂ ਅਤੇ ਭਾਜਪਾ ਨੂੰ ਮੁਸ਼ਕਿਲ ਨਾਲ 15 ਸੀਟਾਂ ਮਿਲੀਆਂ। ਕਾਂਗਰਸ ਨੂੰ ਵਿਧਾਨ ਸਭਾ ਵਿਚ ਸ਼ਾਇਦ ਹੀ ਕੋਈ ਚੁਣੌਤੀ ਮਿਲੇ।

ਹੁਣ ਇਹ ਬਿਲਕੁਲ ਸਪਸ਼ਟ ਹੋ ਗਿਆ ਹੈ ਕਿ ਜਿੰਨਾ ਸੰਭਵ ਹੋਵੇ, ਉਨੀਆਂ ਜ਼ਿਆਦਾ ਸੀਟਾਂ ਹਥਿਆਉਣ ਦੀ ਜਲਦੀ ਵਿਚ ਮਾਇਆਵਤੀ ਨੇ ਜੋਗੀ ਨੂੰ ਸਾਂਝੇਦਾਰ ਦੇ ਰੂਪ ਵਿਚ ਚੁਣ ਕੇ ਗਲਤੀ ਕੀਤੀ।

ਕਾਂਗਰਸ ਤੋਂ ਨਿਕਲੇ ਜੋਗੀ ਨੇ ਮਾਇਆਵਤੀ ਨੂੰ ਤਾਂ 35 ਸੀਟਾਂ ਦਿੱਤੀਆਂ, ਪਰ ਅਸਲ ਵਿਚ ਉਹਨਾਂ ਨੇ ਪੱਛੜੀਆਂ ਜਾਤੀਆਂ (ਜੋ ਸਭ ਤੋਂ ਵੱਡਾ ਵੋਟ ਬੈਂਕ ਹੈ) ਨੂੰ ਭਾਜਪਾ ਤੋਂ ਕਾਂਗਰਸ ਵਿਚ ਜਾਣ ਦੇ ਲਈ ਇੱਕਜੁਟ ਕੀਤਾ, ਕਿਉਂ ਅਨੁਸੂਚਿਤ ਜਾਤੀ ਦੇ ਨੇਤਾ ਜੋਗੀ ਕਾਂਗਰਸ ਨਾਲ ਜੁੜੇ ਹੋਏ ਨਹੀਂ ਸਨ। ਇਹਨਾਂ ਸਭ ਵਿਚਕਾਰ ਰਾਜ ਵਿਚ ਮਜਬੂਤ ਜਨ ਆਧਾਰ ਦੀ ਕਮੀ ਦੇ ਕਾਰਨ ਮਾਇਆਵਤੀ ਮੂਕ ਦਰਸ਼ਕ ਬਣੀ ਰਹੀ, ਕਿਉਂਕਿ ਪੱਛੜਿਆ ਬਨਾਮ ਅਨੁਸੂਚਿਤ ਜਾਤੀ ਦੇ ਸੱਤਾ ਸਮੀਕਰਨ ਦੀ ਖੇਡ ਕਾਂਗਰਸ ਦੇ ਪੱਖ ਵਿਚ ਜਾ ਰਹੀ ਸੀ।

ਮੱਧ ਪ੍ਰਦੇਸ਼ ਵਿਚ ਵੀ ਬਸਪਾ ਦਾ ਪ੍ਰਦਰਸ਼ਨ ਚੰਗਾ ਨਹੀਂ ਸੀ, ਜਿੱਥੇ ਉਹ 2013 ਦੀਆਂ ਚਾਰ ਸੀਟਾਂ ਤੋਂ ਘੱਟ ਕੇ ਦੋ ਸੀਟਾਂ ਤੇ ਆ ਗਈ। ਪੰਜ ਸਾਲ ਪਹਿਲਾਂ ਉਸਦਾ ਵੋਟ ਸ਼ੇਅਰ 6.42 ਫੀਸਦੀ ਸੀ, ਜੋ ਇਸ ਵਾਰ ਘੱਟ ਕੇ ਪੰਜ ਫੀਸਦੀ ਰਹਿ ਗਿਆ। ਇਸਨੇ ਉੱਤਰ ਪ੍ਰਦੇਸ਼ ਦੇ ਬੁੰਦੇਲਖੰਡ ਇਲਾਕਿਆਂ ਦੇ ਆਸ ਪਾਸ ਹੀ ਬਸਪਾ ਦੇ ਜ਼ਮੀਨੀ ਪੱਧਰ ਤੇ ਸਮਰਥਨ ਵਿਚ ਭਾਰੀ ਗਿਰਾਵਟ ਨੂੰ ਦੇਖਿਆ, ਜਿੱਥੇ ਪਾਰਟੀ ਰਵਾਇਤੀ ਤੌਰ ਤੇ ਮਜ਼ਬੂਤ ਰਹੀ ਹੈ।

ਹਾਲਾਂਕਿ ਰਾਜਸਥਾਨ ਤੋਂ ਮਾਇਆਵਤੀ ਦੇ ਲਈ ਕੁਝ ਚੰਗੀ ਖਬਰ ਆਈ, ਜਿੱਥੇ ਬਸਪਾ ਆਪਣੀਆਂ ਸੀਟਾਂ ਦੀ ਗਿਣਤੀ ਤਿੰਨ ਤੋਂ 6 ਕਰਨ ਵਿਚ ਕਾਮਯਾਬ ਰਹੀ ਅਤੇ ਉਸਦੇ ਵੋਟ ਸ਼ੇਅਰ ਵਿਚ ਵੀ ਮਾਮੂਲੀ ਵਾਧਾ (3.48 ਫੀਸਦੀ ਤੋਂ 4 ਫੀਸਦੀ) ਦਰਜ ਕੀਤੀ ਗਈ।

ਮਾਇਆਵਤੀ ਦੀ ਗਲਤੀ ਰਾਜਨੀਤਿਕ ਗਣਨਾ ਦੇ ਕਾਰਨ 2019 ਵਿਚ ਉਹਨਾਂ ਦੀ ਸੰਭਾਵਨਾ 'ਤੇ ਕੇਵਲ ਹਲਕਾ ਧੱਬਾ ਹੀ ਲੱਗਿਆ, ਬਹੁਤ ਜ਼ਿਆਦਾ ਨੁਕਸਾਨ ਨਹੀਂ ਹੋਇਆ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕਾਂਗਰਸ ਨੂੰ ਪੂਰਨ ਬਹੁਮਤ ਨਾ ਮਿਲਣ ਕਾਰਨ ਉਹਨਾਂ ਨਵੇਂ ਸਿਰੇ ਤੋਂ ਚੋਣਾਂ ਤੋਂ ਬਾਅਦ ਗੱਠਜੋੜ ਕਰਨ ਦਾ ਇਕ ਮੌਕਾ ਮਿਲਿਆ, ਜਿਸਦੀ ਵਰਤੋਂ ਉਹਨਾਂ ਨੇ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਣ ਲਈ ਤੇਜ਼ੀ ਨਾਲ ਕੀਤੀ। ਮਹੱਤਵਪੂਰਨ ਗੱਲ ਇਹ ਹੈ ਕਿ ਕਾਂਗਰਸ ਨੂੰ ਤਕਨੀਕੀ ਤੌਰ ਤੇ ਬਸਪਾ ਦੇ ਸਮਰਥਨ ਦੀ ਲੋੜ ਨਹੀਂ ਹੈ ਪਰ ਅਜਿਹਾ ਦੱਸਿਆ ਗਿਆ ਕਿ ਬਸਪਾ ਨੂੰ ਨਵੀਂ ਸਰਕਾਰ ਵਿਚ ਸ਼ਾਮਲ ਕਰਨ ਦੇ ਲਈ ਉਹ ਉਤਸੁਕ ਹੈ।

ਮੱਧ ਪ੍ਰਦੇਸ਼ ਵਿਚ ਚਾਰੇ ਆਜ਼ਾਦ ਵਿਧਾਇਕਾਂ ਨੇ ਕਾਂਗਰਸ ਨੂੰ ਸਮਰਥਨ ਦਿੱਤਾ ਹੈ ਅਤੇ ਰਾਜਸਥਾਨ ਵਿਚ ਵੱਡੀ ਗਿਣਤੀ ਵਿਚ ਆਜ਼ਾਦ ਵਿਧਾਇਕਾਂ ਨੇ ਪਹਿਲਾਂ ਹੀ ਕਾਂਗਰਸ ਨੂੰ ਸਮਰਥਨ ਦੇ ਸੰਕੇਤ ਦਿੱਤੇ ਸਨ, ਇਸ ਕਰਕੇ ਦੋਵੇਂ ਰਾਜਾਂ ਵਿਚ ਕਾਂਗਰਸ ਦੇ ਕੋਲ ਸਰਕਾਰ ਬਣਾਉਣ ਲਈ ਪੂਰਨ ਬਹੁਮਤ ਹੈ। ਕਿਹਾ ਜਾ ਰਿਹਾ ਹੈ ਕਿ ਸੋਨੀਆ ਅਤੇ ਰਾਹੁਲ, ਦੋਵਾਂ ਨੇ ਸਥਾਨਕ ਲੀਡਰਸ਼ਿਪ ਨੂੰ ਸੱਤਾਧਾਰੀ ਗੱਠਜੋੜ ਵਿਚ ਬਸਪਾ ਨੂੰ ਸ਼ਾਮਲ ਕਰਨ ਦਾ ਨਿਰਦੇਸ਼ ਦਿੱਤਾ ਹੈ। ਅਸਲ ਵਿਚ ਮਾਇਆਵਤੀ ਨੇ ਹਿੰਦੀ ਬੈਲਟ ਦੇ ਤਿੰਨੇ ਰਾਜਾਂ ਵਿਚ ਸਥਾਨਕ ਕਾਂਗਰਸ ਲੀਡਰਸ਼ਿਪ ਨੂੰ ਦੋਸ਼ੀ ਠਹਿਰਾਉਂਦੇ ਹੋਏ 2019 ਦੀਆਂ ਚੋਣਾਂ ਦੇ ਲਈ ਕੇਂਦਰੀ ਲੀਡਰਾਂ ਦੇ ਨਾਲ ਗੱਠਜੋੜ ਦੇ ਲਈ ਆਪਣਾ ਦਰਵਾਜ਼ਾ ਖੁੱਲ੍ਹਾ ਰੱਖਿਆ ਹੈ।

### ਬਸਪਾ ਦੀ ਆਪਣੀ ਤਾਕਤ

ਕੋਲਾਰਸ ਸੀਟ ਕਾਂਗਰਸ 700 ਵੋਟ ਨਾਲ ਹਾਰੀ, ਬਸਪਾ ਨੂੰ 16 ਹਜ਼ਾਰ ਵੋਟ ਮਿਲੇ।
ਖਰਗਾਪੁਰ ਸੀਟ ਕਾਂਗਰਸ 10 ਹਜ਼ਾਰ ਵੋਟ ਨਾਲ ਹਾਰੀ, ਬਸਪਾ ਨੂੰ 15 ਹਜ਼ਾਰ ਵੋਟ ਮਿਲੇ।
ਜੈਤਪੁਰ ਸੀਟ ਕਾਂਗਰਸ 4 ਹਜ਼ਾਰ ਵੋਟ ਨਾਲ ਹਾਰੀ, ਬਸਪਾ ਨੂੰ 6 ਹਜ਼ਾਰ ਵੋਟ ਮਿਲੇ।
ਜਬੇਰਾ ਸੀਟ ਕਾਂਗਰਸ 3500 ਵੋਟ ਨਾਲ ਹਾਰੀ, ਬਸਪਾ ਨੂੰ 10 ਹਜ਼ਾਰ ਵੋਟ ਮਿਲੇ।
ਜੌਰਾ ਸੀਟ ਕਾਂਗਰਸ 1 ਹਜ਼ਾਰ ਨਾਲ ਹਾਰੀ, ਬਸਪਾ ਨੂੰ 3 ਹਜ਼ਾਰ ਵੋਟ ਮਿਲੇ।
ਟਾਨਥਨ ਸੀਟ ਕਾਂਗਰਸ 5 ਹਜ਼ਾਰ ਵੋਟਾਂ ਨਾਲ ਹਾਰੀ, ਬਸਪਾ ਨੂੰ 17 ਹਜ਼ਾਰ ਵੋਟ ਮਿਲੇ।
ਦੇਵਸਰ ਸੀਟ ਕਾਂਗਰਸ 10 ਹਜ਼ਾਰ ਨਾਲ ਹਾਰੀ, ਬਸਪਾ ਨੂੰ 18 ਹਜ਼ਾਰ ਵੋਟ ਮਿਲੇ।
ਧੁਓਹਨੀ ਸੀਟ ਕਾਂਗਰਸ 3500 ਵੋਟਾਂ ਨਾਲ ਹਾਰੀ, ਬਸਪਾ ਨੂੰ 9 ਹਜ਼ਾਰ ਵੋਟ ਮਿਲੇ।
ਕੁੱਲ ਮਿਲਾ ਕੇ ਮੱਧ ਪ੍ਰਦੇਸ਼ ਦੀਆਂ ਲੱਗਭੱਗ 30 ਤੋਂ 40 ਸੀਟਾਂ ਅਜਿਹੀਆਂ ਹਨ, ਜਿੱਥੇ ਕਾਂਗਰਸ ਨੇ ਜੇਕਰ ਬਸਪਾ ਨਾਲ ਗੱਠਜੋੜ ਕੀਤਾ ਹੁੰਦਾ ਤਾਂ ਭਾਜਪਾ ਕੁਝ ਹੀ ਸੀਟਾਂ ਜਿੱਤ ਪਾਉਂਦੀ।

ਹੈਰਾਨੀ ਇਹ ਹੈ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕਾਂਗਰਸ ਦੀ ਸੰਕੀਰਨ ਜਿੱਤ ਅਤੇ ਤੇਲੰਗਾਨਾ ਅਤੇ ਮਿਜ਼ੋਰਮ ਵਿਚ ਹੋਏ ਨੁਕਸਾਨ ਨੇ ਪਾਰਟੀ ਲੀਡਰਸ਼ਿਪ ਨੂੰ ਅਤੀ ਉਤਸ਼ਾਹ ਜਾਂ ਅਹੰਕਾਰ ਤੋਂ ਰੋਕ ਦਿੱਤਾ ਹੈ। ਜੇਕਰ ਕਾਂਗਰਸ ਨੇ ਇਹਨਾ ਸਾਰੇ ਰਾਜਾਂ ਵਿਚ ਜਿੱਤ ਦਰਜ ਕੀਤੀ ਹੁੰਦੀ ਜਾਂ ਹਿੰਦੀ ਪੱਟੀ ਵਿਚ ਵੱਡੇ ਅੰਤਰ ਨਾਲ ਜਿੱਤ ਹਾਸਲ ਕੀਤੀ ਹੁੰਦੀ ਤਾਂ ਅਜਿਹਾ ਹੋ ਸਕਦਾ ਸੀ। ਹਾਲਾਂਕਿ ਪ੍ਰਮੁੱਖ ਪਾਰਟੀ ਨੇਤਾਵਾਂ, ਖਾਸ ਕਰਕੇ ਸੋਨੀਆ ਅਤੇ ਰਾਹੁਲ ਗਾਂਧੀ ਨੂੰ ਅਹਿਸਾਸ ਹੈ ਕਿ 2019 ਵਿਚ ਮੋਦੀ ਦੇ ਰੱਥ ਨੂੰ ਰੋਕਣਾ ਇਕ ਕਠਿਨ ਕੰਮ ਹੈ ਅਤੇ ਕਾਂਗਰਸ ਨੂੰ ਵਿਵਹਾਰਿਕ ਆਧਾਰ 'ਤੇ ਹੋਰ ਖੇਤਰੀ ਪਾਰਟੀਆਂ ਦੀਆਂ ਇੱਛਾਵਾਂ ਨੂੰ ਜਾਣਨ ਦੀ ਲੋੜ ਹੋਵੇਗੀ।

ਇਹਨਾਂ ਚੋਣਾਂ ਵਿਚ ਮਾਇਆਵਤੀ ਨੂੰ ਮਿਲੇ ਝਟਕੇ ਦਾ ਸਬਕ ਇਹ ਹੈ ਕਿ ਉਹ ਬਹੁਤ ਜ਼ਿਆਦਾ ਆਸ਼ਾਵਾਦੀ ਜਾਂ ਲਾਲਚੀ ਨਾ ਬਣਨ ਅਤੇ 2019 ਦੀਆਂ ਚੋਣਾਂ ਦੇ ਲਈ ਕਾਂਗਰਸ ਦੇ ਨਾਲ ਸਹੀ ਤਰੀਕੇ ਨਾਲ ਸੌਦਾ ਕਰੇ। ਅਜਿਹਾ ਲੱਗਦਾ ਹੈ ਕਿ ਉਹਨਾਂ ਨੇ ਪਹਿਲਾਂ ਹੀ ਅਖਿਲੇਸ਼ ਯਾਦਵ ਅਤੇ ਸੰਭਵ ਹੈ ਅਜੀਤ ਸਿੰਘ ਦੇ ਨਾਲ ਸੌਦਾ ਕਰਨ ਦੇ ਨਾਲ ਰਾਜਨੀਤਿਕ ਤੌਰ ਤੇ ਮਹੱਤਵਪੂਰਨ ਉਤਰ ਪ੍ਰਦੇਸ਼ ਵਿਚ ਗੱਠਜੋੜ ਬਣਾਉਣ ਦਾ ਕੰਮ ਕੀਤਾ ਹੈ।

ਹੁਣ ਇਹ ਦੇਖਣਾ ਬਾਕੀ ਹੈ ਕਿ ਉਤਰ ਪ੍ਰਦੇਸ਼ ਦੇ ਆਪਣੇ ਮਹਾਂ ਗੱਠਜੋੜ ਵਿਚ ਉਹ ਕਾਂਗਰਸ ਨੂੰ ਸੰਕੇਤਕ ਤੌਰ ਤੇ ਹੀ ਸਹੀ, ਸ਼ਾਮਲ ਕਰਨ ਦੀ ਉਦਾਰਤਾ ਦਿਖਾਉਂਦੀ ਹੈ ਜਾਂ ਨਹੀਂ।

## ਨਵਾਂ ਸਾਲ - ਨਵਾਂ ਖ਼ਿਆਲ

# ਡਮ ਡਮ ਖੜਕਦੇ ਖਾਲੀ ਖ਼ਜ਼ਾਨੇ 'ਚ ਲੋਕਾਂ ਦਾ ਕੀ ਦੋਸ਼?



ਮਨਦੀਪ ਖੁਰਮੀ ਹਿੰਮਤਪੁਰਾ

ਸਿਆਸਤ, ਦੇਖਣ ਸੁਣਨ ਨੂੰ ਮਹਿਜ਼ ਇੱਕ ਸ਼ਬਦ ਹੈ। ਪਰ ਇਸ ਸ਼ਬਦ ਦੇ ਦਿਮਾਗ ਅੱਗੇ ਆਮ ਲੋਕ ਸਿਰਫ਼ ਇੱਕ ਵੋਟ ਹਨ। ਇਸ ਸ਼ਬਦ ਦੇ ਬੇਸ਼ੱਕ ਪੇਟ ਨਹੀਂ ਲੱਗਾ ਹੋਇਆ ਪਰ ਇਹ ਅਦਿੱਖ ਪੇਟ ਸਭ ਕੁਝ ਹਜ਼ਮ ਕਰਨ ਦੀ ਸਮਰੱਥਾ ਰੱਖਦੈ। ਇਹ ਸ਼ਬਦ ਜੇ ਧੁੱਪ ਕਹਿੰਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਧੁੱਪ ਦਾ ਮਤਲਬ ਛਾਂ ਹੋਵੇ। ਕਹਿਣ ਦਾ ਭਾਵ ਕਿ ਸਿਆਸਤ 'ਚ ਜੋ ਕੁਝ ਦਿਸਦਾ ਹੈ, ਅਕਸਰ ਓਹ ਹੁੰਦਾ ਨਹੀਂ ਤੇ ਜੋ ਹੁੰਦਾ ਹੈ, ਅਕਸਰ ਓਹ ਦਿਸਦਾ ਨਹੀਂ। ਰੋਜ਼ਾਨਾ ਮੀਡੀਆ ਸਾਧਨਾਂ ਰਾਹੀਂ ਅਸੀਂ ਵੱਖ ਵੱਖ ਰਾਜਨੀਤਕ ਧੜਿਆਂ ਦੇ ਆਗੂਆਂ ਦੀ ਤੂੰ-ਤੂੰ ਮੈਂ-ਮੈਂ ਸੁਣਦੇ ਦੇਖਦੇ ਰਹਿੰਦੇ ਹਾਂ। ਖ਼ਬਰਾਂ ਪੜ੍ਹਦੇ ਸੁਣਦੇ ਆਮ ਨਾਗਰਿਕ ਦਾ ਦਿਲ ਡਰ ਨਾਲ ਦਿੱਲੀਓਂ ਹੋ ਹੋ ਮੁੜਦਾ ਹੈ ਕਿ "ਕਿਧਰੇ ਸਾਡੇ ਨੇਤਾ ਜੀ ਆਪਸ 'ਚ ਲੜ ਕੇ "ਸ਼ਹੀਦ" ਨਾ ਹੋ ਜਾਣ, ਫਿਰ ਦੇਸ਼ ਨੂੰ ਕੌਣ ਚਲਾਏਗਾ?" ਪਰ ਅਜਿਹਾ ਹੁੰਦਾ ਨਹੀਂ, ਸਗੋਂ ਅਜਿਹੀ ਕੁੱਕੜ-ਖੇਹ ਤਾਂ ਸਿਆਸਤ ਦੀ ਲਗਾਤਾਰਤਾ ਬਣਾਈ ਰੱਖਣ, ਲੋਕਾਂ ਦਾ ਹੋਰ ਮੁੱਦਿਆਂ ਵੱਲੋਂ ਧਿਆਨ ਭਟਕਾਉਣ ਲਈ ਹੁੰਦੀ ਹੈ। ਅਜਿਹੀ ਬਿਆਨਬਾਜ਼ੀ ਦਾ ਆਮ ਲੋਕਾਂ ਦੇ ਜੀਵਨ ਪੱਧਰ ਸੁਧਾਰ ਨਾਲ ਦੂਰ ਦਾ ਰਿਸ਼ਤਾ ਵੀ ਨਹੀਂ ਹੁੰਦਾ। ਵਿਧਾਨ ਸਭਾ ਜਾਂ ਲੋਕ ਸਭਾ ਸਾਡੇ ਨੇਤਾਵਾਂ ਲਈ ਉਸ ਕੁੱਕੜਾਂ ਦੇ ਖੁੱਡੇ ਵਾਂਗ ਹਨ, ਜਿਸ ਵਿੱਚੋਂ ਬਾਹਰ ਹਨ ਤਾਂ ਹਮੇਸ਼ਾ ਲੜਦੇ ਦਿਖਾਈ ਦੇਣਗੇ ਪਰ ਅੰਦਰ ਹਨ ਤਾਂ ਆਪਣੇ ਫਾਇਦੇ ਲਈ ਇੱਕਮੁੱਠ ਹੋ ਜਾਂਦੇ ਹਨ। ਇਸਦੀ ਤਾਜ਼ਾ ਉਦਾਹਰਨ ਬੀਤੇ ਦਿਨੀਂ ਦੇਖਣ ਨੂੰ ਮਿਲੀ ਜਦੋਂ ਵਿਧਾਇਕਾਂ ਦੇ ਤਨਖਾਹ ਵਾਧੇ ਦੇ ਮਾਮਲੇ 'ਚ ਸੱਤਾ ਧਿਰ ਤੇ ਵਿਰੋਧੀ ਧਿਰ ਘਿਓ ਖਿਚੜੀ ਨਜ਼ਰ ਆਏ। ਇੱਕ ਦੋ ਵਿਧਾਇਕਾਂ ਨੂੰ ਛੱਡ ਕੇ ਕਿਸੇ ਨੇ ਇਹ ਨਹੀਂ ਕਿਹਾ ਕਿ ਸਾਨੂੰ ਵੱਧ ਤਨਖਾਹ ਨਹੀਂ ਚਾਹੀਦੀ। ਸਗੋਂ ਹਾਸੋਹੀਣਾ ਬਿਆਨ ਇਹ ਵੀ ਸੁਣਨ ਨੂੰ ਮਿਲਿਆ ਕਿ ਵਿਧਾਇਕਾਂ ਨੂੰ ਲੋਕਾਂ ਦੇ ਖੁਸ਼ੀ ਗ਼ਮੀ ਦੇ ਸਮਾਗਮਾਂ 'ਚ ਵੀ ਜਾਣਾ ਪੈਂਦਾ ਹੈ, ਸੋ ਤਨਖਾਹ ਵਾਧਾ ਜ਼ਰੂਰੀ ਹੈ। ਇਸਤੋਂ ਪਹਿਲਾਂ ਇਸ ਨਾਲ ਰਲਵਾਂ ਮਿਲਵਾਂ ਬਿਆਨ ਵਿਰੋਧੀ ਧਿਰ ਦਾ ਨੌਜਵਾਨ ਵਿਧਾਇਕ ਵੀ ਦੇ ਚੁੱਕਾ ਹੈ।

ਸੋਚਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਇੱਕ ਪਾਸੇ ਤਾਂ ਚੋਣਾਂ ਵੇਲੇ ਲੋਕਾਂ ਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਤਾਂ ਸਿਆਸਤ ਵਿੱਚ ਲੋਕਾਂ ਦੀ ਸੇਵਾ ਕਰਨ ਲਈ ਆਏ ਹਨ। ਫਿਰ ਅਜਿਹੀ ਕਿਹੜੀ ਸੇਵਾ ਹੈ, ਜਿਹੜੀ ਲੋਕਾਂ ਦੇ ਸਿਰੋਂ ਪਲ ਕੇ ਹੀ ਹੁੰਦੀ ਹੈ? ਇੱਕ ਆਮ ਬੇਰੁਜ਼ਗਾਰ ਇਨਸਾਨ ਆਪਣੀ ਸਵੇਰ ਦੀ ਚਾਹ ਤੋਂ ਲੈ ਕੇ ਰਾਤ ਦੀ ਬੁਰਕੀ ਤੱਕ ਅਤੇ ਪੂਰੇ ਦਿਨ 'ਚ ਕੀਤੀ ਹਰ ਗਤੀਵਿਧੀ ਲਈ ਟੈਕਸ ਅਦਾ ਕਰਦਾ ਹੈ। ਆਪਣੇ ਭਲੇ ਦਿਨਾਂ ਦੀ ਉਮੀਦ ਅਤੇ ਯੋਗ ਸਰਕਾਰੀ ਨੀਤੀਆਂ ਦੀ ਘਾੜ੍ਹਤ ਦੀ ਚਾਹਨਾ ਵਿੱਚ ਆਪਣਾ ਨੁਮਾਇੰਦਾ ਚੁਣਦਾ ਹੈ। ਉਸ ਨੁਮਾਇੰਦੇ ਕੋਲੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸਿਹਤ, ਵਿੱਦਿਆ ਤੇ ਰੁਜ਼ਗਾਰ ਦੇ ਬੁਨਿਆਦੀ ਹੱਕ ਦੀ ਪ੍ਰਾਪਤੀ ਲਈ ਉਹਨਾਂ ਦੀ ਆਵਾਜ਼ ਬੁਲੰਦ ਕਰੇਗਾ ਪਰ ਹੁੰਦਾ ਇਸਤੋਂ ਉਲਟ ਹੈ। ਵਿਧਾਨ ਸਭਾ ਜਾਂ ਲੋਕ ਸਭਾ ਤੋਂ ਬਾਹਰ ਲੋਕ ਹਿਤਾਂ ਦੇ ਰਾਖੇ ਹੋਣ ਦੇ ਬਿਆਨ ਛਾਲਾਂ ਮਾਰ ਮਾਰ ਦਿੱਤੇ ਜਾਂਦੇ ਹਨ, ਪਰ ਨੀਤੀਆਂ ਘੜਨ ਵਾਲੀ ਜਗ੍ਹਾ 'ਤੇ ਜਾ ਕੇ ਆਪਣੀਆਂ ਤਨਖਾਹਾਂ ਵਧਾਉਣ ਲਈ ਕਲਿੰਗੜੀ ਪਾ ਲਈ ਜਾਂਦੀ ਹੈ। ਅਧਿਆਪਕ ਨੂੰ ਦੇਸ਼ ਦਾ ਨਿਰਮਾਤਾ ਕਿਹਾ ਜਾਂਦਾ ਹੈ। ਆਪਣੀ ਯੋਗਤਾ ਨਾਲੋਂ ਲੱਖ ਗੁਣਾ ਵੱਡਾ ਅਹੁਦਾ ਮੱਲੀ ਬੈਠਾ ਮੰਤਰੀ ਤੇ ਉਸਦੀ ਮੰਡਲੀ ਅਧਿਆਪਕਾਂ ਦੀ ਤਨਖਾਹ 'ਤੇ ਸੱਤਰ ਫੀਸਦੀ ਦਾ ਕੱਟ ਇਹ ਕਹਿ ਕੇ ਮਾਰ ਦਿੰਦੀ ਹੈ ਕਿ ਸਰਕਾਰੀ ਖ਼ਜ਼ਾਨਾ ਖਾਲੀ ਹੈ। ਫਿਰ ਅਚਾਨਕ ਹੀ ਖਜਾਨੇ ਵਿੱਚ ਅਜਿਹੀ ਕਿਹੜੀ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਬੈਠ ਗਈ ਕਿ ਵਿਧਾਇਕਾਂ ਦੀ ਮੌਜੂਦਾ ਤਨਖਾਹ ਨੂੰ ਢਾਈ ਗੁਣਾ ਤੋਂ ਵਧੇਰੇ ਵਧਾ ਦੇਣ ਲਈ ਕਮੇਟੀ ਦਾ ਗਠਨ ਕਰਨਾ ਪਿਆ? ਉਹਨਾਂ ਅਧਿਆਪਕਾਂ ਨੂੰ ਤਾਂ ਜ਼ਲੀਲ ਕੀਤਾ ਜਾ ਰਿਹਾ ਹੈ, ਜਿਹੜੇ ਵਰ੍ਹਿਆਂ ਬੱਧੀ ਘਾਲਣਾ ਕਰਕੇ ਆਪਣੀ ਵਿੱਦਿਅਕ ਯੋਗਤਾ ਕਰਕੇ ਨੌਕਰੀ ਹਾਸਲ ਕਰਨ ਦੇ ਲਾਇਕ ਹੋਏ ਹਨ। ਕਿਸੇ ਦੇਸ਼ ਜਾਂ ਸੂਬੇ ਦੀ ਇਸ ਤੋਂ ਵੱਡੀ ਬਦਕਿਸਮਤੀ ਕੀ ਹੋਵੇਗੀ ਕਿ ਜਿਸ ਇਨਸਾਨ ਨੇ ਕਦੇ ਕਾਲਜ ਹੀ ਨਾ ਦੇਖਿਆ ਹੋਵੇ ਤੇ ਉਸਨੂੰ ਉੱਚ-ਸਿੱਖਿਆ ਮੰਤਰੀ ਦੀ ਕੁਰਸੀ, ਬਾਰ੍ਹਵੀਂ ਪਾਸ ਵਿਅਕਤੀ ਨੂੰ ਸੂਬੇ ਦਾ ਸਿੱਖਿਆ ਮੰਤਰੀ? ਉੱਪਰੋਂ ਓਹਨਾਂ ਹੀ ਲੋਕਾਂ ਸਿਰ ਅਹਿਸਾਨ ਕੀਤਾ ਜਾ ਰਿਹਾ ਹੈ ਕਿ ਅਸੀਂ ਤੁਹਾਡੇ ਵਿਆਹਾਂ, ਮਰਨਿਆਂ 'ਤੇ ਹਾਜ਼ਰੀ ਭਰਨ ਆਉਂਦੇ ਹਾਂ ਤਾਂ ਕਰਕੇ ਸਾਡੀ ਤਨਖਾਹ ਦਾ "ਉਜਾੜਾ" ਹੁੰਦਾ ਹੈ। ਪਰ ਮੰਤਰੀ ਵਿਧਾਇਕ ਇਹ ਨਹੀਂ ਸਮਝਦੇ ਕਿ ਤੁਸੀਂ ਵਿਆਹ 'ਚ 200 ਜਾਂ 500 ਦਾ ਸ਼ਗਨ ਪਾ ਕੇ ਜਾਂ ਗ਼ਮੀ ਮੌਕੇ 50-100 ਰੁਪਏ ਦਾ ਮੱਥਾ ਟੇਕ ਕੇ ਸੁਰਖਰੂ ਹੋ ਜਾਂਦੇ ਹੋ ਪਰ ਤੁਹਾਡੇ ਨਾਲ ਆਈ 50-50 ਬੰਦਿਆਂ ਦੀ ਧਾੜ ਮਹਿਮਾਨੀ ਦਾ ਜੋ ਚਾਰਾ ਕਰਦੀ ਹੈ, ਕਦੇ ਉਸ ਦਾ ਹਿਸਾਬ ਵੀ ਲਾਇਆ ਹੈ?

ਆਮ ਇਨਸਾਨ ਆਪਣੇ ਜੁਆਕ ਦੇ ਜਨਮ ਸਰਟੀਫਿਕੇਟ ਤੋਂ ਲੈ ਕੇ ਮੌਤ ਦੇ ਸਰਟੀਫਿਕੇਟ ਤੱਕ ਨੂੰ ਹਾਸਲ ਕਰਨ ਲਈ ਵੀ ਫੀਸ ਅਦਾ ਕਰਦਾ ਹੈ। ਹਰ ਟੈਕਸ ਨੂੰ ਵਿੱਤ ਅਨੁਸਾਰ ਅਦਾ ਕਰਕੇ ਖ਼ਜ਼ਾਨੇ ਨੂੰ ਭਰਨ 'ਚ ਸਾਥ ਦਿੰਦਾ ਹੈ। ਫਿਰ ਖਾਲੀ ਦੱਸੇ ਜਾਂਦੇ ਖ਼ਜ਼ਾਨੇ ਨੂੰ ਖ਼ਾਲੀ ਕਰ ਕੌਣ ਜਾਂਦਾ ਹੈ? ਪਿਛਲੀਆਂ ਦੋ ਵਾਰੀਆਂ ਦੀ ਸੱਤਾ ਕੁਰਸੀ ਅਕਾਲੀ ਦਲ ਕੋਲ ਸੀ। ਦਸ ਸਾਲ ਹੀ ਅਕਾਲੀ ਇਹ ਕਹਿੰਦੇ ਰਹੇ ਕਿ ਪਿਛਲੀ ਕਾਂਗਰਸ ਸਰਕਾਰ ਖ਼ਜ਼ਾਨਾ ਖਾਲੀ ਕਰਕੇ ਤੁਰਦੀ ਬਣੀ। ਹੁਣ ਇਹੀ ਬੰਸਰੀ ਕਾਂਗਰਸ ਸਰਕਾਰ ਵਜਾ ਰਹੀ ਹੈ ਕਿ ਪਿਛਲੇ ਦਸ ਸਾਲਾਂ 'ਚ ਅਕਾਲੀਆਂ ਨੇ ਖ਼ਜ਼ਾਨੇ ਵਿੱਚ ਮੋਰੀਆਂ ਕਰ ਦਿੱਤੀਆਂ ਹਨ। ਲੋਕਾਂ ਨੇ ਆਪਣੀ ਵੋਟ ਰਾਹੀਂ ਸਰਕਾਰਾਂ ਚੁਣ ਕੇ ਨੀਤੀਆਂ ਘੜਨ ਲਈ ਤੁਹਾਨੂੰ ਸੱਤਾ ਬਖ਼ਸ਼ੀ ਹੈ, ਫਿਰ ਇਹ ਤਾਂ ਸੱਤਾਧਾਰੀ ਧਿਰ ਦਾ ਫ਼ਰਜ਼ ਬਣ ਜਾਂਦਾ ਹੈ ਕਿ ਉਹ "ਯੋਗ" ਨੀਤੀਆਂ ਘੜ ਕੇ ਖ਼ਜ਼ਾਨੇ ਨੂੰ ਭਰਨ ਦੇ ਰਾਹ ਤੁਰੇ ਤਾਂ ਕਿ ਲੋਕਾਂ ਦੀ ਜੂਨ ਸੁਖਾਲੀ ਕੀਤੀ ਜਾ ਸਕੇ।

ਆਮ ਇਨਸਾਨ ਆਪਣੇ ਜੁਆਕ ਦੇ ਜਨਮ ਸਰਟੀਫਿਕੇਟ ਤੋਂ ਲੈ ਕੇ ਮੌਤ ਦੇ ਸਰਟੀਫਿਕੇਟ ਤੱਕ ਨੂੰ ਹਾਸਲ ਕਰਨ ਲਈ ਵੀ ਫੀਸ ਅਦਾ ਕਰਦਾ ਹੈ। ਹਰ ਟੈਕਸ ਨੂੰ ਵਿੱਤ ਅਨੁਸਾਰ ਅਦਾ ਕਰਕੇ ਖ਼ਜ਼ਾਨੇ ਨੂੰ ਭਰਨ 'ਚ ਸਾਥ ਦਿੰਦਾ ਹੈ। ਫਿਰ ਖਾਲੀ ਦੱਸੇ ਜਾਂਦੇ ਖ਼ਜ਼ਾਨੇ ਨੂੰ ਖ਼ਾਲੀ ਕਰ ਕੌਣ ਜਾਂਦਾ ਹੈ? ਪਿਛਲੀਆਂ ਦੋ ਵਾਰੀਆਂ ਦੀ ਸੱਤਾ ਕੁਰਸੀ ਅਕਾਲੀ ਦਲ ਕੋਲ ਸੀ। ਦਸ ਸਾਲ ਹੀ ਅਕਾਲੀ ਇਹ ਕਹਿੰਦੇ ਰਹੇ ਕਿ ਪਿਛਲੀ ਕਾਂਗਰਸ ਸਰਕਾਰ ਖ਼ਜ਼ਾਨਾ ਖਾਲੀ ਕਰਕੇ ਤੁਰਦੀ ਬਣੀ। ਹੁਣ ਇਹੀ ਬੰਸਰੀ ਕਾਂਗਰਸ ਸਰਕਾਰ ਵਜਾ ਰਹੀ ਹੈ ਕਿ ਪਿਛਲੇ ਦਸ ਸਾਲਾਂ 'ਚ ਅਕਾਲੀਆਂ ਨੇ ਖ਼ਜ਼ਾਨੇ ਵਿੱਚ ਮੋਰੀਆਂ ਕਰ ਦਿੱਤੀਆਂ ਹਨ। ਲੋਕਾਂ ਨੇ ਆਪਣੀ ਵੋਟ ਰਾਹੀਂ ਸਰਕਾਰਾਂ ਚੁਣ ਕੇ ਨੀਤੀਆਂ ਘੜਨ ਲਈ ਤੁਹਾਨੂੰ ਸੱਤਾ ਬਖ਼ਸ਼ੀ ਹੈ, ਫਿਰ ਇਹ ਤਾਂ ਸੱਤਾਧਾਰੀ ਧਿਰ ਦਾ ਫ਼ਰਜ਼ ਬਣ ਜਾਂਦਾ ਹੈ ਕਿ ਉਹ "ਯੋਗ" ਨੀਤੀਆਂ ਘੜ ਕੇ ਖ਼ਜ਼ਾਨੇ ਨੂੰ ਭਰਨ ਦੇ ਰਾਹ ਤੁਰੇ ਤਾਂ ਕਿ ਲੋਕਾਂ ਦੀ ਜੂਨ ਸੁਖਾਲੀ ਕੀਤੀ ਜਾ ਸਕੇ। ਨਾ ਕਿ ਲੋਕਾਂ ਸਿਰੋਂ ਵਿਧਾਇਕਾਂ ਮੰਤਰੀਆਂ ਦੀਆਂ ਪੁਸ਼ਤਾਂ ਦੇ ਖ਼ਜ਼ਾਨੇ ਨੱਕੋ ਨੱਕ ਭਰਨ ਦਾ ਬੰਦੋਬਸਤ ਕਰ ਦਿੱਤਾ ਜਾਵੇ। ਮਾਣਯੋਗ ਮਨਪ੍ਰੀਤ ਸਿੰਘ ਬਾਦਲ ਨੂੰ ਇੱਕ "ਨਿਪੁੰਨ" ਖ਼ਜ਼ਾਨਾ ਮੰਤਰੀ ਵਜੋਂ ਆਂਕਿਆ ਜਾ ਰਿਹਾ ਸੀ। ਪਰ ਹੁਣ ਜਦੋਂ ਓਹ ਜਾਂ ਤਾਂ ਉਰਦੂ ਹੀ ਬੋਲਦੇ ਨਜ਼ਰ ਆਉਂਦੇ ਹਨ ਜਾਂ ਚੁੱਪ ਹੀ ਦਿਸਦੇ ਹਨ।

ਉਹਨਾਂ ਕੋਲੋਂ ਸਵਾਲ ਇਹ ਪੁੱਛਣਾ ਬਣਦੈ ਕਿ ਕੀ ਵਿਧਾਇਕਾਂ ਦੀਆਂ ਤਨਖਾਹਾਂ ਦੇ ਢਾਈ ਗੁਣਾ ਤੋਂ ਵਧੇਰੇ ਵਾਧੇ ਨਾਲ ਖ਼ਜ਼ਾਨਾ ਭਰ ਜਾਵੇਗਾ? ਵਧੀ ਤਨਖਾਹ ਤੋਂ ਬਾਅਦ ਕੀ ਵਿਧਾਇਕ ਲੋਕਾਂ ਦੇ ਵਿਆਹਾਂ ਸ਼ਾਦੀਆਂ, ਭੋਗਾਂ 'ਤੇ ਖੁੱਲਦਿਲੀ ਨਾਲ ਹਾਜ਼ਰੀ ਭਰ ਕੇ ਸਿਹਤ ਵਿੱਦਿਆ ਤੇ ਰੁਜ਼ਗਾਰ ਦੇ ਮਸਲੇ ਹੱਲ ਕਰ ਦੇਣਗੇ?

### ਉੱਡ ਰਹੇ ਮਜ਼ਾਕ ਵੱਲ ਧਿਆਨ ਦੇਣ ਦੀ ਲੋੜ

ਹੈਰਾਨੀ ਦੀ ਗੱਲ ਇਹ ਹੈ ਕਿ ਸਾਰੇ ਵਿਧਾਇਕ ਹੋਰਨਾਂ ਭੱਤਿਆਂ ਦੇ ਨਾਲ ਨਾਲ 15000 ਰੁਪਏ ਟੈਲੀਫੋਨ ਭੱਤਾ ਖੁਸ਼ੀ ਖੁਸ਼ੀ ਹਾਸਲ ਕਰ ਅਤੇ ਕਰਦੇ ਆ ਰਹੇ ਹਨ। ਅੱਜ ਜਦੋਂ ਲੈਂਡਲਾਈਨ ਟੈਲੀਫੋਨ ਡਾਇਨਾਸੋਰ ਵਾਂਗ ਅਲੋਪ ਹੋ ਗਏ ਹਨ ਤਾਂ 117 ਵਿਧਾਇਕਾਂ ਵਿੱਚੋਂ ਕਿੰਨੇ ਕੁ ਵਿਧਾਇਕ ਹਨ, ਜਿਹਨਾਂ ਦੇ ਘਰ ਜਾਂ ਦਫ਼ਤਰ ਟੈਲੀਫੋਨ ਅਜੇ ਵੀ ਲੱਗਾ ਹੋਇਆ ਹੈ? ਤਕਨੀਕੀ ਯੁਗ 'ਚ ਵਿਚਰਦਿਆਂ ਕਿਉਂ ਨਹੀਂ ਕਿਸੇ ਮੋਬਾਈਲ ਫੋਨ ਰਾਹੀਂ 500-700 ਰੁਪਏ ਪ੍ਰਤੀ ਮਹੀਨਾ ਅਦਾ ਕਰਕੇ ਅਮੁੱਕ ਸੇਵਾਵਾਂ ਹਾਸਲ ਕੀਤੀਆਂ ਜਾਂਦੀਆਂ? ਬਿਨਾਂ ਗੱਲੋਂ ਹਰ ਮਹੀਨੇ 17 ਲੱਖ 55 ਹਜ਼ਾਰ ਰੁਪਏ ਲੋਕਾਂ ਦਾ ਟੈਕਸ ਦਾ ਪੈਸਾ ਟੈਲੀਫੋਨ ਭੱਤੇ ਦੇ ਨਾਂ 'ਤੇ ਉਡਾਇਆ ਜਾ ਰਿਹਾ ਹੈ। ਸਾਰੇ ਵਿਧਾਇਕ ਆਪਣੇ 60 ਮਹੀਨੇ ਦੇ ਕਾਰਜਕਾਲ 'ਚ 10 ਕਰੋੜ 53 ਲੱਖ ਰੁਪਏ ਸਿਰਫ ਟੈਲੀਫੋਨ ਭੱਤੇ ਰਾਹੀਂ ਹੀ ਲੋਕਾਂ ਦੀਆਂ ਜੇਬਾਂ 'ਚੋਂ ਕਢਵਾ ਕੇ ਆਪਣੀਆਂ ਜੇਬਾਂ 'ਚ ਪਾ ਲੈਂਦੇ ਹਨ। ਇਸ ਤਨਖਾਹ ਵਾਧੇ ਦੀ ਤਜਵੀਜ਼ ਨੂੰ ਬੇਸ਼ੱਕ ਹਰੀ ਝੰਡੀ ਨਹੀਂ ਮਿਲੀ ਪਰ ਲੋਕਾਂ ਵਿੱਚ ਇਹ ਖਿਆਲ ਹੋਰ ਪਕੇਰਾ ਹੋ ਗਿਆ ਹੈ ਕਿ ਸਿਆਸੀ ਲੋਕ ਆਮ ਲੋਕਾਂ ਦੇ ਕਦੇ ਵੀ ਸਕੇ ਨਹੀਂ ਹੋ ਸਕਦੇ। ਕਾਂਗਰਸ ਸਰਕਾਰ ਦਾ ਹਰ ਜਗ੍ਹਾ ਮਜ਼ਾਕ ਉੱਡਦਾ ਦਿਖਾਈ ਦੇ ਰਿਹਾ ਹੈ। ਨਵਾਂਸ਼ਹਿਰ ਦੇ ਨੌਜਵਾਨ ਪਰਵਿੰਦਰ ਸਿੰਘ ਕਿੱਤਣਾ ਨੇ ਵਿਅੰਗ ਰੂਪ 'ਚ 500 ਰੁਪਏ ਦਾ ਮਨੀਆਰਡਰ "ਵਿਧਾਇਕਾਂ ਦੀ ਆਰਥਿਕ ਸਹਾਇਤਾ" ਵਜੋਂ ਭੇਜਿਆ ਹੈ। ਉਸ ਨੇ ਮੁੱਖ ਮੰਤਰੀ ਪੰਜਾਬ ਨੂੰ ਲਿਖੀ ਚਿੱਠੀ 'ਚ ਜ਼ਿਕਰ ਕੀਤਾ ਹੈ ਕਿ ਵਿਧਾਇਕਾਂ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਇਕੱਠੀ ਕੀਤੀ ਇਸ ਰਾਸ਼ੀ ਵਿੱਚ ਉਸਨੇ ਪੜ੍ਹਾਈ ਦੌਰਾਨ ਛੁੱਟੀ ਵਾਲੇ ਦਿਨ ਦਿਹਾੜੀ ਕਰਨ ਲਈ ਮਜ਼ਬੂਰ ਬੀ. ਟੈੱਕ. ਦੇ ਵਿਦਿਆਰਥੀ,ਚਾਹ ਦੀ ਰੇਹੜੀ ਲਾਉਂਦੇ ਅਸ਼ੋਕ, ਗੰਨੇ ਦਾ ਰਸ ਵੇਚਦੀ ਗੈਰ ਪੰਜਾਬਣ ਬੀਬੀ, ਇੱਕ ਰਿਕਸ਼ਾ ਚਾਲਕ ਅਤੇ ਪੈਂਚਰਾਂ ਦੀ ਦੁਕਾਨ ਵਾਲੇ ਇੱਕ ਕਿਰਤੀ ਦਾ ਵੀ ਯੋਗਦਾਨ ਪੁਆਇਆ ਹੈ।

ਉਹਨਾਂ ਟਕੋਰ ਕੀਤੀ ਹੈ ਕਿ ਲੋਕਾਂ ਦਾ ਕੀ ਐ? ਵਿਧਾਇਕ ਖੁਸ਼ ਰਹਿਣੇ ਚਾਹੀਦੇ ਹਨ, ਉਹਨਾਂ ਦੀ ਆਰਥਿਕ ਸਹਾਇਤਾ ਲਈ ਅਸੀਂ ਖ਼ੁਦਕੁਸ਼ੀਆਂ ਦਾ ਸੰਤਾਪ ਭੋਗ ਰਹੇ ਲੋਕਾਂ ਦੇ ਪਰਿਵਾਰਾਂ ਕੋਲੋਂ ਵੀ ਰਾਸ਼ੀ ਇਕੱਠੀ ਕਰਕੇ ਵਿਧਾਇਕਾਂ ਲਈ ਜਲਦੀ ਭੇਜਾਂਗੇ।

ਮੁੱਕਦੀ ਗੱਲ ਇਹ ਕਿ ਲੋਕਾਂ ਨੂੰ ਹੁਣੇ ਤੋਂ ਅਗਲੀ ਸਰਕਾਰ ਦੇ ਬਿਆਨ ਸੁਣਨੇ ਸ਼ੁਰੂ ਹੋ ਗਏ ਹਨ, ਜਿਸ ਵਿੱਚ (ਉਸ ਵੇਲੇ ਦੇ) ਵਿਧਾਇਕ ਅਜੋਕੀ ਕਾਂਗਰਸ ਸਰਕਾਰ ਨੂੰ ਖ਼ਜ਼ਾਨਾ ਖਾਲੀ ਕਰਨ ਦੇ ਦੋਸ਼ੀ ਗਰਦਾਨ ਰਹੇ ਹੋਣਗੇ। ਲੋਕ ਤਾਂ ਵਿਚਾਰੇ ਸਿਰਫ ਵੋਟਾਂ ਹਨ, ਲੋਕਾਂ ਦਾ ਕੀ ਐ? ਇਹ ਤਾਂ ਰੋਂਦੇ, ਕੁਰਲਾਉਂਦੇ, ਫਾਹੇ ਲੈਂਦੇ, ਬੀਮਾਰੀਆਂ ਨਾਲ ਜੂਝਦੇ ਜੂਨ ਭੋਗ ਲੈਂਦੇ ਹਨ। ਸਿਰਫ ਇਹਨਾਂ ਲੋਕਾਂ ਦੇ ਚੁਣੇ ਨੁਮਾਇੰਦੇ ਹਰ ਹਾਲ ਖੁਸ਼ ਰਹਿਣੇ ਚਾਹੀਦੇ ਹਨ, ਲੋਕਾਂ ਦਾ ਕੀ ਐ?

# ਗਗਨ ਦਮਾਮਾ ਬਾਜਿਓ



ਪਰਮਪਾਲ ਸਿੰਘ ਕੇਲੀਫੋਰਨੀਆ
1-559-452-7236

"ਏਹੁ ਜਗ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥ ਅਰਦਾਸਿ ਕਰੀ ਗੁਰ ਪੂਰੇ ਆਗੇ ਰਖਿ ਲੇਵਹੁ ਦੇਹੁ ਵਡਾਈ ਰਾਮ" ॥ਅੰਗ ੫੭੧

ਸੰਸਾਰ ਅਸਾਂਤ ਹੋਵੋ ਜਲ ਰਿਹਾ ਹੋਵੇ ਤੇ ਹੱਲ ਗੁਰੂ ਸਾਹਿਬ ਬਖ਼ਸ਼ਦੇ ਹਨ ਕਿ ਗੁਰੂ ਪਰਮੇਸ਼ਰ ਅੱਗੇ ਬਿਨਾ ਸੋਚੇ ਅਤੇ ਦੇਰੀ ਦੇ ਸਮਰਪਨ ਕਰਨਾ। ਪੰਥ ਵਿੱਚ ਹੀ ਸਿਰੇ ਦੀ ਅਸ਼ਾਂਤੀ,ਪਰ ਕਿਸੇ ਭੀ ਆਗੂ ਵੱਲੋਂ ਐਸਾ ਨਹੀਂ ਕੀਤਾ ਜਾ ਰਿਹਾ ਅਤੇ ਨਾਂ ਹੀ ਆਸ ਹੈ। ਅਸਾਂਤੀ ਦਾ ਵੱਡਾ ਕਾਰਨ ਹੈ ਕੌਮ ਦਾ ਬੇਅੰਤ ਸ਼ਹੀਦੀਆਂ ਦਾ ਕਰਜ਼ ਦਾਰ ਹੋਣਾ ਅਤੇ ਆਗੂਆਂ ਦਾ ਸਵਾਰਥੀ ਹੋਣਾ।

ਰਾਜਨਿਤਕਾਂ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਪਰ ਧਾਰਮਿਕ ਭੀ ਕੋਈ ਸਮਰਪਨ ਕਰਦਾ ਨਜ਼ਰ ਨਹੀਂ ਆਂ ਰਿਹਾ।ਜਿਸ ਕਰਕੇ 90% ਨਾਨਕ ਨਾਮ ਲੇਵਾ ਅਤਿ ਪਰੇਸਾਨ,ਪਰ 5% ਧਾਰਮਿਕ ਅਤੇ 5% ਰਾਜਨੀਤੀ ਦੀਆਂ ਕੁਰਸੀਆਂ ਹਥਿਆਉਣ ਦੇ ਚਾਹਵਾਨ ਸਿੱਖੀ ਦੇ ਪੂਰਨ ਖ਼ਾਤਮੇ ਲਈ ਭੀ ਤਿਆਰ।

ਇਸ ਲਈ Central valley California ਦੀਆ ਸੰਗਤਾਂ ਵਲੋਂ ਪੂਰੇ ਵਿਸ਼ਵ ਦੀਆਂ ਸਾਰੀਆਂ ਗੁਰ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪਣੇ ਹਰ ਤਰਾਂ ਦੇ ਨਿੱਜੀ ਸਵਾਰਥ ਛੱਡ ਕੇ ਸਾਹਿਬ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਮਰਪਨ ਕਰਨ ਦੀ ਅਪੀਲ ਕੀਤੀ ਜਾਂਦੀ ਹੈ ਜੀ। ਤਾਂਕਿ ਕੌਮ ਇਕ ਨਿਸ਼ਾਨ ਸਾਹਿਬ ਹੇਠ ਇਕੱਤਰ ਹੋ ਕੇ ਨਿਰੋਲ ਗੁਰਮਤਿ ਤੇ ਆਧਾਰਿਤ ਬਿਲਕੁਲ ਨਵਾਂ ਅਤੇ ਐਸਾ ਸੰਵਿਧਾਨ ਤਿਆਰ ਕਰ ਸਕੇ ਜੋ ਹਰ ਗੁਰੂ ਨਾਨਕ ਨਾਮ ਲੇਵਾ ਬੱਚੇ ਬੱਚੇ ਨੂੰ ਪ੍ਰਵਾਨ ਹੋਵੇ।ਗੁਰੂ ਸਾਹਿਬ ਦੇ ਸਰਬੱਤ ਦੇ ਭਲੇ ਦੇ ਟੀਚੇ ਤੇ ਬਿਲਕੁਲ ਪੂਰਾ ਉਤਰਦਾ ਹੋਵੇ। ਇਸਤੋਂ ਬਿਨਾ ਕਰਜ਼ ਓਤਰ ਹੀ ਨਹੀਂ ਸਕਦਾ ਅਤੇ ਗੁਰੂ ਸਾਹਿਬ ਦੀਆਂ ਅਤੁੱਲ ਕੁਰਬਾਨੀਆਂ ਦਾ ਕਰਜ਼ ਦਾਰ ਸੰਸਾਰ, ਹੋਰ ਭੀ ਅਸਾਂਤ ਹੋਵੇਗਾ।

ਨਾਨਕ ਨਾਮ ਲੇਵਾ ਜਿਹਨਾ ਦੀ ਅੱਜ ਇਹ ਸਬ ਤੋ ਪਹਿਲੀ ਦੁਟੇ ਹੈ,ਜਿਹਨਾਂ ਨੂੰ ਗੁਰੂ ਸਾਹਿਬ ਨੇ world peace[ ਲਈ ਚੁਣਿਆਂ ਸੀ ਅਤੇ ਕਿਹਾ ਸੀ "ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ"।

ਉਹ ਅਸੀਂ ਕਰੋੜਾ ਹਾਂ ਜ਼ਿਹਨਾਂ ਤੇ ਗੁਰੂ ਸਾਹਿਬ ਨੇ ਮਾਨ ਕੀਤਾ ਸੀ। ਸਬ ਇਕ ਨਿਸ਼ਾਨ ਸਾਹਿਬ ਹੇਠ ਇਕੱਤਰ ਹੋਈਏ, ਅਤੇ ਨਵਾਂ ਇਤਿਹਾਸ ਸਿਰਜਨ ਲਈ ਓਹਨਾਂ ਸੈਂਕੜੇ ਹਜਾਰਾਂ ਵੀਰਾਂKਭੈਣਾਂ ਦੀ ਅਗਵਾਈ ਪਰਵਾਨ ਕਰੀਏ ਜਿਹੜੇ ਪੰਥ ਦਰਦੀ, ਪੂਰਨ ਨਿਸਵਾਰਥ, ਅਪਣੀ ਵਡਿਆਈ ਤੋਂ ਬਹੁਤ ਦੂਰ ਰਹਿਣ ਵਾਲੇ, ਆਪ ਪੜਦੇ ਵਿੱਚ ਰਹਿ ਕੇ ਸਿਰਫ ਸੰਸਾਰ ਵਿੱਚ ਗੁਰੂ ਸਾਹਿਬ ਦੀ ਵਡਿਆਈ ਅਤੇ ਅਗਵਾਈ ਚਾਹੁਣ ਵਾਲੇ, ਸਤਿਗੁਰਾਂ ਦੀ ਅਗਵਾਈ ਵਿੱਚ ਜਗਤ ਜਲਦੇ ਦੀ ਠੰਡਕ ਦੀ ਤੜਪ ਰੱਖਣ ਵਾਲੇ ਵਿਦਵਾਨ, ਸਭ ਦੇ ਚਰਨਾਂ ਦੀ ਧੂੜ ਬਣਨ ਦੀ ਇੱਛਾ ਰੱਖਣ ਵਾਲੇ, ਜਿਹਨਾ ਦੀ ਕੌਮ ਵਿੱਚ ਕਮੀ ਨਹੀਂ,ਹੀ ਸ਼ਹੀਦੀਆਂ ਦਾ ਮੁੱਲ ਪਾਕੇ ਐਸਾ unique ਇਤਿਹਾਸ ਰਚ ਸਕਦੇ ਹਨ ਜੀ। ਜਿਸ ਲਈ ਸਾਰੇ ਗੁਰੂ ਸਾਹਿਬ ਨੇ ਅਪਨੇ ਆਪ ਨੂੰ ਕੁਰਬਾਨ ਕੀਤਾ।

ਇਹਨਾਂ ਵਿਚਾਰਾਂ ਨੂੰ ਅੱਗੇ ਤੋਰਨ ਲਈ ਦਾਸ ਨੂੰ central Valley Sikh Council ਦੇ ਸੰਵਿਧਾਨ ਨੇ ਬਹੁਤ ਪ੍ਰੇਰਨਾ ਦਿੱਤੀ ਹੈ। ਦਾਸ ਇਕ ਰਿਟਾਇਰਡ ਅਧਿਆਪਕ ਅਤੇ 40 ਸਾਲ ਤੋਂ ਪ੍ਰਚਾਰਕ ਵੀ ਹੈ। ਲਗਾਤਾਰ ਤਿੰਨ ਸਾਲ ਤੋਂ ਵੱਖ ਵੱਖ ਸੰਗਤਾਂ ਵੱਲੋਂ ਇਸ ਕਾਰਜ ਲਈ ਪੂਰਨ ਹੁੰਗਾਰਾ ਮਿਲਿਆ ਹੈ। ਅਤੇ ਹੁਣ ਇਹ ਕਰਜ਼ਾ ਉਤਾਰਨ ਲਈ ਸਿੱਖ ਦਾ ਬੱਚਾ ਬੱਚਾ ਤੜਪ ਰਿਹਾ ਹੈ। ਅਤੇ ਇਸ ਕਾਰਜ ਦੇ ਅਗਲੇ Step ਨੂੰ ਸੰਸਾਰ ਭਰ ਦੇ ਪ੍ਰਚਾਰਕਾਂ ਨੂੰ ਨੇਪਰੇ ਚਾੜ੍ਹਣ ਦੀ ਅਪੀਲ ਹੈ ਜੀ। ਨਾਨਕ ਨਾਮ ਲੇਵਾ ਸਾਰੇ ਸਰਧਾਲੂ ਵੀਰ ਭੈਣਾਂ ਜੀ ਆਪਣੇ ਸੁਝਾਵ central Valley ਦੀਆਂ ਸੰਗਤਾਂ ਦੀ ਝੋਲੀ ਵਿੱਚ ਪਾਉ ਜੀ। ਹੇਠ ਲਿਖੇ Facebook page ਤੇ ਅਪਨੇ ਵਿਚਾਰ ਲਿਖੋ ਜੀ।ਕਿ ਇਸ ਵੇਲੇ ਪੰਥ ਨੂੰ ਕੈਸੇ ਲੀਡਰਾਂ ਦੀ ਲੋੜ ਹੈ। ਉਹਨਾਂ ਦੀ ਪਰਖ ਕਿਵੇਂ ਹੋਵੈ। ਅਤੇ ਉਹਨਾਂ ਤੇ ਪੂਰਾ ਵਿਸ਼ਵਾਸ ਕਿਵੇਂ ਹੋਵੇ। ਸੇਵਾ ਦੇ ਚਾਹਵਾਨ ਖ਼ੁਦ ਸੁਝਾਵ ਦੇਣ ਜੀ। ਜਿਸ ਨਾਲ ਸਬ ਦੇ ਮਨਾਂ ਵਿੱਚ ਠੰਢ ਵਰਤ ਜਾਵੇ।ਭਾਵੇਂ ਦਾਸ ਕਾਫ਼ੀ ਸਮੇਂ ਤੋਂ ਰੇਡਿਉ ਅਤੇ ਹੋਰ ਸਾਧਨਾਂ ਰਾਹੀਂ ਇਸੇ ਕਾਰਜ ਲਈ ਪੂਰੇ ਜਤਨ ਨਾਲ ਸਮਰਪਿਤ ਹੈ। ਪਰ ਨਵੇਂ ਯਤਨਾਂ ਦੀ ਆਰੰਭਤਾ ਨਾਲ ਹੀ ਕਿਸੇ ਭੀ ਵੱਡੀ ਧਾਰਮਿਕ ਹਸਤੀ ਨੂੰ ਰੇਡਿਉ ਤੇ ਇਸ ਬਾਰੇ ਅਪਨਾ ਪੱਖ ਦੱਸਣਾ ਚਾਹੰਦਾ ਹਾਂ ਜੀ। ਜੇ ਉਹ ਚਾਹੁਣ ਤੇ ਰੇਡਿਉ ਰਾਹੀਂ ਜਾਂ ਸੰਗਤ ਵਿੱਚ ਇਲਾਕੇ ਦੇ ਕਿਸੇ ਭੀ ਗੁਰੂ ਘਰ ਦਾਸ ਨੂੰ ਗੁਰੂ ਸਾਹਿਬ ਵ.ਲੋ ਸਰਬੱਤ ਦੇ ਭਲੇ ਅਤੇ ਪੰਥ ਏਕਤਾ ਲਈ ਬਖ਼ਸ਼ੇ ਬਿਬੇਕ ਦੀ ਪ੍ਰਿਖਿਆ ਲੈ ਸਕਦੇ ਹਨ ਜੀ। ਇਸ ਕਾਰਜ ਪਿੱਛੇ ਕਦੇ ਭੀ ਏਕਤਾ ਤੋਂ ਛੁੱਟ ਦਾਸ ਦਾ ਕੋਈ ਧਾਰਮਿਕ, ਰਾਜਨੀਤਿਕ, ਸਮਾਜਿਕ ਜਾਂ ਆਰਥਿਕ ਸਵਾਰਥ ਨਜ਼ਰ ਵੀ ਆ ਜਾਂਵੇ ਤੇ ਸੰਗਤ ਵਿੱਚ ਮੂੰਹ ਕਾਲਾ ਸਜ਼ਾ ਭੀ ਬਹੁਤ ਛੋਟੀ ਰਹਿ ਜਾਵੇਗੀ।

ਗੁਰੂ ਸਾਹਿਬ ਦੀ ਅਪਾਰ ਬਖਸ਼ਿਸ ਸਦਕਾ ਆਪ ਜੀ ਅੱਗੇ ਵਧੋ। ਪ੍ਰਚਾਰਕ ਵੀਰਾਂ ਤਕ ਇਹ ਸਾਰਾ ਸੰਦੇਸ਼ਾ ਬਹੁਤ ਤੇਜੀ ਨਾਲ ਪਹੁੰਚਾ ਦਿਉ ਜੀ। ਵੱਖ ਵੱਖ ਸੰਸਥਾਵਾਂ ਦੇ ਮੁੱਖੀ ਪ੍ਰਚਾਰਕਾਂ ਨੂੰ ਹੱਥ ਜੋੜ ਬੇਨਤੀ ਹੈ ਕਿ ਉਹ ਬਿਨਾਂ ਦੇਰੀ ਤੋਂ ਏਕਤਾ ਲਈ ਅੱਗੇ ਆ ਜਾਣ ਜੀ। ਪ੍ਰਚਾਰਕ ਵੀਰਾਂ ਨੂੰ ਆਉਂਦੀ ਹਰ ਔਕੜ ਦਾ ਹੱਲ ਗੁਰੂ ਸਾਹਿਬ ਬਾਣੀ ਵਿੱਚ ਬਖਸਦੇ ਹਨ ਜੀ। Radio TV ਅਤੇ ਹੋਰ ਭੀ ਬਹੁਤ Media ਸਿੱਖ ਸੰਗਤਾਂ ਦਾ ਆਪਣਾ ਹੈ ਜਾਂ ਉਹਨਾਂ ਦੇ ਪ੍ਰਭਾਵ ਹੇਠ ਹੈ। ਪ੍ਰਚਾਰਕ ਵੀਰਾਂ ਦੀ ਹਰ ਗੱਲ ਦਾ ਜਵਾਬ ਕੌਮ ਦੇ ਏਕੇ ਲਈ ਦਾਸ ਨੂੰ ਗੁਰੂ ਸਾਹਿਬ ਦੀ ਬਖਸ਼ੇ ਬਿਬੇਕ ਵਿੱਚੋਂ ਮਿਲਿਆ ਹੈ। ਤਾਂ ਹੀ ਇਹ ਵਿਚਾਰ ਸੰਗਤਾਂ ਦੇ ਸਨਮੁਖ ਕੀਤਾ ਹੈ ਜੀ। ਨਿਸ਼ੰਕ ਅਤੇ ਨਿਧੜਕ ਹੋ ਕੇ ਮੁੱਖੀ ਪ੍ਰਚਾਰਕ ਵੀਰ Media ਰਾਹੀਂ ਸੰਸਾਰ ਦੇ ਕਿਸੇ ਕੋਨੇ ਵਿੱਚ ਬੈਠੇ ਹੋਏ ਹੀ ਅਪਣਾ ਸ਼ੰਕਾ ਨਿਵਿਰਤ ਕਰ ਸਕਦੇ ਹਨ। ਜਿਹੜੇ ਭੀ ਮਦਿਅ ਨੂੰ ਸਿੱਖ ਸੰਗਤਾਂ ਜਾਂ ਪ੍ਰਚਾਰਕ ਵੀਰ ਚਾਹੁਣ, ਦਾਸ ਕੈਲੀਫੋਰਨੀਆ ਤੋਂ live ਹੋ ਜਾਵੇਗਾ

ਵਖਤ ਵਿਚਾਰੇ ਸੋ ਬੰਦਾ ਹੋਏ ਦੇ ਮਹਾਂ ਵਾਕਾਂ ਅਨੁਸਾਰ ਵਕਤ ਸ਼ਹੀਦੀਆਂ ਨੂੰ ਯਾਦ ਕਰਨ ਦੇ ਨਾਲ ਇਕ ਵੱਢੇ ਹੱਲੇ ਨਾਲ ਕਰਜ਼ ਦੀ ਕਿਸ਼ਤ ਉਤਾਰਨ ਦਾ ਹੈ।

"ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗ ਸਗਲੋ ਧੰਧਾ"ਅੰਗ ੩੩੯

ਜੋ ਅੱਜ ਅਸੀਂ ਕਰ ਰਹੇ ਹਾਂ ਦੂਰ ਤੱਕ ਭੀ ਇਸ ਵਿੱਚ ਗੁਰੂ ਸਾਹਿਬ ਦੇ ਧਰਮ ਦੀ ਖੁਸਬੂ ਨਹੀਂ। ਕੁਰਬਾਨੀਆਂ ਦੇ ਅਸ.ਲ ਉਦੇਸ਼ ਨੂੰ ਭੁੱਲ ਕੇ ਧਰਮ ਨੂੰ ਧੰਧਾ ਬਣਾਉਨਾ ਕਰਜ਼ ਨੂੰ ਕਈ ਗੁਣਾ ਵਧਾਉਣਾ ਹੈ ਜੀ।

ਜੋ ਮਾਇਆ ਨਾਲ ਨਹੀਂ ਬਲਿਕੇ ਸਤਿਗੁਰ ਜੀ ਲਈ ਜੁਗੋ ਜੁਗ ਅਟੱਲ ਸ਼ਬਦ ਕਹਿਣ ਵਾਲੇ ਸਾਡੇ ਸਤਿਕਾਰ ਯੋਗ ਪ੍ਰਚਾਰਕ ਵੀਰਾਂ ਦੇ ਆਪ ਹਰ ਤਰਾਂ ਦਾ ਸਵਾਰਥ ਛੱਡ ਕੇ ਪੂਰਨ ਸਮਰਪਨ ਤੋਂ ਬਾਦ ਹੋਣਾ ਹੈ ਅਤੇ ਫਿਰ ਬੱਚੇ ਬੱਚੇ ਨੂੰ ਹਰ ਤਰਾਂ ਦੀ ਧੜੇਬੰਦੀ ਤੋਂ ਬਾਹਰ ਕੱਢ ਕੇ ਸਤਿਗੁਰਾਂ ਅੱਗੇ ਪੂਰਨ ਸਮਰਪਨ ਕਰਵਾਨਾ ਹੈ ਜੀ।

ਨਾਨਕ ਨਾਮ ਲੇਵਾ ਹਰ ਪ੍ਰਾਨੀ ਇਸ ਕਾਰਜ ਲਈ ਬਿਲਕੁਲ ਤਿਆਰ ਬੈਠਾ ਹੈ। ਵੱਡੇ ਪ੍ਰਚਾਰਕ ਵੀਰਾਂ ਦੇ ਐਸਾ ਕਰਨ ਨਾਲ ਪੂਰਾ ਸੰਸਾਰ ਸਤਿਗੁਰਾਂ ਦੇ ਆਦਰਸ਼ਾਂ ਦੀ ਨਿੱਘ ਮਾਣ ਸਕੇਗਾ ਅਤੇ ਫਿਰ ਅਸੀਂ ਹੀ ਨਹੀਂ ਸਾਰਾ ਸੰਸਾਰ ਜੁਗੋ ਜੁਗ ਅਟੱਲ ਕਹੇਗਾ। ਅਸੀਂ ਸ਼ਹੀਦੀਆਂ ਦੇ ਬੇਹਿਸਾਬ ਕਰਜ਼ ਦੀ ਕੁਝ ਅਦਾਇਗੀ ਕਰ ਸਕਾਂਗੇ।

# ਪੇਂਡੂ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਨੂੰ ਗ਼ਰੀਬੀ ਦੀ ਦਲਦਲ ਵਿਚੋਂ ਕਿਵੇਂ ਬਾਹਰ ਕੱਢਿਆ ਜਾਵੇ?



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ (ਲੁਧਿਆਣਾ) ਵੱਲੋਂ ਸਪਾਂਸਰ ਕੀਤੇ ਗਏ ਇਕ ਖੋਜ ਪ੍ਰੋਜੈਕਟ "ਪੇਂਡੂ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਦੀ ਆਰਥਿਕ, ਸਮਾਜਿਕ ਅਤੇ ਰਾਜਸੀ ਭਾਗੀਦਾਰੀ" ਲਈ ਪੇਂਡੂ ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ, ਉਪਭੋਗ ਖ਼ਰਚ, ਕਰਜ਼ਾ, ਗ਼ਰੀਬੀ, ਸੰਪਤੀ ਅਤੇ ਇਨ੍ਹਾਂ ਪਰਿਵਾਰਾਂ ਦੁਆਰਾ ਹੰਢਾਈਆਂ ਜਾਂਦੀਆਂ ਪਰਿਵਾਰਕ, ਸਮਾਜਿਕ, ਰਾਜਸੀ ਅਤੇ ਕੰਮ-ਕਾਜ ਨਾਲ ਸੰਬੰਧਿਤ ਸਮੱਸਿਆਵਾਂ ਦਾ ਵੱਖ ਵੱਖ ਪੱਖਾਂ ਤੋਂ ਲੇਖਕ ਅਤੇ ਉਸ ਦੇ ਸਹਿਯੋਗੀਆਂ ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਵੀਰਪਾਲ ਕੌਰ ਅਤੇ ਡਾ. ਜਿਓਤੀ ਦੁਆਰਾ 2016-17 ਲਈ ਅਧਿਐਨ ਕੀਤਾ ਗਿਆ। ਇਸ ਅਧਿਐਨ ਲਈ ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਵਿਚੋਂ 4 ਜਿਲ੍ਹਿਆਂ ਨੂੰ ਚੁਣਿਆ ਗਿਆ। ਮਾਝੇ ਅਤੇ ਦੋਆਬੇ ਖੇਤਰਾਂ ਵਿਚ 4-4 ਜਿਲ੍ਹੇ ਹਨ। ਮਾਝੇ ਖੇਤਰ ਵਿਚੋਂ ਅੰਮ੍ਰਿਤਸਰ ਅਤੇ ਦੋਆਰੇ ਖੇਤਰ ਵਿਚੋਂ ਜਲੰਧਰ ਜ਼ਿਲ੍ਹਿਆਂ ਨੂੰ ਚੁਣਿਆ ਗਿਆ। ਮਾਲਵੇ ਖੇਤਰ, ਜਿਸ ਵਿਚ 14 ਜ਼ਿਲ੍ਹੇ ਹਨ, ਵਿਚੋਂ ਦੋ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਅਤੇ ਮਾਨਸਾ ਚੁਣੇ ਗਏ। ਚੁਣੇ ਗਏ 4 ਜ਼ਿਲ੍ਹਿਆਂ ਦੇ ਸਾਰੇ ਵਿਕਾਸ ਵਿਚੋਂ ਇਕ-ਇਕ ਪਿੰਡ ਚੁਣ ਕੇ 1017 ਔਰਤ ਮਜ਼ਦੂਰ ਪਰਿਵਾਰਾਂ ਵਿਚੋਂ 92.43 ਫ਼ੀਸਦ ਅਨੁਸੂਚਿਤ ਜਾਤੀਆਂ, 7.08 ਫ਼ੀਸਦ ਪਿਛੜੀਆਂ ਸ਼੍ਰੇਣੀਆਂ ਅਤੇ ਸਿਰਫ਼ 0.49 ਫ਼ੀਸਦ ਜਨਰਲ ਜਾਤੀਆਂ ਨਾਲ ਸੰਬੰਧਿਤ ਹਨ। ਇਸ ਲੇਖ ਵਿਚ ਪੇਂਡੂ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਹੋਂਦ ਅਤੇ ਹੱਦ ਉਸ ਦੇ ਕਾਰਨਾਂ ਅਤੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਬਾਰੇ ਸੁਝਾਅ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਵਰਤਮਾਨ ਸਮੇਂ ਦੌਰਾਨ ਗ਼ਰੀਬੀ ਨਾਲ ਸੰਬੰਧਿਤ ਸਾਹਿਤ ਵੱਲ ਵਧੇਰੇ ਝੁਕਾਅ ਦਿਖਾਈ ਦਿੰਦਾ ਹੈ ਜਿਸ ਵਿਚ 'ਰਿਸਾਅ ਦੀ ਨੀਤੀ', 'ਗ਼ਰੀਬਾਂ-ਪੱਖੀ ਵਿਕਾਸ' ਤੋਂ ਬਿਨਾਂ ਹੋਰ ਅਨੇਕਾਂ ਪੱਖ ਸਾਹਮਣੇ ਆ ਰਹੇ ਹਨ। ਇਹ ਸਾਰੇ ਪੱਖਾਂ ਦਾ ਜ਼ੋਰ ਇਕ ਗੱਲ ਉੱਪਰ ਹੈ ਕਿ ਕਿਸੇ ਵੀ ਸਮਾਜ ਵਿਚ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੋਣਾ ਚਾਹੀਦਾ ਜਿਸ ਦੀਆਂ ਮੁਢਲੀਆਂ ਲੋੜਾਂ ਵੀ ਪੂਰੀਆਂ ਨਾ ਕੀਤੀਆਂ ਜਾਂਦੀਆਂ ਹੋਣ। ਭਾਰਤ ਵਿਚ ਵਿਦਵਾਨ, ਯੋਜਨਾਕਾਰ ਅਤੇ ਨੀਤੀਆਂ ਬਣਾਉਣ ਵਾਲੇ ਗ਼ਰੀਬੀ ਅਤੇ ਖ਼ਾਸ ਕਰਕੇ ਪੇਂਡੂ ਗ਼ਰੀਬੀ ਵੱਲ ਵਧੇਰੇ ਧਿਆਨ ਦਿੰਦੇ ਦਿਖਾਈ ਦਿੰਦੇ ਹਨ। ਭਾਵੇਂ ਗ਼ਰੀਬੀ ਦੇ ਖਾਤਮੇ ਲਈ ਸਾਲ ਦਰ ਸਾਲ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿਚ ਵਾਧਾ ਹੁੰਦਾ ਦਿਖਾਈ ਦਿੰਦਾ ਹੈ, ਪਰ ਅੱਜ ਵੀ ਭਾਰਤੀ ਸਮਾਜ ਦਾ ਇਕ ਵੱਡਾ ਹਿੱਸਾ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦਿਨਕਟੀ ਕਰਨ ਲਈ ਮਜ਼ਬੂਰ ਕੀਤਾ ਹੋਇਆ ਹੈ। ਗ਼ਰੀਬੀ ਇਕ ਬਹੁ-ਦਿਸ਼ਾਵੀ ਧਾਰਨਾ ਹੈ। ਮੋਟੇ ਤੌਰ ਉੱਤੇ ਇਹ ਉਹ ਦਿਸ਼ਾ ਹੈ ਜਿੱਥੇ ਵਿਅਕਤੀਗਤ ਕਲਿਆਣ ਅਧੂਰਾ ਅਤੇ ਸਮਾਜਿਕ ਤੌਰ ਉੱਪਰ ਅਪ੍ਰਵਾਨ ਹੁੰਦਾ ਹੈ। ਇਸ ਲਈ ਗ਼ਰੀਬੀ ਉਹ ਦਿਸ਼ਾ ਹੈ ਜਿਸ ਵਿਚ ਵਿਅਕਤੀ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਨਾ ਕਰ ਸਕਣ ਕਾਰਨ ਇਕ ਸਿਹਤਮੰਦ ਅਤੇ ਉਪਜਾਊ ਜ਼ਿੰਦਗੀ ਨਾ ਜਿਉ ਸਕਣ। ਜ਼ਿਆਦਾਤਰ ਵਿਦਵਾਨ ਗ਼ਰੀਬੀ ਦੀ ਇਸ ਤਰ੍ਹਾਂ ਦੀ ਪਰਿਭਾਸ਼ਾ ਨਾਲ ਸਹਿਮਤ ਹਨ।

ਭਾਰਤ ਵਿਚ ਸਮੇਂ ਸਮੇਂ ਉੱਪਰ ਗ਼ਰੀਬੀ ਦੀ ਹੋਂਦ ਅਤੇ ਹੱਦ ਨੂੰ ਦੇਖਣ ਲਈ ਵੱਖ ਵੱਖ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਐਕਸਪਰਟ ਗਰੁੱਪ, ਤੈਂਦੂਲਕਰ, ਰੰਗਾਰਾਜਨ, ਸੂਬੇ ਦੀ 50 ਫ਼ੀਸਦ ਪ੍ਰਤਿ ਵਿਅਕਤੀਗਤ ਆਮਦਨ, ਸੂਬੇ ਦੀ 40 ਫ਼ੀਸਦ ਪ੍ਰਤਿ ਵਿਅਕਤੀਗਤ ਆਮਦਨ ਅਤੇ ਵਰਲਡ ਬੈਂਕ ਦੇ ਮਾਪਦੰਡ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਹੋਂਦ ਅਤੇ ਹੱਦ ਨੂੰ ਸਮਝਣ ਲਈ ਵਰਤੇ ਗਏ ਹਨ।

ਐਕਸਪਰਟ ਗਰੁੱਪ ਮਾਪਦੰਡ ਅਨੁਸਾਰ 1973-74 ਦੀਆਂ ਕੀਮਤਾਂ ਉੱਪਰ 49 ਰੁਪਏ 9 ਪੈਸੇ ਪ੍ਰਤਿ ਮਹੀਨਾ, ਪ੍ਰਤਿ ਜੀਅ ਉਪਭੋਗ ਖ਼ਰਚ ਨੂੰ ਗ਼ਰੀਬੀ ਦੀ ਰੇਖਾ ਦਾ ਆਧਾਰ ਬਣਾਇਆ ਗਿਆ ਜੋ 2016-17 ਲਈ 28061 ਰੁਪਏ 65 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ। ਤੈਂਦੂਲਕਰ ਮਾਪਦੰਡ ਅਨੁਸਰ 2004-05 ਲਈ ਗ਼ਰੀਬੀ ਦੀ ਰੇਖਾ 543 ਰੁਪਏ 51 ਪੈਸੇ ਪ੍ਰਤਿ ਮਹੀਨਾ, ਪ੍ਰਤਿ ਵਿਅਕਤੀ ਮਿਥੀ ਗਈ ਜੋ ਸਾਲ 2016-17 ਲਈ 16686 ਰੁਪਏ 70 ਪੈਸੇ ਬਣਦੀ ਹੈ। ਰੰਗਾਰਾਜਨ ਦੀ ਅਗਵਾਈ ਐਕਸਪਰਟ ਗਰੁੱਪ ਦੁਆਰਾ ਜੂਨ 2014 ਨੂੰ ਪੇਸ਼ ਕੀਤੀ ਗਈ ਰਿਪੋਰਟ ਵਿਚ ਗ਼ਰੀਬੀ ਦੀ ਰੇਖਾ 1127 ਰੁਪਏ 48 ਪੈਸੇ ਪ੍ਰਤਿ ਮਹੀਨਾ, ਪ੍ਰਤਿ ਵਿਅਕਤੀ ਸੁਝਾਈ ਗਈ ਜੋ 2016-17 ਲਈ 19375 ਰੁਪਏ 67 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ। ਪੰਜਾਬ ਸੂਬੇ ਵਿਚ ਪ੍ਰਤਿ ਵਿਅਕਤੀ ਆਮਦਨ ਦੇ 50 ਫ਼ੀਸਦ ਅਨੁਸਾਰ 2016-17 ਲਈ ਗ਼ਰੀਬੀ ਦੀ ਰੇਖਾ 65556 ਰੁਪਏ ਅਤੇ 40 ਫ਼ੀਸਦ ਪ੍ਰਤਿ ਵਿਅਕਤੀ ਆਮਦਨ ਅਨੁਸਾਰ 52444 ਰੁਪਏ 80 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ। ਵਰਲਡ ਬੈਂਕ ਨੇ ਗ਼ਰੀਬੀ ਦੀ ਰੇਖਾ ਦੀਆਂ ਦੋ ਪਰਿਭਾਸ਼ਾਵਾਂ ਦਿੱਤੀਆਂ ਹਨ। ਇਸ ਸੰਸਥਾ ਦੁਆਰਾ ਦਿ-ੱਤੀਆਂ ਗਈਆਂ ਪਰਿਭਾਸ਼ਾਵਾਂ ਅਨੁਸਾਰ 2016-17 ਲਈ ਅੱਤ ਦੀ ਗ਼ਰੀਬੀ ਦੀ ਰੇਖਾ 12358 ਰੁਪਏ 17 ਪੈਸੇ ਅਤੇ ਸਧਾਰਨ ਗ਼ਰੀਬੀ ਦੀ ਰੇਖਾ 20163 ਰੁਪਏ 33 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ।

ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਹੋਂਦ ਅਤੇ ਹੱਦ ਨੂੰ ਦੇਖਣ ਲਈ ਗ਼ਰੀਬੀ ਰੇਖਾ ਦੀਆਂ ਉਪਰੋਕਤ ਪਰਿਭਾਸ਼ਾਵਾਂ ਵਰਤਦੇ ਹੋਏ ਇਨ੍ਹਾਂ ਪਰਿਵਾਰਾਂ ਦੀ ਆਮਦਨ ਅਤੇ ਉਪਭੋਗ ਖ਼ਰਚ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਪਰਿਵਾਰਾਂ ਦੀ 2016-17 ਦੌਰਾਨ ਪ੍ਰਤਿ ਸਾਲ ਪ੍ਰਤਿ ਵਿਅਕਤੀ ਆਮਦਨ ਨੂੰ ਆਧਾਰ ਬਣਾਉਂਦੇ ਹੋਏ, ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ ਐਕਸਪਰਟ ਗਰੁੱਪ ਮਾਪਦੰਡ ਅਨੁਸਾਰ 92.40 ਫ਼ੀਸਦ, ਤੈਂਦੂਲਕਰ ਮਾਪਦੰਡ ਅਨੁਸਾਰ 57.48 ਫ਼ੀਸਦ, ਰੰਗਾਰਾਜਨ ਮਾਪਦੰਡ ਅਨੁਸਾਰ 72.54 ਫ਼ੀਸਦ, ਸੂਬੇ ਦੇ 50 ਫ਼ੀਸਦ ਅਤੇ 40 ਫ਼ੀਸਦ ਪ੍ਰਤਿ ਵਿਅਕਤੀ ਆਮਦਨ ਮਾਪਦੰਡਾਂ ਅਨੁਸਾਰ ਕ੍ਰਮਵਾਰ 100 ਅਤੇ 99.70 ਫ਼ੀਸਦ, ਵਰਲਡ ਬੈਂਕ ਦੇ ਅੱਤ ਦੀ ਗ਼ਰੀਬੀ ਮਾਪਦੰਡ ਅਨੁਸਾਰ 33.48 ਫ਼ੀਸਦ ਅਤੇ ਇਸ ਦੇ ਹੀ ਸਧਾਰਨ ਗ਼ਰੀਬੀ ਮਾਪਦੰਡ ਅਨੁਸਾਰ 75.81 ਫ਼ੀਸਦ ਜੀਅ ਗ਼ਰੀਬੀ ਵਿਚ ਦਿਨਕਟੀ ਕਰਨ ਲਈ ਮਜ਼ਬੂਰ ਕੀਤੇ ਹੋਏ ਹਨ। ਪਰ ਜੇਕਰ ਇਨ੍ਹਾਂ ਪਰਿਵਾਰਾਂ ਦੇ 2016-17 ਦੌਰਾਨ ਉਪਭੋਗ ਖ਼ਰਚ ਨੂੰ ਆਧਾਰ ਬਣਾ ਲਿਆ ਜਾਵੇ ਤਾਂ ਇਨ੍ਹਾਂ ਹੀ ਮਾਪਦੰਡਾਂ ਅਨੁਸਾਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦਿਨਕਟੀ ਕਰਨ ਵਾਲੇ ਜੀਆਂ ਦੀ ਫ਼ੀਸਦ ਗਿਣਤੀ ਕ੍ਰਮਵਾਰ 86.35, 43.85, 56.44, 99.73, 98.33, 12.91 ਅਤੇ 61.30 ਬਣਦੀ ਹੈ। ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਦੇ ਜੀਆਂ ਦੀ ਫ਼ੀਸਦ ਗਿਣਤੀ ਇਨ੍ਹਾਂ ਪਰਿਵਾਰਾਂ ਦੀ ਆਮਦਨ ਦੇ ਮੁਕਾਬਲੇ ਉਪਭੋਗ ਖ਼ਰਚ ਆਧਾਰ ਉੱਪਰ ਕੁਝ ਘੱਟ ਦਿਖਾਈ ਦਿੰਦੀ ਹੈ ਜਿਸ ਦਾ ਕਾਰਨ ਇਹ ਹੈ ਕਿ ਇਹ ਪਰਿਵਾਰਾਂ ਦੇ ਜੀਅ ਸਿਰਫ਼ ਜਿਉਣ ਖ਼ਾਤਰ ਆਪਣੀਆਂ ਘੱਟੋ ਘੱਟ ਲੋੜਾਂ ਪੂਰੀਆਂ ਕਰਨ ਲਈ ਮਜਬੂਰਨ ਕੁਝ ਕਰਜ਼ਾ ਲੈ ਲੈਂਦੇ ਹਨ।

ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੇ ਕਈ ਕਾਰਨ ਹਨ। ਇਨ੍ਹਾਂ ਪਰਿਵਾਰਾਂ ਵਿਚੋਂ ਬਹੁਤ ਵੱਡੀ ਗਿਣਤੀ (92.43 ਫ਼ੀਸਦ) ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਹੁਣ ਤੱਕ ਲਤਾੜਿਆ ਅਤੇ ਦੁਰਕਾਰਿਆ ਜਾਂਦਾ ਆ ਰਿਹਾ ਹੈ। ਪੰਜਾਬ ਦੀ ਕੁੱਲ ਜਨਸੰਖਿਆ ਦਾ ਤਕਰੀਬਨ ਇਕ-ਤਿਹਾਈ (31.94 ਫ਼ੀਸਦ) ਇਹਨਾਂ ਜਾਤੀਆਂ ਦਾ ਹੈ। ਆਮ ਤੌਰ ਉੱਤੇ ਇਨ੍ਹਾਂ ਜਾਤੀਆਂ ਅਤੇ ਸਰਵੇ ਕੀਤੇ ਗਏ 1017 ਪਰਿਵਾਰਾਂ ਕੋਲ ਉਤਪਾਦਨ ਕੋਈ ਵੀ ਸਾਧਨ ਜਿਵੇਂ ਜ਼ਮੀਨ, ਕਾਰੋਬਾਰ ਆਦਿ ਨਹੀਂ ਹਨ। ਵਿੱਦਿਆ ਕਿਸੇ ਵੀ ਵਿਅਕਤੀ ਨੂੰ ਉਸ ਦੇ ਹੱਕਾਂ ਖ਼ਾਸ ਕਰਕੇ ਆਰਥਿਕ, ਰਾਜਸੀ-ਸਮਾਜਿਕ ਭਾਗੀਦਾਰੀ ਬਾਰੇ ਜਾਗਰੂਕ ਕਰਨ ਵਿਚ ਸਹਾਈ ਹੁੰਦੀ ਹੈ। ਔਰਤ ਮਜ਼ਦੂਰ ਪਰਿਵਾਰਾਂ ਦੇ ਕਮਾਊ ਜੀਆਂ ਵਿਚੋਂ 56.18 ਫ਼ੀਸਦ, ਸਿਰਫ਼ ਅੱਖਰ-ਗਿਆਨ ਤੋਂ ਕੋਰੇ, ਅਨਪੜ੍ਹ ਹਨ ਅਤੇ 43.82 ਫ਼ੀਸਦ ਨੇ ਕੁਝ ਵਿੱਦਿਆ ਪ੍ਰਾਪਤ ਕੀਤੀ ਹੈ। ਵਿੱਦਿਆ ਪ੍ਰਾਪਤ ਜੀਆਂ ਵਿਚੋਂ 15 ਫ਼ੀਸਦ ਪਰਾਇਮਰੀ, 13.25 ਫ਼ੀਸਦ ਮਿਡਲ, 10.13 ਫ਼ੀਸਦ ਮੈਟਰਿਕ ਅਤੇ 4.67 ਫ਼ੀਸਦ ਹਾਇਰ ਸੈਕੰਡਰੀ ਦੀ ਯੋਗਤਾ ਵਾਲੇ ਹਨ। ਇਨ੍ਹਾਂ ਵਿਚੋਂ ਸਿਰਫ਼ 0.57 ਫ਼ੀਸਦ ਜੀਆਂ ਨੇ ਗਰੈਜੂਏਸ਼ਨ ਜਾਂ ਉਸ ਤੋਂ ਵੱਧ ਯੋਗਤਾ ਪ੍ਰਾਪਤ ਕੀਤੀ ਹੈ, ਜਦੋਂ ਕਿ 0.20 ਫ਼ੀਸਦ ਜੀਆਂ ਨੇ ਕੋਈ ਪੇਸ਼ੇਵਰ ਵਿੱਦਿਆ ਗ੍ਰਹਿਣ ਕੀਤੀ ਹੈ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਹੈ ਇਨ੍ਹਾਂ ਪਰਿਵਾਰਾਂ ਦੀ ਆਮਦਨ ਬਹੁਤ ਥੋੜ੍ਹੀ ਹੋਣ ਕਾਰਨ ਇਨ੍ਹਾਂ ਦੇ ਬੱਚੇ ਮਿਆਰੀ ਵਿੱਦਿਆ ਲੈਣ ਬਾਰੇ ਸੋਚ ਵੀ ਨਹੀਂ ਸਕਦੇ ਅਤੇ ਮਜਬੂਰੀਵੱਸ ਸਰੀਰਕ ਮਜ਼ਦੂਰੀ ਕਰਨ ਲਗਦੇ ਹਨ। ਪੰਜਾਬ ਵਿਚ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਵੀ ਕਦੇ ਬਹੁਤ ਚੰਗੀ ਨਹੀਂ ਰਹੀ। ਇਨ੍ਹਾਂ ਜਾਤੀਆਂ ਨੂੰ ਵੀ ਆਮ ਕਰਕੇ ਉਤਪਾਦਨ ਦੇ ਸਾਧਨਾਂ ਤੋ ਵਿਰਵੇ ਹੀ ਰੱਖਿਆ ਗਿਆ ਹੈ। ਜਨਰਲ ਜਾਤੀਆਂ ਕੋਲ ਉਤਪਾਦਨ ਦੇ ਸਾਧਨ ਹਨ, ਪਰ ਸਰਕਾਰੀ ਨੀਤੀਆਂ ਪੇਂਡੂ ਲੋਕਾਂ ਦੇ ਵਿਰੁੱਧ ਬਣਾਏ ਜਾਣ ਕਾਰਨ ਹੁਣ ਜਨਰਲ ਜਾਤੀਆਂ ਉਤਪਾਦਨ ਦੇ ਸਾਧਨਾਂ ਤੋਂ ਹੱਥ ਧੋਣ ਕਾਰਨ ਸਰੀਰਕ ਮਜ਼ਦੂਰੀ ਵੱਲ ਆਉਣ ਲੱਗੀਆਂ ਹਨ। 1947 ਤੋਂ ਲੈ ਕੇ ਹੁਣ ਤੱਕ ਵੱਖ ਵੱਖ ਹੁਕਮਰਾਨ ਰਾਜਸੀ ਪਾਰਟੀਆਂ ਨੇ ਇਸ ਕਿਰਤੀ ਵਰਗ ਦੀ ਭਲਾਈ ਲਈ ਬਹੁਤ ਵਾਅਦੇ ਅਤੇ ਦਾਅਵੇ ਤਾਂ ਕੀਤੇ, ਪਰ ਅਮਲ ਪੱਖੋਂ ਕੋਈ ਬਹੁਤੀ ਪ੍ਰਾਪਤੀ ਦੇਖਣ ਨੂੰ ਨਹੀਂ ਮਿਲਦੀ। ਮੁਲਕ ਦੀਆਂ ਲੋੜਾਂ ਲਈ ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਈ ਗਈ ਜਿਸ ਲਈ ਮਸ਼ੀਨਰੀ ਅਤੇ ਨਦੀਨ-ਨਾਸ਼ਕਾਂ ਦੀ ਲਗਾਤਾਰ ਅਤੇ ਬੇਲੋੜੀ ਵਰਤੋਂ ਨੇ ਖੇਤਬਾੜੀ ਖੇਤਰ ਵਿਚ ਰੁਜ਼ਗਾਰ ਨੂੰ ਵੱਡੇ ਪੱਧਰ ਉੱਤੇ ਘਟਾਇਆ ਅਤੇ ਖੇਤੀਬਾੜੀ ਖੇਤਰ ਵਿਚ ਆਈ ਖੜ੍ਹੋਤ, ਵਪਾਰ ਦੀਆਂ ਸ਼ਰਤਾਂ ਨੂੰ ਖੇਤੀਬਾੜੀ ਖੇਤਰ ਦੇ ਵਿਰੁੱਧ ਬਣਾਏ ਜਾਣ ਅਤੇ ਖੇਤੀਬਾੜੀ ਖੇਤਰ ਵਿਚ ਮਸ਼ੀਨਰੀ ਅਤੇ ਨਦੀਨਨਾਸ਼ਕਕਾਂ ਦੀ ਲਗਾਤਾਰ ਅਤੇ ਬੇਲੋੜੀ ਵਰਤੋਂ ਨੇ ਖੇਤ ਮਜ਼ਦੂਰਾਂ ਦੀ ਸ਼ੁੱਧ ਆਮਦਨ ਵਿਚ ਗਿਰਾਵਟ ਲਿਆਂਦੀ। ਪੰਜਾਬ ਦੇ ਪੇਂਡੂ ਖੇਤਰ ਵਿਚ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਦੇ ਵਿਕਾਸ ਨਾ ਕਰਨ ਕਰਕੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਨਹੀਂ ਹੋਇਆ। ਇਸ ਤੋਂ ਬਿਨਾਂ ਕੁਝ ਹੋਰ ਕਾਰਨ ਵੀ ਪੇਂਡੂ ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਦੀ ਗ਼ਰੀਬੀ ਲਈ ਜ਼ਿੰਮੇਵਾਰ ਹਨ। ਪੰਜਾਬ ਦੇ ਪੇਂਡੂ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੇ ਮਾੜੇ ਅਤੇ ਗ਼ੈਰ-ਮਨੁੱਖੀ ਪ੍ਰਭਾਵ ਸਪਸ਼ਟ ਦਿਖਾਈ ਦਿੰਦੇ ਹਨ। ਇਨ੍ਹਾਂ ਪਰਿਵਾਰਾਂ ਦੇ ਰਹਿਣ ਲਈ ਮਕਾਨ ਬਹੁਤ ਹੀ ਮਾੜੀ ਹਾਲਤ ਵਿਚ ਹਨ। ਇਨ੍ਹਾਂ ਪਰਿਵਾਰਾਂ ਕੋਲ ਪਸ਼ੂ-ਪਾਲਣ ਲਈ ਥਾਵਾਂKਮਕਾਨਾਂ ਦੀ ਘਾਟ ਸ਼ਰੇਆਮ ਦਿਖਾਈ ਹੈ। ਵਿੱਦਿਆ, ਸਿਹਤ-ਸੰਭਾਲ ਅਤੇ ਰੁਜ਼ਗਾਰ ਦੇ ਪੱਖੋਂ ਇਹ ਪਰਿਵਾਰ ਬਹੁਤ ਪਿੱਛੇ ਹਨ। ਇਨ੍ਹਾਂ ਪਰਿਵਾਰਾਂ ਦੀ ਗ਼ਰੀਬੀ ਕਾਰਨ ਇਨ੍ਹਾਂ ਦੀ ਆਰਥਿਕ-ਸਮਾਜਿਕ-ਰਾਜਸੀ ਭਾਗੀਦਾਰੀ ਬਹੁਤ ਹੀ ਨੀਵੇਂ ਪੱਧਰ ਦੀ ਹੈ ਜੋ ਅੱਜਕਲ੍ਹ ਇਨ੍ਹਾਂ ਨੂੰ ਲਤਾੜਨ ਅਤੇ ਦੁਰਕਾਰਨ ਦਾ ਕਾਰਨ ਬਣਦੀ ਹੋਈ ਇਨ੍ਹਾਂ ਦੇ ਨਪੀੜਨ ਵਿਚ ਸਾਫ਼ ਦਿਖਾਈ ਦਿੰਦੀ ਹੈ।

**ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ .ਗਰੀਬੀ ਦੇ ਕਈ ਕਾਰਨ ਹਨ। ਇਨ੍ਹਾਂ ਪਰਿਵਾਰਾਂ ਵਿਚੋਂ ਬਹੁਤ ਵੱਡੀ ਗਿਣਤੀ (92.43 ਫ਼ੀਸਦ) ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਹੁਣ ਤੱਕ ਲਤਾੜਿਆ ਅਤੇ ਦੁਰਕਾਰਿਆ ਜਾਂਦਾ ਆ ਰਿਹਾ ਹੈ। ਪੰਜਾਬ ਦੀ ਕੁੱਲ ਜਨਸੰਖਿਆ ਦਾ ਤਕਰੀਬਨ ਇਕ-ਤਿਹਾਈ (31.94 ਫ਼ੀਸਦ) ਇਹਨਾਂ ਜਾਤੀਆਂ ਦਾ ਹੈ।**

ਔਰਤ ਮਜ਼ਦੂਰ ਪਰਿਵਾਰਾਂ ਬਾਰੇ ਪੇਂਡੂ ਪੰਜਾਬ ਵਿਚ ਕੀਤਾ ਗਿਆ ਇਹ ਖੋਜ ਅਧਿਐਨ ਕਈ ਅਹਿਮ ਨੀਤੀ ਸੁਝਾਅ ਦਿੰਦਾ ਹੈ। ਔਰਤ ਮਜ਼ਦੂਰ ਪਰਿਵਾਰਾਂ ਲਈ ਬਾਲਗ ਵਿੱਦਿਆ ਦਾ ਠੀਕ ਪ੍ਰਬੰਧ ਕੀਤਾ ਜਾਵੇ ਤਾਂ ਕਿ ਇਹ ਮਜ਼ਦੂਰ ਆਪਣੀਆਂ ਸਮੱਸਿਆਵਾਂ ਦੇ ਕਾਰਨਾਂ, ਪ੍ਰਭਾਵਾਂ, ਜ਼ਿੰਮੇਵਾਰ ਲੋਕਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਸੋਚ ਸਕਣ। ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਲਈ ਮਿਆਰੀ ਵਿੱਦਿਆ ਅਤੇ ਸਿਹਤ-ਸੇਵਾਵਾਂ ਯਕੀਨੀ ਬਣਾਈਆਂ ਜਾਣ। ਔਰਤ ਮਜ਼ਦੂਰ ਪਰਿਵਾਰਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਉਸ ਦਾ ਮਿਆਰ ਵਧਾਉਣੇ ਯਕੀਨੀ ਬਣਾਏ ਜਾਣ। ਮਨਰੇਗਾ ਅਧੀਨ ਮਜ਼ਦੂਰਾਂ ਨੂੰ ਸਾਰਾ ਸਾਲ ਅਤੇ ਉਹ ਵੀ ਘੱਟੋ-ਘੱਟ ਸਰਕਾਰ ਦੇ ਆਪਣੇ ਦੁਆਰਾ ਨਿਸ਼ਚਿਤ ਕੀਤੀਆਂ ਮਜ਼ਦੂਰੀ ਦੀਆਂ ਘੱਟੋ-ਘੱਟ ਦਰਾਂ ਉੱਪਰ ਰੁਜ਼ਗਾਰ ਦਿੱਤਾ ਜਾਵੇ। ਇਸ ਦੇ ਨਾਲ ਨਾਲ ਪਿੰਡਾਂ ਵਿਚ ਐਗਰੋ-ਪ੍ਰੋਸੈਸਿੰਗ ਉਦਯੋਗ ਅਤੇ ਸੇਵਾਵਾਂ ਦੇ ਖੇਤਰ ਵਿਕਸਿਤ ਕੀਤੇ ਜਾਣ। ਇਸ ਖੋਜ ਅਧਿਐਨ ਦਾ ਇਕ ਬਹੁਤ ਹੀ ਮਹੱਤਵਪੂਰਨ ਸੁਝਾਅ ਮਜ਼ਦੂਰ ਔਰਤ ਪਰਿਵਾਰਾਂ ਦੇ ਹੱਕ ਵਿੱਚ ਜ਼ਮੀਨੀ ਸੁਧਾਰਾਂ ਦਾ ਹੈ ਜੋ ਇਨ੍ਹਾਂ ਦੀ ਹੋਂਦ ਨੂੰ ਬਚਾਉਣ ਵਿਚ ਸਹਾਈ ਹੋ ਸਕਦਾ ਹੈ। ਔਰਤ ਮਜ਼ਦੂਰ ਪਰਿਵਾਰਾਂ ਨੂੰ ਗ਼ਰੀਬੀ ਦੀ ਦਲਦਲ ਵਿਚੋਂ ਬਾਹਰ ਕੱਢਣ ਅਤੇ ਇਨ੍ਹਾਂ ਦੇ ਜੀਆਂ ਨੂੰ ਸੁਖੀ ਬਣਾਉਣ ਲਈ ਇਹ ਸਾਰੇ ਅਤੇ ਹੋਰ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਇਨ੍ਹਾਂ ਮਜ਼ਦੂਰਾਂ ਅਤੇ ਇਨ੍ਹਾਂ ਦੇ ਹੱਕਕਾਂ ਪ੍ਰਤਿ ਜਾਗਰੂਕ ਲੋਕਾਂ ਨੂੰ ਲੋਕਤੰਤਰਿਕ ਅਤੇ ਸਾਂਤਮਈ ਸੰਘਰਸ਼ਾਂ ਦਾ ਰਾਹ ਅਪਣਾਉਣਾ ਹੋਵੇਗਾ।

# ਅਸੀਂ ਕਿੱਧਰ ਨੂੰ ਜਾ ਰਹੇ ਹਾਂ?



ਬਖ਼ਸ਼ੀ ਰਾਮ ਲੁਧਿਆਣਾ
91 94 632 68101

ਸਰ ਵਿੰਨਸਟਨ ਚਰਚਿਲ ਜੋ ਕਿ 1945 ਤੋਂ 1951 ਤੱਕ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਹੇ, ਅਸਲ ਵਿਚ ਭਾਰਤ ਨੂੰ ਹਾਲੇ ਤੱਕ ਆਜ਼ਾਦੀ ਦੇਣ ਦੇ ਪੱਖ ਵਿਚ ਨਹੀਂ ਸਨ। ਭਾਰਤ ਦੀ ਆਜ਼ਾਦੀ ਦੇ ਮਸਲੇ ਤੇ ਬੋਲਦਿਆਂ ਸੁਣਦੇ ਹਾਂ ਕਿ ਉਨ੍ਹਾਂ ਨੇ ਬੜੇ ਹੀ ਕਰੜੇ ਅੰਦਾਜ਼ ਵਿਚ ਕਿਹਾ ਸੀ ਕਿ ਭਾਰਤ ਨੂੰ ਅਜ਼ਾਦੀ ਦੇਣ ਦਾ ਮਤਲਬ ਹੋਵੇਗਾ ਇਕ ਮੁਲਕ ਦੀ ਵਾਗਡੋਰ, ਚੋਰਾਂ ਠੱਗਾਂ, ਬਦਮਾਸ਼ਾਂ, ਲੁੱਚਿਆਂ ਲਫੰਗਿਆਂ ਨੂੰ ਸੌਂਪ ਦੇਣਾ। ਇਸ ਨਾਲ ਕੀ ਹੋਵੇਗਾ ਕਿ ਮੁਲਕ ਦੇ ਲੋਕ ਸਦੀਆਂ ਬੱਧੀ ਚਰਚਿਲ ਦਾ ਨਾਮ ਲੈ ਲੈ ਕੇ ਕੋਸਦੇ ਰਹਿਣਗੇ। ਅੱਜ ਜਦ ਚਾਰੇ ਹੀ ਤਰਫ ਨਿਗਾਹ ਮਾਰਦੇ ਹਾਂ ਤਾਂ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਕਿੰਨੇ ਸਿਆਣੇ ਸਨ ਉਸ ਸਮੇਂ ਦੇ ਬਰਤਾਨੀਆ ਸਰਕਾਰ ਦੇ ਪ੍ਰਧਾਨ ਮੰਤਰੀ ਸਰ ਵਿੰਨਸਟਨ ਚਰਚਿਲ। ਅੱਜ ਤੱਕ ਦੀਆਂ ਸਰਕਾਰਾਂ ਦੀਆਂ ਕੋਈ ਸਿਫ਼ਤ ਯੋਗ ਕਾਰ ਕਰਦਗੀਆਂ ਭਾਰਤ ਦੇ ਲੋਕਾਂ ਦੇ ਸਾਹਮਣੇ ਨਹੀਂ ਆਈਆਂ ਜਿਨ੍ਹਾਂ ਤੇ ਭਾਰਤ ਮਾਣ ਕਰ ਸਕੇ।

15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ। ਪ੍ਰਧਾਨ ਮੰਤਰੀ ਦਾ ਮੁੱਖ ਪਦ ਪੰਡਿਤ ਜਵਾਹਰ ਲਾਲ ਨਹਿਰੂ ਦੇ ਹੱਥ ਆ ਗਿਆ। ਗੱਦੀ ਨਸ਼ੀਨ ਹੁੰਦੇ ਸਾਰ ਹੀ ਨਹਿਰੂ ਜੀ ਨੇ ਭਾਰਤ ਵਿਚ ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਵਿਚ ਉੱਚ ਪਦਾਂ ਉੱਤੇ ਬ੍ਰਾਹਮਣ ਲੋਕ ਤਾਇਨਾਤ ਕਰਨੇ ਸ਼ੁਰੂ ਕਰ ਦਿੱਤੇ। ਭਾਰਤ ਵਿਚ ਪਹਿਲੀਆਂ ਸੰਵਿਧਾਨਕ ਆਮ ਚੋਣਾਂ 1952 ਵਿਚ ਹੋਈਆਂ ਸਨ। ਇਨ੍ਹਾਂ ਚੋਣਾ ਵਿਚ ਪੰਡਿਤ ਨਹਿਰੂ ਨੇ ਟਿੱਲ ਲਾ ਲਿਆ ਕਿ ਹਰ ਥਾਂ ਲਗਭਗ ਬ੍ਰਾਹਮਣ ਹੀ ਆਸੀਨ ਕਰ ਦਿੱਤੇ ਗਏ ਦਿਸਣ ਲੱਗੇ। ਇਸ ਪਾਲਿਸੀ ਦਾ ਨਤੀਜਾ ਇਹ ਹੋਇਆ ਕਿ 1952 ਦੇ ਆਮ ਚੁਣਾਵਾਂ ਤੋਂ ਬਾਦ ਭਾਰਤ ਵਿਚ ਕੇਂਦਰ ਤੇ ਸੂਬਾਈ ਸਰਕਾਰਾਂ ਵਿਚ ਸਾਰੇ ਹੀ ਉਚ ਪਦਾਂ ਉੱਤੇ ਬ੍ਰਾਹਮਣ ਜਾਂ ਰਿਆਸਤਾਂ ਦੇ ਰਾਜ ਭਾਗ ਤੋਂ ਵਿਹਲੇ ਹੋਏ ਰਾਜੇ ਆਸੀਨ ਹੋ ਗਏ। ਫਿਰ ਦੌਰ ਸ਼ੁਰੂ ਹੋਇਆ ਪਰਿਵਾਰ ਵਾਦ ਤੇ ਭਾਈ ਭਤੀਜਾ ਵਾਦ ਦਾ। ਕਹਿਣ ਨੂੰ ਤਾਂ ਭਾਰਤ ਇਕ ਗਣਤੰਤਰ ਦੇ ਰੂਪ ਵਿਚ ਚੱਲ ਰਿਹਾ ਸੀ ਬਲਕਿ ਸੰਸਾਰ ਭਰ ਦਾ ਸਭ ਤੋਂ ਵੱਡਾ ਲੋਕ ਰਾਜ ਸੀ ਪਰ ਪੂਰੀ ਦੀ ਪੂਰੀ ਤਾਕਤ ਚੰਦ ਇਕ ਗਿਣੇ ਚੁਣੇ ਲੋਕਾਂ ਦੇ ਹੱਥਾਂ ਵਿਚ ਆ ਗਈ। ਪੰਡਿਤ ਨਹਿਰੂ ਜਿਸ ਨੂੰ ਚਾਹੁੰਦੇ ਸਨ ਜਿਸ ਅਹੁਦੇ ਤੇ ਚਾਹੁੰਦੇ ਸਨ ਬਿਠਾ ਦਿੰਦੇ ਸਨ। ਬ੍ਰਾਹਮਣ ਲਾਬੀ ਦੀ ਉਸ ਪਿੱਛੇ ਐਨੀ ਤਾਕਤ ਸੀ ਕਿ ਉਸ ਦੇ ਕਹੇ ਅੱਗੇ ਕੋਈ ਵੀ ਚੂੰ ਚਰਾਂ ਨਹੀਂ ਕਰ ਸਕਦਾ ਸੀ।ਬ੍ਰਾਹਮਣ ਲੋਕ ਸਰਕਾਰੇ ਦਰਬਾਰੇ ਚਹੇਤੇ ਲੋਕ ਬਣ ਗਏ।

ਜਿੱਧਰ ਵੀ ਦੇਖੋ ਆਪਣੇ ਹੀ ਆਪਣੇ ਦਿਖਾਈ ਦਿੰਦੇ ਸਨ। "ਸਈਆਂ ਭਏ ਕੋਤਵਾਲ ਫਿਰ ਡਰ ਕਾਹੇ ਕਾ" ਦੇ ਕਥਨ ਅਨੁਸਾਰ ਬੇਗਾਨਾ ਤਾਂ ਕੋਈ ਵੀ ਨਹੀਂ ਸੀ। ਸਰਵਉੱਚ ਪਦਾਂ ਤੇ ਬੈਠੇ ਰਾਜਨੀਤੀਵਾਨਾਂ ਵਿਚ ਧੰਨ ਕਮਾਉਣ ਦੀ ਲਾਲਸਾ ਜਾਗੀ। ਤਨਖਾਹਾਂ ਨਾਲ ਸਰਦਾ ਨਹੀਂ ਸੀ। ਸਰਕਾਰੀ ਕੰਮਾਂ ਵਿਚ ਰਿਸ਼ਵਤਖੋਰੀ ਦੀ ਭਰਮਾਰ ਹੋ ਗਈ। ਠੇਕੇ ਤੇ ਕਰਵਾਉਣ ਵਾਲੇ ਕੰਮਾਂ ਵਿਚ ਹਿੱਸਾ ਪੱਤੀ ਚੱਲਣ ਲੱਗ ਪਈ। ਕਿਸੇ ਤਰ੍ਹਾਂ ਦੇ ਵੀ ਸੌਦਿਆਂ ਵਿਚ ਚਾਹੇ ਉਹ ਕਿਸੇ ਪਰਾਜੈਕਟ ਵਾਸਤੇ ਜ਼ਮੀਨ ਲੈਣ ਦਾ ਹੋਵੇ ਚਾਹੇ ਡੀਫੈਂਸ ਸਬੰਧੀ ਹਥਿਆਰ ਲੈਣ ਦਾ ਉੱਤੇ ਵੀ ਕਮਿਸ਼ਨ ਕਮਾਈ ਚੱਲ ਪਈ। ਕੇਂਦਰ ਦੀ ਦੇਖਾ ਦੇਖੀ ਸੂਬਾਈ ਸਰਕਾਰਾਂ ਵਿਚ ਬੈਠੇ ਅਹਿਲਕਾਰ , ਮਨਿਸਟਰ ਆਦਿ ਵੀ ਮੋਟੀਆਂ ਕਮਾਈਆਂ ਕਰਨ ਲੱਗੇ। ਦੇਖੋ ਦੇਖੀ ਸਰਕਾਰੀ ਮੁਲਾਜ਼ਮਾਂ ਵਿਚ ਵੀ ਇਹੋ ਬਿਰਤੀ ਫੈਲਣ ਲੱਗੀ। ਕੋਈ ਕੰਮ ਵੀ ਰਿਸ਼ਵਤ ਦਾ ਪੈਸਾ ਦਿੱਤੇ ਬਿਨਾਂ ਹੋਣਾ ਅਸੰਭਵ ਹੋ ਗਿਆ। ਕਦੇ ਕਿਸੇ ਨੂੰ ਸਖ਼ਤ ਸਜ਼ਾ ਹੁੰਦੀ ਸਾਡੇ ਨੋਟਿਸ ਵਿੱਚ ਨਹੀਂ ਹੈ।

ਭਾਰਤ ਨੂੰ ਦੁਨੀਆਂ ਭਰ ਵਿਚ ਸਭ ਤੋਂ ਵੱਡਾ ਲੋਕ ਰਾਜ ਮੰਨਿਆਂ ਜਾਂਦਾ ਹੈ ਪਰ ਅਸਲ ਵਿਚ ਇਸ ਤਰਾਂ ਹੈ ਨਹੀਂ। ਭਾਰਤ ਦੇ ਸੰਵਿਧਾਨ ਵਿਚ ਇਸ ਨੂੰ ਇਕ ਕਲਿਆਣਕਾਰੀ ਸਟੇਟ ਚਿਤਵਿਆ ਗਿਆ ਸੀ ਪਰ ਅਜ਼ਾਦੀ ਦੇ ਥੋੜ੍ਹੇ ਸਾਲਾਂ ਬਾਅਦ ਹੀ ਇਥੇ ਪਰਿਵਾਰ ਵਾਦ, ਭਾਈ ਭਤੀਜਾਵਾਦ ਰਾਜਾਸ਼ਾਹੀ ਜਿਹੇ ਅਮਲ ਸ਼ੁਰੂ ਹੋ ਗਏ, ਵੋਟ ਰਾਜ ਵਿਚ ਚੋਣਾ ਸਮੇਂ ਭਾਰੀ ਖਰਚ ਹੋਣ ਲੱਗੇ। ਸਿਆਣੇ, ਪੜ੍ਹੇ ਲਿਖੇ, ਲੇਖਕ ਚਿੰਤਕ, ਬੁੱਧੀ ਜੀਵੀ ਲੋਕ ਚੋਣਾ ਤੋਂ ਜੀਅ ਚੁਰਾਉਣ ਲੱਗੇ। ਭਾਰਤ ਦੀ ਰਾਜਨੀਤੀ, ਵਿਚ ਚੋਰ ਉੱਚੱਕੇ, ਬਦਮਾਸ਼ ਗੁੰਡੇ , ਕਾਤਲ, ਬਲਾਤਕਾਰੀ ਲੋਕ ਦਾਖਲ ਹੋਣ ਲੱਗੇ। ਇਕ ਬੰਦਾ ਰਾਜਨੀਤੀ ਵਿਚ ਆ ਗਿਆ ਤੇ ਮਨਿਸਟਰ ਬਣ ਗਿਆ ਤਾਂ ਯਤਨਸ਼ੀਲ ਹੋ ਗਿਆ ਕਿ ਉਸ ਦਾ ਸਾਰੇ ਦਾ ਸਾਰਾ ਪਰਿਵਾਰ ਹੀ ਰਾਜਨੀਤੀ ਵਿਚ ਆ ਜਾਵੇ। ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਇਸ ਦੀ ਖ਼ਾਸ ਮਿਸਾਲ ਹੈ। ਬਾਪ ਮੁੱਖ ਮੰਤਰੀ, ਪੁੱਤਰ ਉਪ ਮੁੱਖ ਮੰਤਰੀ, ਨੂੰਹ ਕੇਂਦਰ ਵਿੱਚ ਮੰਤਰੀ ਨੂੰਹ ਦਾ ਵੀਰ ਵੀ ਮੰਤਰੀ (ਇਸੇ ਹੀ ਵੀਰ ਨੇ ਪੰਜਾਬ ਵਿਚ 'ਚਿੱਟਾ' ਅਤੇ ਹੋਰ ਹੋਰ ਨਸ਼ਿਆਂ ਦੀ ਲਹਿਰ ਚਲਾ ਕੇ ਪੰਜਾਬ ਦੀ ਜੁਆਨੀ ਨੂੰ ਖੂਹ ਵਿਚ ਪਾ ਦਿੱਤਾ ਦੱਸਿਆ ਜਾਂਦਾ ਹੈ ਅਤੇ ਸਦਾ ਹੀ ਸੀਟ ਆਫ ਪਾਵਰ ਦੇ ਨਜ਼ਦੀਕ ਹੁੰਦਿਆਂ ਹੋਇਆਂ ਇਸ ਵੀਰ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਿਆ)। ਇਸੇ ਤਰਾਂ ਹੀ ਹਰਿਆਣੇ ਵਿਚ ਚੌਧਰੀ ਦੇਵੀ ਲਾਲ ਦਾ ਪਰਿਵਾਰ (ਬਾਪ ਬੇਟਾ ਹੁਣ ਦੋਵੇਂ ਹੀ ਕਿਸੇ ਕੁਤਾਹੀ ਕਾਰਣ ਜੇਲ ਦੀ ਹਵਾ ਖਾ ਰਹੇ ਹਨ), ਯੂਪੀ ਵਿਚ ਮੁਲਾਇਮ ਸਿੰਘ, ਮੱਧ ਪ੍ਰਦੇਸ਼ ਵਿਚ ਲਾਲੂ ਪ੍ਰਸਾਦ ਯਾਦਵ, ਕੇਂਦਰ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਪਰਿਵਾਰ, ਰਾਮ ਵਿਲਾਸ ਪਾਸਵਾਨ ਤੇ ਹੋਰ ਬਹੁਤ ਸਾਰੇ ਇਸ ਦੀਆਂ ਜਿੰਦਾ ਉਦਾਹਰਣਾਂ ਹਨ। ਇਨ੍ਹਾਂ ਦਾ ਕਿਰਦਾਰ ਅਜਿਹਾ ਬਣ ਚੁਕਿਆ ਹੈ ਕਿ ਇਹ ਲੋਕ ਕਿਸੇ ਲੋਕ ਹਿਤ ਦਾ ਸੰਸਦ ਵਿਚ ਸੁਆਲ ਉਠਾਉਣ ਲਈ ਵੀ ਲੋਕਾਂ ਤੋਂ ਭਾਰੀ ਰਕਮਾਂ ਲੈਂਦੇ ਦੇਖੇ ਗਏ ਹਨ। ਕਹਿਣ ਨੂੰ ਇਹ ਲੋਕ ਪਾਰਟੀ ਵਾਸਤੇ ਫੰਡ ਉਗਰਾਹੁੰਦੇ ਹੁੰਦੇ ਹਨ। ਪਰ ਪਤਾ ਲੱਗਦਾ ਹੈ ਕਿ ਇਹ ਰਕਮਾਂ ਇਨ੍ਹਾਂ ਦੀਆਂ ਆਪਣੀਆਂ ਜੇਬਾਂ ਵਿਚ ਜਾਂਦੀਆਂ ਹਨ।

ਕਾਰਜਪਾਲਿਕਾ, ਨਿਆਂ ਪਾਲਿਕਾ, ਅਫਸਰਸ਼ਾਹੀ, ਮੀਡੀਆ ਤੇ ਮਾਫੀਆ) ਗੁੰਡ ਪੁਣਾ ਕਰਨ ਵਾਲੇ ਬਦਮਾਸ਼ ਟੋਲੇ) ਆਪਸ ਵਿਚ ਰਲ ਗਏ ਹਨ। ਕੀ ਕੇਂਦਰ ਤੇ ਕੀ ਪ੍ਰਾਂਤਕ ਸਰਕਾਰਾਂ ਵਿਚ ਇਨ੍ਹਾਂ ਲੋਕਾਂ ਦਾ ਬੋਲ ਬਾਲਾ ਹੈ। ਸਰਕਾਰੀ ਵਜ਼ੀਰ, ਅਫਸਰ ਮੀਡੀਆ ਦਬੰਗ ਲੋਕ ਨਿਆਂ ਪਾਲਿਕਾ ਨੂੰ ਪ੍ਰਭਾਵਿਤ ਕਰ ਕੇ ਆਪਣੀ ਮਨ ਮਰਜ਼ੀ ਦੇ ਫੈਸਲੇ ਕਰਵਾਉਂਦੇ ਹਨ। ਇਸੇ ਤਰ੍ਹਾਂ ਹੀ ਮੀਡੀਆ ਵਿਚ ਸਰਕਾਰ ਪੱਖੀ ਹੀ ਖਬਰਾਂ ਲੱਗਦੀਆਂ ਹਨ। ਐਰਾ ਗੈਰਾ ਨੱਥੂ ਖੈਰਾ ਨੂੰ ਕੋਈ ਪੁੱਛਦਾ ਤੱਕ ਨਹੀਂ। ਲੋਕ ਚਿੱਟੇ ਦਿਨ ਕਤਲ, ਬਲਾਤਕਾਰ ਕਰਕੇ ਜਾਂ ਕੋਈ ਵੀ ਵੱਡੇ ਤੋਂ ਵੱਡਾ ਅਪਰਾਧ ਕਰ ਕੇ ਖੌਫ਼ਜ਼ਦਾ ਨਹੀਂ ਹੁੰਦੇ ਬਲਕਿ ਚਿੱਟੇ ਦਿਨ ਦਨਦਨਾਉਂਦੇ ਫਿਰਦੇ ਕਾਨੂੰਨ ਨੂੰ ਸਿੱਧੀ ਵੰਗਾਰ ਦਿੰਦੇ ਹਨ।ਤੇ ਕੋਈ ਕੁਝ ਵੀ ਕਰ ਨਹੀਂ ਸਕਦਾ। ਕਾਨੂੰਨ ਰਖਵਾਲੀ ਮਸ਼ੀਨਰੀ ਪੁਲਿਸ ਆਦਿ ਸਿੱਧੀ ਦਬੰਗ ਕਿਸਮ ਦੇ ਲੋਕਾਂ ਵਜ਼ੀਰਾਂ, ਰਾਜਨੀਤੀਵਾਨਾਂ ਦੇ ਇਸ਼ਾਰਿਆਂ ਤੇ ਚੱਲ ਕੇ ਕੰਮ ਕਰਦੀ ਹੈ ਤੇ ਜਣੇ ਖਣੇ ਨੂੰ ਕੋਈ ਪੁੱਛਦਾ ਤੱਕ ਨਹੀਂ। ਨਾ ਪੁਲਿਸ ਤੇ ਨਾ ਅਦਾਲਤ ਕਚਹਿਰੀ ਵਿਚੋਂ ਹੀ ਗ਼ਰੀਬ ਤੇ ਮਾੜੇ ਸਾਧਨ ਹੀਣ ਆਦਮੀ ਨੂੰ ਇਨਸਾਫ ਹੀ ਮਿਲਦਾ। ਚੋਣਾਂ ਜਿੱਤਣ ਲਈ ਧੰਨ ਤੋਂ ਇਲਾਵਾ ਮਾਫੀਆ ਤੇ ਪੁਲਿਸ ਦੀ ਸਹਾਇਤਾ ਵੀ ਜ਼ਰੂਰੀ ਸੀ। ਇਸ ਕੰਮ ਲਈ ਹਰ ਕਿਸਮ ਦੇ ਪੁੱਠੇ ਸਿੱਧੇ ਤਰੀਕੇ ਵਰਤੇ ਜਾਣ ਲੱਗੇ। ਇਮਾਨਦਾਰ ਕਿਸਮ ਦੇ ਲੋਕ ਇਹਨਾਂ ਨੂੰ ਪਿਆਰ ਕਰਨ ਵਾਲੇ ਲੋਕ ਅੱਗੇ ਆਉਣ ਤੋ ਕਤਰਾਉਣ ਲੱਗੇ।

ਰਾਜਨੀਤੀ ਵਿਚ ਆਪਣੇ ਪੈਰ ਜਮਾਉਣ ਲਈ ਅਥਾਹ ਧੰਨ ਦੀ ਲੋੜ ਹੈ। ਇਹ ਲੋੜ ਪੂਰੀ ਕਰਨ ਲਈ ਰਾਜਨੀਤੀਵਾਨਾਂ ਨੂੰ ਵੱਡੇ ਵੱਡੇ ਸਨਅਤੀ ਘਰਾਨਿਆਂ ਕਾਰਪੋਰੇਟ ਸੈਕਟਰ ਨਾਲ ਦੋਸਤੀਆਂ ਗੰਢਣੀਆਂ ਪਈਆਂ। ਇਕ ਹੱਥ ਦੇ ਤੇ ਇਕ ਹੱਥ ਲੈ ਦੀ ਗੱਲ ਚੱਲ ਪਈ। ਰਾਜਨੀਤੀ ਵਿਚ ਸਹਾਇਤਾ ਦੇ ਇਵਜ਼ ਵਿਚ ਇਹ ਘਰਾਣੇ ਵੱਡੀਆਂ ਵੱਡੀਆਂ ਰਿਆਇਤਾਂ ਲੈਣ ਲੱਗੇ। ਬਲਕਿ ਇਹ ਰਿਆਇਤਾਂ ਲੈਣ ਨੂੰ ਆਪਣਾ ਹੱਕ ਸਮਝਣ ਲੱਗੇ। ਦੱਸਣਾ ਬਣਦਾ ਹੈ ਕਿ ਕਈ ਲੋਕ ਅਜਿਹੀ ਹੀ ਲਿਹਾਜ਼ਦਾਰੀ ਵਿਚ ਸਰਕਾਰੀ ਖ਼ਜ਼ਾਨੇ ਨੂੰ ਠਿੱਬੀ ਲਾ ਕੇ ਅਰਬਾਂ ਰੁਪਏ ਦਾ ਧੰਨ ਇਕੱਤਰ ਕਰ ਕੇ ਭਾਰਤ ਤੋਂ ਬਾਹਰ ਜਾ ਬੈਠੇ ਹਨ ਤੇ ਸਰਕਾਰ ਉਨ੍ਹਾਂ ਦਾ ਕੁਝ ਵੀ ਨਹੀਂ ਕਰ ਸਕੀ। ਵਿਧਾਨਕਾਰਾਂ ਸਾਂਸਦਾਂ ਵਿਚ ਇਕ ਹੋਰ ਖ਼ਤਰਨਾਕ ਬੀਮਾਰੀ ਚੱਲ ਪਈ ਹੋਈ ਹੈ। ਇਹ ਲੋਕ ਜਦੋਂ ਚਾਹੁਣ ਜਿੰਨਾ ਚਾਹੁਣ ਮਤਾ ਪਾ ਕੇ ਆਪਣੀਆਂ ਤਨਖਾਹਾਂ ਬੇਤਹਾਸ਼ਾ ਰੂਪ ਵਿਚ ਵਧਾ ਲੈਂਦੇ ਹਨ। ਪੁੱਛਣ ਵਾਲਾ ਕੋਈ ਨਹੀਂ ਕੋਈ ਆਡਿਟ ਨਹੀਂ ਕੋਈ ਪੜਤਾਲ ਨਹੀਂ। ਸਗੋਂ ਆਮਦਨ ਟੈਕਸ ਵੀ ਸਰਕਾਰ ਨੂੰ ਆਪਣੇ ਖ਼ਜ਼ਾਨੇ ਵਿਚੋਂ ਦੇਣਾ ਪੈਂਦਾ ਹੈ। ਤਨਖ਼ਾਹ ਤੋਂ ਇਲਾਵਾ ਹੋਰ ਬੇਤਹਾਸ਼ਾ ਪਰਕਸ ਭੱਤੇ ਆਦਿ ਇਨ੍ਹਾਂ ਲਈ ਮਨਜ਼ੂਰ ਹਨ। ਗੱਲ ਕੀ ਦੋਵੀਂ ਹੱਥੀਂ ਇਹ ਕਹੇ ਜਾਂਦੇ ਜੇਤਾ ਦੇ ਸੇਵਕ, ਜਨਤਾ ਨੂੰ ਲੁੱਟ ਰਹੇ ਹਨ ਤੇ ਆਪਣੇ ਚਹੇਤਿਆਂ ਨੂੰ ਲੁਟਾ ਰਹੇ ਹਨ।

ਉੱਚ ਦਰਜੇ ਦੇ ਰਾਜਨੀਤੀਵਾਨਾਂ ਵਜ਼ੀਰਾਂ ਅਹਿਲਕਾਰਾਂ ਦੀ ਦੇਖਾ ਦੇਖੀ ਇਹ ਬੀਮਾਰੀ ਭਾਰਤੀ ਅਫਸਰਸ਼ਾਹੀ ਵਿਚ ਵੀ ਫੈਲਣ ਲੱਗੀ। ਜਾਇਜ਼ ਨਾਜਾਇਜ਼ ਤਰ੍ਹਾਂ ਦੇ ਕੰਮ ਕਰਵਾਉਣ ਲਈ ਪੈਸੇ ਖਰਚ ਹੋਣ ਲੱਗੇ। ਅਫਸਰ ਸ਼ਾਹੀ ਤੋਂ ਥੱਲੇ ਸਰਕਾਰੀ ਕਰਮਚਾਰੀ ਵੀ ਇਸ ਬੇਈਮਾਨੀ ਦੇ ਧੰਦੇ ਵਿਚ ਲੱਗਣ ਲੱਗੇ। ਅੱਜ ਹਾਲਤ ਇਹ ਹੈ ਕਿ ਕਿਸੇ ਵੀ ਸਰਕਾਰੀ ਦਫਤਰ ਵਿਚ ਚਲੇ ਜਾਵੋ, ਤੁਹਾਡਾ ਕੰਮ ਕਿੰਨਾ ਵੀ ਜਾਇਜ਼ ਕਿਉਂ ਨਾ ਹੋਵੇ ਰਕਮਾਂ ਖਰਚੇ ਬਿਨਾਂ ਪੂਰਾ ਨਹੀਂ ਹੁੰਦਾ। ਜਾਂ ਫਿਰ ਕੱਢੀ ਜਾਵੋ ਦਫਤਰਾਂ ਦੇ ਗੇੜੇ ਤੇ ਗੇੜੇ। ਕੋਈ ਲੋਕ ਹਿਤੈਸ਼ੀ ਅਫਸਰ ਸੁਣਵਾਈ ਕਰਨ ਵਾਲਾ ਨਹੀਂ ਹੈ। ਇਸੇ ਨਿਡਰਤਾ ਦੇ ਚੱਲਦਿਆਂ ਅੱਜ ਇਨ੍ਹਾਂ ਅਫਸਰਾਂ ਦੁਆਰਾ ਬਣਾਏ ਹੋਏ ਪੁਲ ਸੜਕਾਂ ਇਮਾਰਤਾਂ ਕੁਝ ਸਾਲਾਂ ਵਿਚ ਹੀ ਜਰ ਜਰ ਅਵਸਥਾ ਵਿਚ ਆ ਜਾਂਦੇ ਹਨ ਤੇ ਡਿਗੂੰ ਡਿਗੂੰ ਕਰਨ ਲੱਗਦੇ ਹਨ ਜਦ ਕਿ ਅੰਗਰੇਜ਼ ਸਰਕਾਰ ਦੁਆਰਾ ਨਿਰਮਾਣ ਕੀਤੇ ਹੋਏ ਪੁਲ ਸੜਕਾਂ ਇਮਾਰਤਾਂ ਡੇਡ੍ਹ ਡੇਡ੍ਹ ਸੌ ਸਾਲਾਂ ਤੋਂ ਉਸੇ ਹੀ ਹਾਲਤ ਵਿਚ ਖੜ੍ਹੇ ਦੇਖੇ ਜਾ ਸਕਦੇ ਹਨ ਜੋ ਕਿ ਅੱਜ ਵੀ ਭਲੀ ਭਾਂਤ ਵਰਤੋਂ ਵਿਚ ਆ ਰਹੇ ਹਨ।

ਭਾਰਤੀ ਸਮਾਜ ਦਾ ਇਕ ਮਹੱਤਵਪੂਰਣ ਅੰਗ ਹਨ ਇੰਜਨੀਅਰ ,ਡਾਕਟਰ ਤੇ ਵਕੀਲ। ਸਮਾਜ ਦੇ ਵੱਖ ਵੱਖ ਖੇਤਰਾਂ ਵਿਚ ਨਿੱਤ ਇਨ੍ਹਾਂ ਦੀ ਲੋੜ ਪੈਂਦੀ ਹੈ। ਦੇਖਾ ਦੇਖੀ ਅੱਜ ਇਹ ਲੋਕ ਇਨੇ ਨਿਰਦਈ ਹੋ ਚੁੱਕੇ ਹਨ ਕਿ ਸਮਾਜ ਨੂੰ ਆਪਣੇ ਆਪਣੇ ਕਿੱਤੇ ਵਿਚ ਲੁੱਟ ਲੁੱਟ ਕੇ ਖਾ ਹੀ ਗਏ ਹਨ। ਉਪਰ ਵਰਣਿਤ ਪੈਰੇ ਵਿਚ ਸਾਰੇ ਦਾ ਸਾਰਾ ਵਰਣਿਤ ਕੰਮ ਇੰਜਨੀਅਰਾਂ ਦਾ ਹੁੰਦਾ ਹੈ। ਠੇਕੇਦਾਰਾਂ ਨਾਲ ਰਲ਼ ਕੇ ਇਹ ਲੋਕ ਤਰਾਂ-ਤਰ੍ਹਾਂ ਦੀਆਂ ਬੇਈਮਾਨੀਆਂ ਕਰਦੇ ਹਨ। ਕਮਿਸ਼ਨ ਕਮਾਉਣ ਦੀ ਖਾਤਰ ਹਰ ਪਰਕਾਰ ਦੇ ਹੱਥ ਕੰਡੇ ਵਰਤਦੇ ਹਨ। ਘੱਟ ਮਿਕਦਾਰ ਵਿਚ ਘਟੀਆ ਮਾਲ ਵਰਤ ਕੇ ਵਧੀਆ ਦੇ ਪੈਸੇ ਅਦਾਅ ਕਰਵਾਏ ਜਾਂਦੇ ਹਨ। ਕੰਮ ਮਿਆਰੀ ਕਰਵਾਉਣ ਦੀ ਬਜਾਏ ਲਿੱਪਾ ਪੋਚੀ ਜ਼ਿਆਦਾ ਕਰਵਾਈ ਜਾਂਦੀ ਹੈ। ਡਾਕਟਰ ਲੋਕਾਂ ਦੇ ਪਾਸ ਕੋਈ ਮਰੀਜ਼ ਚਲਾ ਤਾਂ ਜਾਵੇ ਸਹੀ। ਸਭ ਤੋਂ ਪਹਿਲਾਂ ਵਾਰੀ ਆਉਂਦੀ ਹੈ ਮੈਡੀਕਲ ਟੈਸਟਾਂ ਦੀ। ਗ਼ੈਰ ਲੋੜੀਂਦੀ ਟੈਸਟ ਕਰਵਾ ਕਰਵਾ ਕੇ ਮਰੀਜ਼ ਦਾ ਲੱਕ ਹੀ ਤੋੜ ਦਿੱਤਾ ਜਾਂਦਾ ਹੈ ਕਿ ਲੈਬਾਰਟਰੀ ਨਾਲ ਡਾਕਟਰ ਦੀ ਗੰਢ ਤਰੁੱਪ ਪਹਿਲਾਂ ਹੀ ਚੱਲਦੀ ਹੁੰਦੀ ਹੈ ਮਗਰੋਂ ਦਵਾਈਆਂ ਮਹਿੰਗੀਆਂ ਤੇ ਵਿਸ਼ੇਸ਼ ਕਿਸਮ ਦੀਆਂ ਉਸ ਦੁਕਾਨ ਤੋਂ ਮਿਲਣ ਵਾਲੀਆਂ ਲਿਖ ਦਿੱਤੀਆਂ ਜਾਂਦੀਆਂ ਹਨ ਜਿੱਥੇ ਡਾਕਟਰ ਸਾਹਿਬ ਨੇ ਆਪਣਾ ਕਮਿਸ਼ਨ ਨਿਯਤ ਕਰ ਰੱਖਿਆ ਹੁੰਦਾ ਹੈ। ਵਕੀਲ ਲੋਕ ਵੀ ਅਜ ਕੱਲ ਜੱਜਾਂ ਨਾਲ ਰਲ ਕੇ ਮਨ ਮਰਜ਼ੀ ਦੇ ਫੈਸਲੇ ਅੱਜ ਕਲ ਕਰਵਾਉਣ ਲੱਗੇ ਹਨ।ਬਾਕੀ ਸਭ ਦੀ ਦੇਖਾ ਦੇਖੀ ਇਨ੍ਹਾਂ ਨੇ ਵੀ ਆਪਣੀਆਂ ਫੀਸਾਂ ਇਨੀਆਂ ਵਧਾ ਦਿੱਤੀਆਂ ਹਨ ਕਿ ਨਿਆਂ ਲੈਣਾ ਆਮ ਆਦਮੀ ਦੀ ਪਹੁੰਚ ਤੋਂ ਲਗਭਗ ਬਾਹਰ ਹੀ ਹੋ ਗਿਆ ਹੈ। ਪਰ ਮਰਦਾ ਕੀ ਨਾ ਕਰਦਾ। ਮਜਬੂਰੀ ਵੱਸ ਵਕੀਲ ਦੇ ਦੁਆਰੇ ਆਇਆ ਵਿਅਕਤੀ ਕੇਸ ਦਾ ਫੈਸਲਾ ਹੋਣ ਤੱਕ ਬੁਰੀ ਤਰਾਂ ਨਚੋੜਿਆ ਜਾਂਦਾ ਹੈ। ਗਵਾਹਾਂ ਦੇ ਹਰ ਕਾਗਜ਼ ਦੇ ਚਪੜਾਸੀ ਹਰਕਾਰੇ ਤੱਕ ਨੂੰ ਪੈਸੇ ਦੇਣਾ ਪੈਂਦੇ ਹਨ ਇਥੇ ਵੀ। ਕੋਰਟ ਕਚਹਿਰੀ ਦਾ ਕੰਮ ਅੱਜ ਕਲ ਸਭ ਕੰਮਾਂ ਤੋਂ ਮਹਿੰਗਾ ਹੋਇਆ ਪਿਆ ਹੈ।

ਮੌਜੂਦਾ ਸਰਕਾਰ (ਕੇਂਦਰ ਵਿਚ ਬੀ ਜੇ ਪੀ) ਦੀ ਨੀਤੀ ਹੈ ਕਿ ਦਲਿਤ ਰਾਖਵਾਂ ਕਰਨ ਜੋ ਕਿ ਸਰਕਾਰੀ ਨੌਕਰੀਆਂ ਤੇ ਵਿਦਿਅਕ ਅਦਾਰਿਆਂ ਵਿਚ ਉਨ੍ਹਾਂ ਨੂੰ ਮਿਲਣਯੋਗ ਹੈ ਉਸ ਨੂੰ ਬਿਨਾਂ ਸੰਵਿਧਾਨ ਨੂੰ ਛੇੜਿਆਂ ਕਿਵੇਂ ਨਾ ਕਿਵੇਂ ਬੇ-ਅਸਰ ਕਰਨਾ ਹੈ। ਇਸ ਵਾਸਤੇ ਸਰਕਾਰ ਨੇ ਟਿੱਲ ਲਾਇਆ ਹੋਇਆ ਹੈ। ਆਨੇ ਬਹਾਨੇ ਸਰਕਾਰੀ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ ਤੇ ਨਿਜੀ ਠੇਕੇਦਾਰੀ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸ ਕੰਮ ਵਾਸਤੇ ਜਾਇਜ਼ ਨਾਜਾਇਜ਼ ਢੇਰਾਂ ਰੁਪਏ ਸਰਕਾਰ ਖਰਚ ਕਰ ਰਹੀ ਹੈ।

ਜੇਕਰ ਵਿਦਿਆ ਦੇ ਖੇਤਰ ਵੱਲ ਝਾਤ ਮਾਰਦੇ ਹਾਂ ਤਾਂ ਹੋਰ ਵੀ ਮਾੜਾ ਹਾਲ ਹੈ। ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਨੀਤੀਆਂ ਹੀ ਅਜਿਹੀਆਂ ਬਣਾ ਦਿੱਤੀਆਂ ਗਈਆਂ ਹਨ ਜਿਸ ਨਾਲ ਪ੍ਰਾਈਵੇਟ ਵਿਦਿਅਕ ਅਦਾਰਿਆਂ ਨੂੰ ਉਤਸ਼ਾਹ ਮਿਲਦਾ ਹੈ ਤੇ ਸਰਕਾਰੀ ਸਕੂਲ, ਕਾਲਜ, ਯੂਨੀਵਰਸਿਟੀਆਂ ਵਿਚ ਦਿਨ ਬ ਦਿਨ ਵਿਦਿਆ ਦਾ ਮਿਆਰ ਘਟਦਾ ਜਾ ਰਿਹਾ ਹੈ। ਇਥੇ ਵੀ ਦਲਿਤਾਂ ਪਛੜਿਆਂ ਨੂੰ ਹੀ ਮਾਰ ਪੈਂਦੀ ਹੈ। ਪਰਾਈਵੇਟ/ਨਿੱਜੀ ਅਦਾਰਿਆਂ ਵਿਚ ਵਿਦਿਆ ਐਨੀ ਮਹਿੰਗੀ ਹੋ ਗਈ ਹੈ ਕਿ ਆਮ ਪੱਧਰ ਦਾ ਆਦਮੀ ਸਮੇਤ ਅਨੁਸੂਚਿਤ ਜਾਤੀ/ ਜਨ ਜਾਤੀ ਦੇ ਇਨ੍ਹਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾ ਸਕਣ ਦਾ ਹੀਆ ਹੀ ਨਹੀਂ ਕਰਦਾ। ਇਕ ਤਰ੍ਹਾਂ ਨਾਲ ਗ਼ਰੀਬ ਲੋਕਾਂ ਲਈ ਵਿਦਿਆ ਦੇ ਦਰ ਬੰਦ ਕਰਨ ਦਾ ਹੀਲਾ ਬਣਾ ਦਿੱਤਾ ਗਿਆ ਹੈ। ਕਿੱਤਾ ਮੁਖੀ ਕੋਰਸਾਂ ਦੀਆਂ ਫੀਸਾਂ ਲੱਖਾਂ ਵਿਚ ਕਰ ਦਿੱਤੀਆਂ ਗਈਆਂ ਹਨ। ਉੱਤੇ ਤਾਂ ਕਿਸੇ ਹਾਰੀ ਸਾਰੀ ਦੇ ਜਾਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

ਉੱਪਰ ਵਰਣਿਤ ਸਾਰੀਆਂ ਚਤੁਰਾਈਆਂ ਦੇ ਚੱਲਦਿਆਂ ਵਪਾਰੀ ਤਬਕਾ ਵੀ ਕਿਉਂ ਦੇਖਦਾ ਰਹਿ ਜਾਵੇ। ਉਹ ਵੀ ਪਿੱਛੇ ਨਹੀਂ ਰਿਹਾ। ਤੁਸੀਂ ਕੋਈ ਵੀ ਖਾਣ ਵਾਲੀ ਜਾਂ ਹੰਢਾਉਣ ਵਾਲੀ ਚੀਜ਼ ਬਜ਼ਾਰ ਵਿਚੋਂ ਲੈਣ ਚਲੇ ਜਾਉ ਸਹੀ ਤੁਹਾਨੂੰ ਕਦੇ ਵੀ ਉਹ ਤੁਹਾਡੀ ਸੋਚ ਅਨੁਸਾਰ ਖਾਲਸ ਨਹੀਂ ਮਿਲੇਗੀ ਹਰ ਖਾਣ ਪੀਣ ਵਾਲੀ ਚੀਜ਼ ਵਿਚ ਮਿਲਾਵਟ ਦਾ ਬੋਲ ਬਾਲਾ ਹੈ। ਦੇਖਾ ਦੇਖੀ ਹਰ ਕੋਈ ਪੰਜਾਂ ਦੇ ਪੰਜਾਹ ਬਣਾਉਣ ਦੀ ਹੋੜ ਵਿਚ ਲੱਗਾ ਹੋਇਆ ਹੈ। ਦੁੱਧ ਤੋਂ ਬਣੀ ਹੋਈ ਕੋਈ ਚੀਜ਼ ਵੀ ਸ਼ੁੱਧ ਨਹੀਂ ਮਿਲਦੀ। ਕੋਈ ਵੀ ਲੱਖ ਗਾਰੰਟੀਆਂ ਕਰੀ ਜਾਵੇ। ਸ਼ੁੱਧ ਕੇਵਲ ਉਹ ਹੀ ਹੋਵੇਗੀ ਜਿਹੜੀ ਤੁਸੀਂ ਆਪ ਆਪਣੇ ਹੱਥੀਂ ਤਿਆਰ ਕੀਤੀ ਹੋਵੇਗੀ। ਹੋਰ ਤਾਂ ਹੋਰ ਦੁਧ ਘਰਾਂ ਵਿਚ ਤਿਆਰ ਹੋਣ ਲੱਗ ਪਿਆ ਹੈ। ਫਲਾਂ ਸਬਜ਼ੀਆਂ ਵਿਚ ਵੀ ਹਰ ਤਰਾਂ ਦੀ ਠੱਗੀ ਮਾਰੀ ਜਾਂਦੀ ਹੈ। ਫਲ ਮਸਨੂਈ ਤੌਰ ਤੇ ਸਿਹਤ ਲਈ ਨੁਕਸਾਨਦਾਇਕ ਮਸਾਲਿਆਂ ਨਾਲ ਪਕਾਏ ਜਾਂਦੇ ਹਨ। ਕੱਚੇ ਹਦਵਾਣਿਆਂ ਮਤੀ-ਰਿਆਂ ਤਰਬੂਜ਼ਾਂ ਨੂੰ ਨੁਕਸਾਨ ਦੇਹ ਦਵਾਈ ਜੋ ਕਿ ਤਰਬੂਜ਼ ਦੇ ਅੰਦਰਲੇ ਗੁੱਦੇ ਨੂੰ ਗੁਲਾਬੀ ਰੰਗ ਦਾ ਕਰ ਕੇ ਮਿੱਠਾ ਕਰ ਦਿੰਦੀ ਹੈ ਦੇ ਟੀਕੇ ਲਾਏ ਜਾਂਦੇ ਹਨ। ਇਸੇ ਹੀ ਤਰਾਂ ਸਬਜ਼ੀਆਂ ਟੀਕੇ ਲਾ ਕੇ ਰਾਤੋ ਰਾਤ ਤੋੜਨ ਯੋਗ ਕਰ ਲਈਆਂ ਜਾਂਦੀਆਂ ਹਨ। ਦੁਕਾਨਾਂ ਵਿਚ ਅਚਾਰ ਮੁਰੱਬੇ, ਤੇਲ ਸ਼ਰਬਤ ਸਭ ਮਿਲਾਵਟ ਕਰ ਕੇ ਵੇਚੇ ਜਾਂਦੇ ਹਨ। ਮਠਿਆਈਆਂ ਵਿਚ ਜਿੰਨਾ ਰਲਾਅ ਹਲਵਾਈਆਂ ਵਲੋਂ ਪਾਇਆ ਜਾਂਦਾ ਹੈ ਉਨਾ ਹੋਰ ਕਿਸੇ ਵਲੋਂ ਵੀ ਨਹੀਂ। ਸਿਤਮ ਦੀ ਗੱਲ ਇਹ ਕਿ ਸਰਕਾਰੀ ਮਸ਼ੀਨਰੀ ਸਮਾਜ ਵਿਰੋਧੀ ਐਸੇ ਲੋਕਾਂ ਨੂੰ ਕਦੇ ਫੜਨ ਵਿਚ ਸਫਲ ਹੀ ਨਹੀਂ ਹੁੰਦੀ। ।ਜੇਕਰ ਕੋਈ ਫੜਿਆ ਵੀ ਜਾਂਦਾ ਹੈ ਤਾਂ ਲੈਬਾਰਟਰੀਆਂ ਤੱਕ ਸੈਂਪਲ ਪਹੁੰਚਦੇ ਸਾਰ ਹੀ ਸਾਰਾ ਪ੍ਰਬੰਧ ਹੋ ਜਾਂਦਾ ਹੈ ਅਤੇ ਗੁਨਹਗਾਰ ਸਜ਼ਾ ਤੋਂ ਸਾਫ ਬਚ ਜਾਂਦਾ ਹੈ।

ਪੂਰੇ ਦੇ ਪੂਰੇ ਭਾਰਤ ਦੇ ਦਰਿਆ ਪੂਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ। ਬਹੁਤ ਹੱਦ ਤੱਕ ਇਨ੍ਹਾਂ ਵਿਚ ਸਨਅਤੀ ਰਹਿੰਦ ਖੂੰਹਦ ਸੁੱਟੀ ਜਾਂਦੀ ਹੈ। ਬਹੁਤ ਥਾਵਾਂ ਤੇ ਸ਼ਹਿਰਾਂ ਵਿਚ ਸ਼ਹਿਰ ਦਾ ਸਾਰੇ ਦਾ ਸਾਰਾ ਸੀਵਰੇਜ ਛੋਟੇ ਛੋਟੇ ਨਦੀਆਂ ਨਾਲਿਆਂ ਦੀ ਸ਼ਕਲ ਵਿਚ ਇਨ੍ਹਾਂ ਕੌਮੀ ਦਰਿਆਵਾਂ ਵਿਚ ਸੁਟਿਆ ਜਾਂਦਾ ਹੈ। ਸਟੇਟ ਵਾਤਾਵਰਣ ਬੋਰਡ ਹਨ ਕਿ ਕਿਸੇ ਸਟੇਟ ਵਿਚ ਕੁਝ ਵੀ ਨਹੀਂ ਕਰ ਸਕੇ। ਇਥੇ ਵੀ ਰਾਜਨੀਤੀਵਾਨਾਂ ਦੇ ਆਪਣੇ ਨਿੱਜੀ ਹਿਤ ਕੰਮ ਕਰਦੇ ਹਨ। ਇਕੱਲੇ ਗੰਗਾ ਦਰਿਆ ਦੀ ਸਫਾਈ ਤੇ ਰੱਖ ਰਖਾਵ ਉੱਤੇ ਅੱਜ ਤੱਕ 3,800 ਕਰੋੜ ਰੁਪਿਆ ਖਰਚ ਕੀਤਾ ਗਿਆ ਦੱਸਿਆ ਜਾਂਦਾ ਹੈ। ਪਰ ਪੈਸਾ ਕਿਤੇ ਵੀ ਲੱਗਿਆ ਨਜ਼ਰ ਨਹੀਂ ਆਉਂਦਾ ਕਿਉਂਕਿ 0 ਪ੍ਰਤੀਸ਼ਤ ਵੀ ਕੰਮ ਹੋਇਆ ਨਜ਼ਰ ਨਹੀਂ ਆਉਂਦਾ। ਦੂਜਾ ਵੱਡਾ ਕਾਰਨ ਦਰਿਆਵਾਂ ਨੂੰ ਪਲੀਤ ਕਰਨ ਦਾ ਹੈ ਸਾਡੇ ਰੀਤੀ ਰਿਵਾਜ। ਪੂਜਾ ਪਾਠ ਤੋਂ ਬਚੀ ਹੋਈ ਹਰ ਕਿਸਮ ਦੀ ਸਾਮਗਰੀ ਸਾਨੂੰ ਦਰਿਆਵਾਂ ਵਿਚ ਰੋੜ੍ਹਨ ਦੀ ਆਦਤ ਜਿਹੀ ਬਣੀ ਹੋਈ ਹੈ। ਅਸੀਂ ਅਜਿਹੀ ਸਾਮੱਗਰੀ ਨਾਲ ਨਿੱਤ ਆਪਣੇ ਦਰਿਆਵਾਂ ਨੂੰ ਭਰਦੇ ਹਾਂ।ਪਰ ਵੋਟ ਰਾਜ ਹੋਣ ਕਰ ਕੇ ਕੋਈ ਵੀ ਪੁੱਛਣ ਵਾਲਾ ਨਹੀਂ ਹੈ। ਗਲ ਕੀ ਹਰ ਪਿੜ ਵਿਚ ਹਰ ਛੋਟੀ ਵੱਡੀ ਥਾਂ ਤੇ ਰਾਜਨੀਤੀ ਹੀ ਭਾਰੂ ਹੈ ਤੇ ਸਾਨੂੰ ਕਿਸੇ ਪਾਸੇ ਵੀ ਹਿੱਲਣ ਨਹੀਂ ਦਿੱਤਾ ਜਾ ਰਿਹਾ।

ਤੁਰਦੀ ਤੁਰਦੀ ਗੱਲ ਹੁਣ ਮੌਜੂਦਾ ਬੀ ਜੇ ਪੀ- ਆਰ ਐਸ ਐਸ ਸਰਕਾਰ ਤੱਕ ਆਉਂਦੀ ਹੈ। ਝੂਠੇ ਜੁਮਲੇ ਵੋਟਰਾਂ ਵਿਚ ਛੱਡ ਛੱਡ ਕੇ ਚੋਣਾ ਜਿੱਤ ਕੇ ਸਰਕਾਰ ਤਾਂ ਬਣਾ ਲਈ। ਪੁਰਾਣੇ ਸਭ ਨਿਯਮ ਕਾਨੂੰਨ ਤਿਆਗ ਕੇ ਇਕ ਹਿੰਦੁਤਵਾ ਤੇ ਗਾਂ ਰੱਖਿਆ ਨੂੰ ਹੀ ਆਪਣਾ ਨਿਸ਼ਾਨਾ ਬਣਾ ਰੱਖਿਆ ਹੈ। ਮਨੂੰਵਾਦ ਤੇ ਮਨੀ ਵਾਦ ਭਾਰੀ ਪੈ ਰਹੇ ਹਨ ਤੇ ਹਰ ਪਾਸੇ ਜਾਇਜ਼ ਨਾਜਾਇਜ਼ ਤਰੀਕੇ ਨਾਲ ਇਨ੍ਹਾਂ ਦਾ ਹੀ ਬੋਲ ਬਾਲਾ ਹੈ। ਗਾਂ ਰੱਖਿਆ ਦੇ ਨਾਮ ਉੱਤੇ ਪਤਾ ਨਹੀਂ ਕਿੰਨੇ ਕੁ ਮੁਸਲਮਾਨ ਤੇ ਦਲਿਤ ਭਰਾਵਾਂ ਦੀ ਕੁਟ ਕੁੱਟ ਕੇ ਆਰ ਐਸ ਐਸ ਦੁਆਰਾ ਭੁਸਰਾਈਆਂ ਭੀੜਾਂ ਵਲੋਂ ਹੱਤਿਆ ਕੀਤੀ ਗਈ ਹੈ। ਬਜਾਏ ਕੋਈ ਅੱਗੇ ਤੋਂ ਮਿਸਾਲ ਬਣਨ ਵਾਲੀ ਭੀੜਾਂ ਵਿਰੁਧ ਸਖ਼ਤ ਕਾਰਵਾਈ ਕਰਨ ਦੇ ਉਲਟਾ ਦੋਸ਼ੀਆਂ ਨੂੰ ਨਿਵਾਜਦੇ ਸਤਿਕਾਰਦੇ ਬੀ ਜੇ ਪੀ ਲੀਡਰ ਦੇਖੇ ਗਏ ਹਨ। ਅਦਾਲਤਾਂ ਵਿਚ ਇਨ੍ਹਾਂ ਦੋਸ਼ੀਆਂ ਵਿਰੁੱਧ ਚੱਲ ਰਹੇ ਕੇਸਾਂ ਉੱਤੇ ਖਰਚ ਕਰਨ ਲਈ ਸਾਂਝੇ ਤੌਰ ਤੇ ਧੰਨ ਇਕੱਠਾ ਕੀਤਾ ਜਾਂਦਾ ਹੈ। ਮੌਜੂਦਾ ਸਰਕਾਰ ਦੇ ਸਮੇਂ ਵਿਚ ਭਾਰਤੀ ਸੈਨਾ ਦੇ ਸੇਵਾ ਮੁਕਤ ਹੋ ਚੁੱਕੇ ਜਨਰਲਾਂ ਤੇ ਉੱਚ ਅਦਾਲਤਾਂ ਦੇ ਜੱਜਾਂ ਨੂੰ ਵਜ਼ੀਰੀਆਂ ਤੇ ਵੱਡੇ ਵੱਡੇ ਹੋਰ ਅਹੁਦੇ ਦੇ ਕੇ ਨਿਵਾਜਣ ਦਾ ਰਿਵਾਜ ਵੀ ਪੈ ਗਿਆ ਹੈ ਜਿਸ ਤੋਂ ਮੌਜੂਦਾ ਕੰਮ ਕਰਨ ਵਾਲੇ ਅਫਸਰਾਂ ਤੇ ਸਰਕਾਰ ਪੱਖੀ ਹੋਣ ਦਾ ਦੋਸ਼ ਸਹਿਜੇ ਹੀ ਲੱਗੇਗਾ। ਇਸ ਤਰਾਂ ਆਮ ਤੌਰ ਤੇ ਸਭ ਹੀ ਕਿਸਮ ਦੇ ਅਪਰਾਧਾਂ ਦਾ ਗਰਾਫ ਇਸ ਸਰਕਾਰ ਸਮੇਂ ਉੱਪਰ ਨੂੰ ਹੀ ਖਿਸਕਿਆ ਹੈ। ਗਾਂ ਮਾਸ ਦੇ ਖਾਣ ਉੱਤੇ ਵੀ ਪਾਬੰਦੀ ਲਾ ਦੇਣ ਨਾਲ ਮੁਸਲਮਾਨ ਤੇ ਦਲਿਤ ਭਰਾਵਾਂ ਦੇ ਕਾਰੋਬਾਰਾਂ ਤੇ ਬਹੁਤ ਹੀ ਮਾੜਾ ਅਸਰ ਪਿਆ ਹੈ। ਗੱਲ ਕੀ ਸਾਰੀਆਂ ਦੀਆਂ ਸਾਰੀਆਂ ਘੱਟ ਗਿਣਤੀਆਂ ਆਪਣੇ ਆਪ ਨੂੰ ਬੀ ਜੇ ਪੀ ਸ਼ਾਸਿਤ ਰਾਜਾਂ ਵਿਚ ਕਿਸੇ ਵੀ ਤਰ੍ਹਾਂ ਸੁਰਖਿਅਤ ਨਹੀਂ ਸਮਝਦੀਆਂ ।

ਕਿਹਾ ਜਾ ਸਕਦਾ ਹੈ ਕਿ ਰਾਸ਼ਟਰੀ ਪੱਧਰ ਤੇ ਅਸੀਂ ਆਪਣੇ ਚਰਿੱਤਰ ਨੂੰ ਉੱਚਾ ਨਹੀਂ ਚੁੱਕ ਸਕੇ। ਸਗੋਂ ਜਿੱਧਰ ਵੀ ਦੇਖੋ ਚਰਿਤਰਹੀਣਤਾ ਹੀ ਪ੍ਰਧਾਨ ਹੋਈ ਪਈ ਦਿਸਦੀ ਹੈ। ਭਾਰਤ ਦੇ ਆਜ਼ਾਦ ਹੋਣ ਤੋਂ ਲੈਕੇ ਅੱਜ ਤੱਕ ਕੋਈ ਵੀ ਰਾਸ਼ਟਰੀ ਪੱਧਰ ਤੇ ਅਜਿਹਾ ਰਾਜ ਨੇਤਾ ਨਹੀਂ ਦਿਸਦਾ ਜਿਹੜਾ ਇਸ ਦੇਸ਼ ਦੇ ਵਾਸੀਆਂ ਸਾਹਮਣੇ ਆਪਣੇ ਆਪ ਨੂੰ ਰੋਲ ਮਾਡਲ ਵਜੋਂ ਪੇਸ਼ ਕਰ ਸਕੇ। ਕਹੀ ਜੋ ਮਰਜ਼ੀ ਜਾਣ ਅੰਤਰ ਰਾਸ਼ਟਰੀ ਪੱਧਰ ਤੇ ਇਨ੍ਹਾਂ ਦੀ ਸਾਖ ਕਮਜ਼ੋਰ ਹੋਈ ਹੈ ਤੇ ਸਰ ਵਿੰਸਟਨ ਚਰਚਿਲ ਸਾਹਿਬ ਦੇ ਬੋਲ ਸੱਚ ਸਾਬਿਤ ਹੋ ਰਹੇ ਹਨ। ਕਿਸੇ ਮਸੀਹਾ ਦੀ ਉਡੀਕ ਕੀਤੀ ਜਾ ਰਹੀ ਹੈ ਜੋ ਕਿ ਰਾਸ਼ਟਰੀ ਚਰਿਤਰ ਨਿਰਮਾਣਤਾ ਨੂੰ ਹਰ ਛੋਟੇ ਤੋਂ ਵੱਡੇ ਪੱਧਰ ਤੇ ਪਹਿਲ ਦੇ ਕੇ ਭਾਰਤ ਨੂੰ ਇਸ ਤਰਾਸਦੀ ਵਿਚੋਂ ਹਰ ਹੀਲੇ ਬਾਹਰ ਕਰ ਸਕੇ ਤੇ ਭਾਰਤ ਸੰਸਾਰ ਅਖਾੜੇ ਵਿਚ ਸਿਰ ਉੱਚਾ ਕਰ ਕੇ ਕੌਮਾਤਰੀ ਮੰਚ ਤੇ ਟਿਕ ਸਕੇ।

**ਪੂਰੇ ਦੇ ਪੂਰੇ ਭਾਰਤ ਦੇ ਦਰਿਆ ਪੂਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ। ਬਹੁਤ ਹੱਦ ਤੱਕ ਇਨ੍ਹਾਂ ਵਿਚ ਸਨਅਤੀ ਰਹਿੰਦ ਖੂੰਹਦ ਸੁੱਟੀ ਜਾਂਦੀ ਹੈ। ਬਹੁਤ ਥਾਵਾਂ ਤੇ ਸ਼ਹਿਰਾਂ ਵਿਚ ਸ਼ਹਿਰ ਦਾ ਸਾਰੇ ਦਾ ਸਾਰਾ ਸੀਵਰੇਜ ਛੋਟੇ ਛੋਟੇ ਨਦੀਆਂ ਨਾਲਿਆਂ ਦੀ ਸ਼ਕਲ ਵਿਚ ਇਨ੍ਹਾਂ ਕੌਮੀ ਦਰਿਆਵਾਂ ਵਿਚ ਸੁਟਿਆ ਜਾਂਦਾ ਹੈ। ਸਟੇਟ ਵਾਤਾਵਰਣ ਬੋਰਡ ਹਨ ਕਿ ਕਿਸੇ ਸਟੇਟ ਵਿਚ ਕੁਝ ਵੀ ਨਹੀਂ ਕਰ ਸਕੇ। ਇਥੇ ਵੀ ਰਾਜਨੀਤੀਵਾਨਾਂ ਦੇ ਆਪਣੇ ਨਿੱਜੀ ਹਿਤ ਕੰਮ ਕਰਦੇ ਹਨ। ਇਕੱਲੇ ਗੰਗਾ ਦਰਿਆ ਦੀ ਸਫਾਈ ਤੇ ਰੱਖ ਰਖਾਵ ਉੱਤੇ ਅੱਜ ਤੱਕ 3,800 ਕਰੋੜ ਰੁਪਿਆ ਖਰਚ ਕੀਤਾ ਗਿਆ ਦੱਸਿਆ ਜਾਂਦਾ ਹੈ। ਪਰ ਪੈਸਾ ਕਿਤੇ ਵੀ ਲੱਗਿਆ ਨਜ਼ਰ ਨਹੀਂ ਆਉਂਦਾ ਕਿਉਂਕਿ 0 ਪ੍ਰਤੀਸ਼ਤ ਵੀ ਕੰਮ ਹੋਇਆ ਨਜ਼ਰ ਨਹੀਂ ਆਉਂਦਾ। ਦੂਜਾ ਵੱਡਾ ਕਾਰਨ ਦਰਿਆਵਾਂ ਨੂੰ ਪਲੀਤ ਕਰਨ ਦਾ ਹੈ ਸਾਡੇ ਰੀਤੀ ਰਿਵਾਜ। ਪੂਜਾ ਪਾਠ ਤੋਂ ਬਚੀ ਹੋਈ ਹਰ ਕਿਸਮ ਦੀ ਸਾਮਗਰੀ ਸਾਨੂੰ ਦਰਿਆਵਾਂ ਵਿਚ ਰੋੜ੍ਹਨ ਦੀ ਆਦਤ ਜਿਹੀ ਬਣੀ ਹੋਈ ਹੈ। ਅਸੀਂ ਅਜਿਹੀ ਸਾਮੱਗਰੀ ਨਾਲ ਨਿੱਤ ਆਪਣੇ ਦਰਿਆਵਾਂ ਨੂੰ ਭਰਦੇ ਹਾਂ।ਪਰ ਵੋਟ ਰਾਜ ਹੋਣ ਕਰ ਕੇ ਕੋਈ ਵੀ ਪੁੱਛਣ ਵਾਲਾ ਨਹੀਂ ਹੈ। ਗਲ ਕੀ ਹਰ ਪਿੜ ਵਿਚ ਹਰ ਛੋਟੀ ਵੱਡੀ ਥਾਂ ਤੇ ਰਾਜਨੀਤੀ ਹੀ ਭਾਰੂ ਹੈ ਤੇ ਸਾਨੂੰ ਕਿਸੇ ਪਾਸੇ ਵੀ ਹਿੱਲਣ ਨਹੀਂ ਦਿੱਤਾ ਜਾ ਰਿਹਾ।**

# ਖੂਹ ਮੇਰੇ ਮਾਹੀ ਦਾ, ਲੋਕੀ ਘੜੇ ਭਰੇਂਦੇ ਨੇ




ਪ੍ਰੇਮਲਤਾ ਪ੍ਰਿੰਸੀਪਲ
91-98143-41746

ਪਿਛਲੇ ਸਮੇਂ 'ਚ ਖੂਹ ਮਨੁੱਖੀ ਸਮਾਜ ਅਤੇ ਜੀਵ ਜੰਤੂਆਂ ਦੀ ਮੁੱਢਲੀ ਲੋੜ , ਪਾਣੀ ਦਾ ਮੁੱਢਲਾ ਸਰੋਤ ਸਨ। ਭਾਵੇਂ ਖੂਹ ਅਣਵੰਡੇ ਸਮੁੱਚੇ ਭਾਰਤ 'ਚ ਪਾਏ ਜਾਂਦੇ ਸਨ, ਪਰ ਪੰਜਾਬ ਦੀ ਭੂਗੋਲਿਕ ਅਤੇ ਧਰਾਤਲ ਬਣਤਰ ਅਨੁਸਾਰ ਇੱਥੋ ਦੀ ਧਰਤੀ ਖੂਹ ਪੁੱਟਣ ਦੇ ਬਹੁਤ ਜਿਆਦਾ ਅਨੁਕੂਲ ਸੀ। ਲਗਭਗ ਪੰਜ ਹਜਾਰ ਸਾਲ ਪਹਿਲਾਂ ਉੱਤਰੀ ਭਾਰਤ ਦੀ ਧਰਤੀ ਨੂੰ ਆਰੀਆ ਲੋਕਾਂ ਨੇ ਆਪਣੀ ਮੁੱਖ ਰਿਹਾਇਸ਼ ਗਾਹ ਬਣਾ ਲਿਆ। ਆਰੀਆ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ ਅਤੇ ਇਨ੍ਹਾਂ ਨੇ ਨਦੀ ਤੋਂ ਦੂਰ ਤੱਕ ਪਿੰਡਾਂ ਅਤੇ ਸ਼ਹਿਰਾਂ ਦੀ ਸਥਾਪਨਾ ਕੀਤੀ ਸੀ। ਪਾਣੀ ਲਈ ਮਨੁੱਖੀ ਅਤੇ ਸੰਚਾਈ ਦੀ ਲੋੜ ਨੂੰ ਪੂਰਾ ਕਰਨ ਲਈ ਆਰੀਆ ਲੋਕਾਂ ਨੇ ਖੂਹ ਖੁਦਵਾਏ। ਇੱਕੋ ਵੇਲੇ ਪੀਣ ਵਾਲੇ ਪਾਣੀ ਲਈ ਪਿੰਡ ਵਿਚਲੇ ਅਤੇ ਸਿੰਚਾਈ ਲਈ ਖੇਤ ਵਿਚਲੇ ਖੂਹ ਹੋਂਦ ਵਿੱਚ ਆਏ। ਮਹਾਂ ਭਾਰਤ 'ਚ ਇੱਕ ਪ੍ਰਸੰਗ ਆਉਂਦਾ ਹੈ: ਕੌਰਵ ਅਤੇ ਪਾਂਡਵ ਬਚਪਨ 'ਚ ਖਿੱਦੋ ਖੂੰਡੀ ਖੇਡ ਰਹੇ ਸਨ। ਉਨ੍ਹਾਂ ਦੀ ਗੇਂਦ ਖੂਹ 'ਚ ਗਿਰ ਗਈ। ਦਰੋਣਾਚਾਰੀਆ ਉੱਥੋਂ ਦੀ ਲੰਘ ਰਹੇ ਸਨ। ਬੱਚਿਆਂ ਨੇ ਦਰੋਣਾਚਾਰੀਆ ਨੂੰ ਖੂਹ ਵਿੱਚ ਗਿਰੀ ਗੇਂਦ ਬਾਰੇ ਦੱਸਿਆ। ਦਰੋਣਾਚਾਰੀਆ ਨੇ ਗੇਂਦ ਉਪਰ ਕਮਾਨ ਨਾਲ ਇੱਕ ਤਿੱਖੀ ਕਾਨੀ ਗੜੋ ਦਿੱਤੀ, ਫੇਰ ਕਾਨੀ ਉਪਰ ਕਾਨੀ ਇਸ ਤਰੀਕੇ ਨਾਲ ਗੇਂਦ ਨੂੰ ਬਾਹਰ ਕੱਢ ਲਿਆ ਗਿਆ।

ਪਿੰਡ ਵਿਚਲੇ ਖੂਹ ਨਾਲ ਮੁੱਖ ਰੂਪ 'ਚ ਔਰਤ ਜੁੜੀ ਹੋਈ ਸੀ ਅਤੇ ਖੇਤ ਵਿੱਚਲੇ ਖੂਹ ਨਾਲ਼ ਘਰ ਦੇ ਮਰਦ ਅਤੇ ਬਲਦ ਜੁੜੇ ਹੋਏ ਸਨ। ਘੱਟੋ-ਘੱਟ ਇੱਕ ਖੂਹ ਜਾਂ ਇੱਕ ਤੋਂ ਵੱਧ ਖੂਹ ਪਿੰਡ 'ਚ ਹੁੰਦੇ ਸਨ। ਇੱਕ ਖੂਹ ਪਿੰਡ ਦੀ ਫਿਰਨੀ ਤੋਂ ਪਾਰ ਖੁੱਲ੍ਹੀ ਥਾਂ ਵਿੱਚ ਹੁੰਦਾ ਸੀ, ਜਿਸ ਦੇ ਨਾਲ ਹੀ ਕੱਪੜੇ ਧੋਣ ਲਈ ਰਚਨਾ ਬਣੀ ਹੁੰਦੀ ਸੀ। ਪੰਜਾਬ ਦੀ ਔਰਤ ਦਾ ਜੀਵਨ ਖੂਹ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਸੀ। ਪੰਜਾਬੀ ਸੱਭਿਆਚਾਰ 'ਚ ਖੂਹ ਨੂੰ ਦੇਵਤੇ ਦੀ ਉਪਾਧੀ ਹਾਸਲ ਸੀ।

**ਖੂਹ ਦੀ ਬਣਤਰ ਅਤੇ ਖੂਹ ਪੁੱਟਣਾ:** ਖੂਹ ਸਦਾ ਗੋਲ ਹੀ ਹੁੰਦਾ ਹੈ। ਜੇਕਰ ਗੋਲਾਈ ਦਾ ਅਕਾਰ ਛੋਟਾ ਹੁੰਦਾ ਹੈ, ਉਸਨੂੰ ਖੂਹੀ ਕਹਿੰਦੇ ਹਨ, ਜੇਕਰ ਅਕਾਰ ਵੱਡਾ ਹੁੰਦਾ ਹੈ ਤਾਂ ਉਸਨੂੰ ਖੂਹ ਕਹਿੰਦੇ ਹਨ। ਖੂਹ ਪੁੱਟਣ ਲਈ ਮੈਹਰਾ ਜਾਤੀ ਦੇ ਕਾਰੀਗਰਾਂ (ਟੋਬੇ) ਨੂੰ ਸੱਦਿਆ ਜਾਂਦਾ ਸੀ। ਧਰਤੀ ਪੂਜਣ ਤੋਂ ਬਾਦ ਖੂਹ ਪੁੱਟਣ ਦੀ ਕਾਰਵਾਈ ਆਰੰਭ ਕੀਤੀ ਜਾਂਦੀ ਸੀ। ਚੱਕ ਦੇ ਪੈਰ੍ਹਾਂ ਥੱਲਿਓਂ ਮਿੱਟੀ ਕੱਢਦੇ ਜਾਂਦੇ ਤੇ ਖੂਹ ਹੇਠਾਂ ਵੱਲ ਨੂੰ ਖਿਸਕਦਾ ਜਾਂਦਾ, ਉਪਰੋਂ ਉਸਾਰੀ ਹੁੰਦੀ ਜਾਂਦੀ ਸੀ। ਕਾਰੀਗਰ ਪਾਣੀ 'ਚ ਉੱਤਰ ਜਾਂਦੇ ਸਨ 'ਤੇ ਚੱਕ ਹੇਠੋਂ ਮਿੱਟੀ ਅਤੇ ਰੇਤਾ ਕੱਢਦੇ ਜਾਂਦੇ ਸਨ। ਚਨਿਆਈ ਦੇ ਕੁਝ ਗੇੜ ਕੱਢਕੇ ਉਸ ਨੂੰ ਸੁੱਕਣ ਲਈ ਛੱਡ ਦਿੱਤਾ ਜਾਂਦਾ ਸੀ। ਖੂਹ ਨੂੰ ਪਾਣੀ ਦੀ ਪੱਤਣ ਤੱਕ ਲਜਾਇਆ ਜਾਂਦਾ ਸੀ, ਕਿਉਂਕਿ ਧਰਤੀ ਹੇਠਲਾ ਪਾਣੀ ਸਦਾ ਵਗਦਾ ਰਹਿੰਦਾ ਹੈ, ਇਸ ਲਈ ਖੂਹ ਦਾ ਪਾਣੀ ਸਦਾ ਤਾਜ਼ਾ ਅਤੇ ਠੰਡਾ ਪ੍ਰਾਪਤ ਹੁੰਦਾ ਸੀ। ਖੂਹ ਦੀ ਚਨਿਆਈ ਪੂਰੀ ਹੋ ਜਾਣ ਤੇ ਯੱਗ ਕੀਤਾ ਜਾਂਦਾ ਸੀ।

ਖੂਹ ਦੀ ਮੌਣ, ਖੂਹ ਦਾ ਮਹੱਤਵ ਪੂਰਨ ਭਾਗ ਹੁੰਦੀ ਸੀ। ਮੌਣ ਜਿੱਥੇ ਕਿਸੇ ਡੰਗਰ ਜਾਂ ਬੱਚੇ ਨੂੰ ਖੂਹ ਵਿੱਚ ਡਿੱਗਣ ਤੋਂ ਬਚਾਉਂਦੀ ਸੀ, ਉੱਥੇ ਹੀ ਇਹ ਖੂਹ ਦੀ ਪਵਿੱਤਰਤਾ ਨੂੰ ਕਾਇਮ ਰੱਖਦੀ ਸੀ, ਤਾਂ ਕਿ ਬਾਹਰੋਂ ਕੋਈ ਗੰਦਾ ਜਾਂ ਮੀਂਹ ਦਾ ਪਾਣੀ ਖੂਹ 'ਚ ਨਾ ਪਵੇ। ਪਿੰਡਾਂ ਵਿੱਚਲੇ ਕਈ ਖੂਹਾਂ ਉਪੱਰ ਭੌਣੀ ਲੱਗੀ ਹੁੰਦੀ ਸੀ, ਜਿਸ ਉਪਰ ਇੱਕ ਸਾਂਝਾ ਰੱਸਾ ਅਤੇ ਬਾਲਟੀ ਲਮਕਦੀ ਹੁੰਦੀ ਸੀ। ਜਿਹੜੇ ਖੂਹ ਭੌਣੀ ਤੋਂ ਵਗੈਰ ਹੁੰਦੇ ਸਨ, ਉਨ੍ਹਾਂ 'ਚ ਰੱਸੀ ਬੰਨੀ ਬਾਲਟੀ ਲਮਕਾ ਕੇ ਪਾਣੀ ਖਿੱਚਿਆ ਜਾਂਦਾ ਸੀ। ਰੱਸੀ ਦੇ ਨਿਸ਼ਾਨ ਮੌਣ ਦੀ ਸਿਲ ਉਪਰ ਡੂੰਘੇ ਪੈ ਜਾਂਦੇ ਸਨ। ਇਸ ਸੰਦਰਵ ਵਿੱਚ ਇਸ ਪ੍ਰਸੰਗ ਆਉਂਦਾ ਹੈ, ਗੁਰੂਕੁਲ ਵਿੱਚ ਵਰਧਰਾਜ ਨਾਮ ਦਾ ਇੱਕ ਵਿਦਿਆਰਥੀ ਪੜ੍ਹਦਾ ਸੀ, ਵਾਰੀ-ਵਾਰੀ ਅਸਫਲ ਹੋਣ 'ਤੇ ਅਧਿਆਪਕ ਨੇ ਉਸਨੂੰ ਤਾਹਨਾ ਮਾਰਿਆ,'ਤੂੰ ਕੁਝ ਨਹੀਂ ਸਿੱਖ ਸਕਦਾ, ਤੇਰਾ ਤਾਂ ਪੈਦਾ ਹੋਣਾ ਹੀ ਬੇਕਾਰ ਅਤੇ ਬੋਝ ਹੈ।' ਇਹ ਗੱਲ ਵਰਧਰਾਜ ਦੇ ਦਿਲ ਉਪਰ ਅਜਿਹੀ ਲੱਗੀ ਕਿ ਉਸਨੇ ਗੁਰੂਕੁਲ ਛੱਡ ਦਿੱਤਾ ਅਤੇ ਖੂਹ ਵਿੱਚ ਖੁਦਕਸ਼ੀ ਕਰਨ ਦੀ ਠਾਣ ਲਈ। ਜਦੋਂ ਉਹ ਖੂਹ ਦੇ ਕੋਲ ਪੁੱਜਿਆ ਤਾਂ ਖੂਹ ਦੀ ਸਿਲ ਉਪਰ ਨਾਜ਼ੁਕ ਰੱਸਿਆਂ ਦੇ ਪਏ ਡੂੰਘੇ ਨਿਸ਼ਾਨ ਦੇਖ ਕੇ ਸੋਚੀਂ ਪੈ ਗਿਆ,"ਜੇਕਰ ਐਨੀ ਕੋਮਲ ਰੱਸੀ, ਐਨੀ ਪੱਕੀ ਸਿਲ ਉਪਰ ਡੂੰਘੇ ਨਿਸ਼ਾਨ ਪਾ ਸਕਦੀ ਹੈ, ਤਾਂ ਮੇਰਾ ਸਿਰ ਤਾਂ ਪੱਥਰ ਨਾਲੋਂ ਕਿਤੇ ਕੋਮਲ ਹੈ, ਫੇਰ ਵਿੱਦਿਆ ਰੂਪੀ ਰੱਸੀ ਦੇ ਨਿਸ਼ਾਨ ਕਿਉਂ ਨਹੀਂ ਪਏ, ਮੇਰੇ ਧਿਆਨ ਵਿੱਚ ਖੋਟ ਹੈ।" ਉਹ ਵਾਪਸ ਮੁੜ ਗਿਆ ਅਤੇ ਗੁਰੂ ਜੀ ਦੇ ਪੈਰ੍ਹਾਂ 'ਚ ਡਿੱਗ ਪਿਆ, ਉਸਤੋਂ ਬਾਅਦ ਉਸਨੇ ਉਹੀ ਗੁਰੂਕੁਲ 'ਚ ਵਿੱਦਿਆ ਹਾਸਿਲ ਕੀਤੀ ਅਤੇ ਇੱਕ ਵੱਡਾ ਵਿਦਵਾਨ ਬਣਿਆ।



ਖੇਤਾਂ ਵਾਲੇ ਖੂਹ ਵਿੱਚ ਟਿੰਡਾਂ ਚੱਲਦੀਆਂ ਸਨ, ਪਹਿਲਾਂ ਪਹਿਲ ਟਿੰਡਾਂ ਮਿੱਟੀ ਦੀਆਂ ਬਣੀਆਂ ਹੁੰਦੀਆਂ ਸਨ, ਫੇਰ ਲੋਹੇ ਦੀਆਂ ਬਣਨ ਲੱਗ ਪਈਆਂ। ਟਿੰਡਾਂ ਵਾਲੇ ਖੂਹ ਨੂੰ ਬਲਦ ਜਾਂ ਬੱਛਾ ਗੇੜਦਾ ਸੀ।

ਖੂਹ ਦੀਆਂ ਟਿੰਡਾ ਉਪਰ ਲੋਕ ਬਹੁਤ ਸਾਰੀਆਂ ਕਹਾਵਤਾਂ ਬਣੀਆਂ ਹਨ:-

(1) ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲ ਮਟੱਲੀਆਂ,
ਆਉਣ ਕੂੰਜਾਂ ਦੇਣ ਬੱਚੇ ਪਾਉਣ ਫੇਰੀ ਨਦੀ ਨਹਾਉਣ ਚੱਲੀਆਂ।
(2) ਨਿੱਕਾ ਜਿਹਾ ਕਾਕਾ ਟੈਂ-ਟੈਂ ਕਰਦਾ,
ਭਾਰ ਚੁਕਾਇਆ ਤਾਂ ਚੁੱਪ ਕਰਦਾ।

ਕਿਹਾ ਜਾਂਦਾ ਹੈ ਧੰਨੇ ਭਗਤ ਨੇ ਰੱਬ ਤੋਂ ਖੂਹ ਹਕਾਇਆ ਸੀ। ਪੰਜਾਬੀ ਦੇ ਮਸ਼ਹੂਰ ਲੇਖਕ ਸੋਹਣ ਸਿੰਘ ਸੀਤਲ ਦਾ ਨਾਵਲ "ਤੂਤਾਂ ਵਾਲਾ ਖੂਹ" ਵੀ ਬਹੁਤ ਮਸ਼ਹੂਰ ਹੋਇਆ ਹੈ, ਜਿਸਦੀ ਕਹਾਣੀ ਸ਼ੁਰੂ ਤੋਂ ਲੈ ਕੇ ਅੰਤ ਤੱਕ ਖੂਹ ਦੁਆਲੇ ਹੀ ਘੁੰਮਦੀ ਹੈ।

**ਖੂਹ ਉਪਰ ਪਾਣੀ ਭਰਦੀਆਂ ਸੁਆਣੀਆ:-** ਖੂਹ ਤੋਂ ਪਾਣੀ ਭਰ ਕੇ ਲਿਆਉਣ ਲਈ ਸੁਆਣੀਆਂ ਅਤੇ ਮੁਟਿਆਰਾਂ ਵੱਲੋਂ ਮਿੱਟੀ ਦੇ ਘੜੇ ਜਾਂ ਪਿੱਤਲ ਦੀਆਂ ਟੋਕਣੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਖੂਹ ਤੋਂ ਪਾਣੀ ਭਰਨ ਲਈ ਸਿਰਾਂ ਤੇ ਸੱਗੀ ਫੁੱਲ ਅਤੇ ਗਲੇ 'ਚ ਫੁਲਕਾਰੀਆਂ ਵਿੱਚ ਸਜ ਕੇ ਸੁਆਣੀਆਂ ਟੋਲੀਆਂ ਵਿੱਚ ਇੰਝ ਜਾਂਦੀਆਂ ਸਨ ਜਿਵੇਂ ਮੇਲੇ ਤੇ ਚੱਲੀਆਂ ਹੋਣ। ਸਵੇਰ ਦੇ ਸਮੇਂ ਜਾਂ ਦੁਪਹਿਰ ਢਲਣ ਸਾਰ ਖੂਹਾਂ ਤੇ ਝਾਂਜਰਾਂ ਦੀਆਂ ਛਣਕਾਰਾਂ ਸੁਣਾਈ ਦੇਣ ਲੱਗ ਪੈਂਦੀਆਂ ਸਨ। ਖੂਹਾਂ ਉੱਤੇ ਘਿਰਨੀਆਂ ਦੀ ਘੂੰ-ਘੂੰ ਅਤੇ ਪਾਣੀ ਦੇ ਡੋਲਾਂ ਦੀਆਂ ਡਬਕੀਆਂ ਕਿਸੇ ਸੁਰਤਾਲ ਤੋਂ ਘੱਟ ਨਹੀਂ ਸਨ। ਆਮਤੌਰ ਤੇ ਸੁਆਣੀਆਂ ਵਿੱਚ ਮਾਨਸਿਕ ਮੁਕਾਬਲਾ ਹੁੰਦਾ ਸੀ, 'ਕਿਹੜੀ ਪਾਣੀ ਦੇ ਭਰੇ ਹੋਏ ਘੜੇ ਜਾਂ ਟੋਕਣੀਆਂ ਵੱਧ ਚੁੱਕੇਗੀ'। ਸੁਆਣੀਆਂ ਲਈ ਖੂਹ 'ਤੇ ਪਾਣੀ ਭਰਨ ਜਾਣਾ ਤੀਆਂ ਦੇ ਮਾਹੌਲ ਵਰਗਾ ਹੁੰਦਾ ਸੀ। ਸੁਆਣੀਆਂ ਆਪਸ ਵਿੱਚ ਠੱਠਾ-ਮਜਾਕ ਤੋਂ ਇਲਾਵਾ ਕਈ ਤਰਾਂ ਦੇ ਗੀਤਾਂ, ਤੱਥਾਂ ਅਤੇ ਟੋਟਕਿਆਂ ਨੂੰ ਜਨਮ ਦਿੰਦੀਆਂ ਸਨ। ਪੰਜਾਬੀ ਸੱਭਿਆਚਾਰ ਦੀ ਇੱਕ ਵਿਲੱਖਣਤਾ ਹੈ, ਇਸਨੇ ਆਪਣੀ ਲੋੜ ਵਾਲੀਆਂ ਵਸਤੂਆਂ ਨੂੰ ਸਾਹਿਤ ਨਾਲ ਜੋੜਿਆ ਹੈ, ਇਸੇ ਕਰਕੇ ਖੂਹ ਨੂੰ ਮਨੁੱਖੀ ਜੀਵਨ ਦਾ ਧੁਰਾ ਮੰਨਦੇ ਹੋਏ ਉੱਚ ਸਾਹਿਤ ਦੀ ਰਚਨਾ ਹੋਈ ਹੈ।

ਮੁਟਿਆਰ ਖੂਹ ਬਾਰੇ ਆਪਣੀਆਂ ਇੱਛਾਵਾਂ ਇੰਝ ਪ੍ਰਗਟ ਕਰਦੀ ਹੈ-
ਦੇਈਂ ਵੇ ਬਾਬਲ ਉਸ ਘਰੇ, ਜਿੱਥੇ ਵਗਣ ਦਵਾਣੇ ਖੂਹ,
ਠੰਡਾ-ਮਿੱਠਾ ਜਲ ਭਰਾਂ, ਮੇਰੀ ਭਿੱਜੀ ਰਹੇ ਸਦਾ ਰੂਹ।

ਪਾਕਿਸਤਾਨ ਦਾ ਇੱਕ ਬਹੁਤ ਹੀ ਹਰਮਨ ਪਿਆਰਾ ਲੋਕ ਗੀਤ ਹੈ, ਜਿਹੜਾ ਸਹਿਬਾਜ਼ ਅਲੀ ਸਾਕੀ ਨੇ ਬਹੁਤ ਹੀ ਖੂਬਸੂਰਤ ਆਵਾਜ਼ ਵਿੱਚ ਗਾਇਆ ਹੈ:-
ਖੂਹ ਮੇਰੇ ਮਾਹੀ ਦਾ, ਲੋਕੀ ਘੜੇ ਭਰੇਂਦੇ ਨੇ. . . . .

ਖੂਹ ਉਪਰ ਮੁਟਿਆਰ ਆਪਣੇ ਪਿਆਰੇ ਨੂੰ ਯਾਦ ਕਰਦੀ ਹੋਈ ਕਹਿੰਦੀ ਹੈ:-
ਖੂਹ ਉੱਤੇ ਆ ਮਾਹੀਆ,
ਨਾਲੇ ਸਾਡੀ ਗੱਲ ਸੁਣਜਾ,
ਨਾਲੇ ਘੜਾ ਵੇ ਚੁਕਾ ਮਾਹੀਆ।

ਕੀਮਾ-ਮਲਕੀ ਦਾ ਕਿੱਸਾ ਵੀ ਖੂਹ ਤੋਂ ਸ਼ੁਰੂ ਹੁੰਦਾ ਹੈ-
ਮਲਕੀ ਭਰਦੀ ਪਈ ਸੀ ਖੂਹ ਦੇ ਉੱਤੇ ਪਾਣੀ,
ਕੀਮਾ ਕੋਲ ਆਕੇ ਅਰਜ਼ ਗੁਜਾਰੇ,
ਛੰਨਾ ਪਾਣੀ ਦਾ ਦੇ ਦੇ ਨੀ ਮੁਟਿਆਰੇ।

**ਹਰੀ ਕ੍ਰਾਂਤੀ ਦਾ ਪ੍ਰਭਾਵ:** ਦੇਸ਼ ਵਿੱਚ ਹਰੀ ਕ੍ਰਾਂਤੀ ਆਉਣ ਤੋਂ ਬਾਅਦ ਦੋਵੇਂ ਤਰਾਂ ਦੇ ਖੂਹ, ਪਿੰਡ ਵਿਚਲੇ ਅਤੇ ਖੇਤ ਵਿਚਲੇ ਖ਼ਤਮ ਹੋਣੇ ਸ਼ੁਰੂ ਹੋ ਗਏ। ਅੱਜ ਦੇ ਸਮੇਂ ਵਿੱਚ ਪੰਜਾਬੀ ਸੱਭਿਆਚਾਰ ਦੇ ਇਸ ਧੁਰੇ ਦਾ ਪੂਰਨ ਰੂਪ 'ਚ ਖਾਤਮਾ ਹੋ ਚੁੱਕਾ ਹੈ, ਹੁਣ ਕੇਵਲ ਯਾਦਾਂ ਹੀ ਬਚੀਆਂ ਹਨ, ਅੱਜ ਵੀ ਪਿੰਡ ਦੇ ਬਜ਼ੁਰਗਾਂ ਨੂੰ ਜੇਕਰ ਖੂਹ ਬਾਰੇ ਪੁੱਛਿਆ ਜਾਵੇ ਤਾਂ ਉਹ ਭਾਵੁਕ ਹੋ ਕੇ ਕਹਿੰਦੇ ਹਨ ,"ਪਿੰਡਾਂ ਦੇ ਖੂਹ ਭਾਈਚਾਰਕ ਏਕਤਾ ਅਤੇ ਸਾਂਝ ਦੇ ਪ੍ਰਤੀਕ ਸਨ, ਖੂਹ ਦੇ ਪਾਣੀ ਦੀ ਕੋਈ ਰੀਸ ਨਹੀਂ ਹੋ ਸਕਦੀ, ਖੂਹ ਦਾ ਪਾਣੀ ਅੱਜ ਦੇ ਸ਼ਰਬਤ ਨਾਲੋਂ ਵੀ ਮਿੱਠਾ ਅਤੇ ਸੁਆਦਲਾ ਹੁੰਦਾ ਸੀ।" ਹਰੀ ਕ੍ਰਾਂਤੀ ਉਪਰ ਚੋਟ ਕਰਦੇ ਹੋਏ ਪਸ਼ੌਰਾ ਸਿੰਘ ਢਿੱਲੋਂ ਲਿਖਦਾ ਹੈ:-
ਖੂਹਾਂ ਤੇ ਸੀ ਰੱਬ ਵਸੇਂਦਾ, ਉਹ ਵੀ ਰੁੱਸ ਦਾ ਲੱਗਿਆ,
ਜੱਟ ਮਰਦਾ ਖੁਦਕਸ਼ੀਆਂ ਕਰਦਾ, ਉਹਨੂੰ ਚੰਬੜੀਆਂ ਦਿਨੋਂ ਬਲਾਵਾਂ।

ਇੱਕ ਆਸ਼ਾਵਾਦੀ ਕਵੀ ਨੇ ਲਿਖਿਆ ਹੈ:-
ਓ ਖੁਸ਼ਦਿਲ ਸੋਹਣੀਓ ਰੂਹੋ,
ਰੁਮਝੁਮ ਰੁਮਕਦੇ ਖੂਹੋ,
ਮੇਰੇ ਪਿੰਡ ਦੀਓ ਜੂਹੋ,
ਤੁਸੀਂ ਹਰਗਿਜ ਨਾ ਕੁਮਲਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ.....

# ਇਕ ਗੀਤਕਾਰ ਜੋ ਕੇਵਲ ਜਾਤੀ ਦੇ ਕਾਰਨ ਭੁਲਾ ਦਿੱਤਾ ਗਿਆ

ਮਹਾਨ ਗੀਤਕਾਰ ਸ਼ੈਲੇਂਦਰ ਨੂੰ ਸੁਣਦੇ ਹੋਏ ਸ਼ਾਇਦ ਕਦੀ ਇਹ ਗੱਲ ਦਿਮਾਗ ਵਿਚ ਨਹੀਂ ਆਈ ਹੋਵੇਗੀ ਕਿ ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਗੀਤਾਂ ਦੀ ਰਚਨਾ ਕਰਨ ਵਾਲੇ ਸ਼ੈਲੇਂਦਰ ਨੂੰ ਕਦੀ ਕੋਈ ਵੱਡਾ ਪੁਰਸਕਾਰ ਨਹੀਂ ਮਿਲਿਆ। ਉਹਨਾਂ ਦਾ ਜੀਵਨ ਜਾਤੀ ਭੇਦਭਾਵ ਦੀਆਂ ਪਰਛਾਈਆਂ ਦੇ ਸਾਏ ਵਿਚ ਅੱਗੇ ਵਧਿਆ ਅਤੇ ਬੇਹੱਦ ਮੁਫਲਿਸੀ ਦੇ ਵਿਚਕਾਰ ਖਤਮ ਹੋਇਆ। ਇਸੇ ਦਾ ਨਤੀਜਾ ਸੀ ਕਿ ਸ਼ੈਲੇਂਦਰ ਸਿਨੇਮਾ ਜਗਤ ਦੇ ਅਜ਼ੀਮ ਫਨਕਾਰ ਹੁੰਦੇ ਹੋਏ ਵੀ ਜਾਤੀ ਦੇ ਕਾਰਨ ਭੁਲਾ ਦਿੱਤੇ ਗਏ।

ਦਰਅਸਲ ਸ਼ੈਲੇਂਦਰ ਦਾ ਅਸਲੀ ਨਾਂ ਸੀ ਸ਼ੰਕਰਦਾਸ ਕੇਸਰੀਲਾਲ। ਉਹ ਮੂਲ ਤੌਰ ਤੇ ਬਿਹਾਰ ਦੇ ਆਰਾ ਦੇ ਧੂਸਪੁਰ ਪਿੰਡ ਦੇ ਧੁਸੀ ਚਮਾਰ ਜਾਤੀ ਦੇ ਸਨ। ਉਹਨਾਂ ਦਾ ਜਨਮ ਪਾਕਿਸਤਾਨ ਦੇ ਰਾਵਲਪਿੰਡੀ ਵਿਚ ਹੋਇਆ ਸੀ। ਉਹਨਾਂ ਦੇ ਪਿਤਾ ਦੀ ਤਬੀਅਤ ਖਰਾਬ ਹੋਣ ਤੇ ਉਹਨਾਂ ਦਾ ਪਰਿਵਾਰ ਜਦੋਂ ਬਹੁਤ ਮੁਸ਼ਕਿਲਾਂ ਵਿਚ ਫਸ ਗਿਆ ਤਾਂ ਉਹ ਲੋਕ ਉਤਰ ਪ੍ਰਦੇਸ਼ ਦੇ ਮਥੁਰਾ ਵਿਚ ਉਹਨਾਂ ਦੇ ਚਾਚਾ ਕੋਲ ਆ ਗਏ। ਮਥੁਰਾ ਵਿਚ ਹੀ ਬੇਹੱਦ ਗਰੀਬੀ ਵਿਚਕਾਰ ਸ਼ੈਲੇਂਦਰ ਨੇ ਮੈਰਿਟ ਤੱਕ ਦੀ ਪੜ੍ਹਾਈ ਕੀਤੀ। ਇਲਾਜ ਦੇ ਪੈਸੇ ਨਾ ਹੋਣ ਦੇ ਕਾਰਨ ਆਪਣੀ ਇਕਲੌਤੀ ਭੈਣ ਨੂੰ ਉਹਨਾਂ ਨੇ ਅੱਖਾਂ ਦੇ ਸਾਹਮਣੇ



ਗੁਆ ਦਿੱਤਾ। ਬਚਪਨ ਵਿਚ ਜਦੋਂ ਸ਼ੈਲੇਂਦਰ ਹਾਕੀ ਖੇਡਿਆ ਕਰਦਾ ਸੀ ਪਰ ਨਾਲ ਖੇਡਣ ਵਾਲੇ ਲੜਕੇ ਉਸਦੀ ਜਾਤੀ ਕਾਰਨ ਬੁਰਾ ਵਤੀਰਾ ਕਰਦੇ ਸਨ। ਉਹਨਾਂ ਨੂੰ ਕਵਿਤਾ ਦਾ ਸ਼ੌਕ ਸੀ। ਇਕ ਕਵਿਤਾ ਪਾਠ ਸਮਾਰੋਹ ਵਿਚ ਉਹਨਾਂ ਦੀ ਮੁਲਾਕਾਤ ਰਾਜ ਕਪੂਰ ਨਾਲ ਹੋਈ ਅਤੇ ਉਹ ਉਹਨਾਂ ਨੂੰ ਫਿਲਮ ਇੰਡਸਟਰੀ ਵਿਚ ਲੈ ਗਏ। ਉਹਨਾਂ ਨੇ 800 ਤੋਂ ਜ਼ਿਆਦਾ ਗੀਤ ਲਿਖੇ ਅਤੇ ਉਹਨਾਂ ਦੇ ਲਿਖੇ ਜ਼ਿਆਦਾਤਰ ਗੀਤਾਂ ਨੂੰ ਬੇਹੱਦ ਲੋਕਪ੍ਰਿਅਤਾ ਹਾਸਲ ਹੋਈ। ਉਹਨਾਂ ਦੇ ਗੀਤ 'ਅਵਾਰਾ, ਦੋ ਬੀਘਾ ਜ਼ਮੀਨ, ਸ੍ਰੀ 420, ਜਿਸ ਦੇਸ਼ ਮੇਂ ਗੰਗਾ ਵਹਿਤੀ ਹੈ' ਵਰਗੀਆਂ ਫਿਲਮਾਂ ਵਿਚ ਬਹੁਤ ਪ੍ਰਸਿੱਧ ਹੋਏ। ਉਹਨਾਂ ਨੇ ਸਿਨੇਮਾ ਵਿਚ ਕੰਮ ਕਰਨ ਦੇ ਲਈ ਆਪਣਾ ਤਖੱਲਸ ਜਾਂ ਉਪ ਨਾਂ ਹੀ ਨਾਂ ਦੇ ਰੂਪ ਵਿਚ ਰੱਖਿਆ। ਉਹ ਦੌਰ ਸੀ ਜਦੋਂ ਦਲਿਤਾਂ ਅਤੇ ਮੁਸਲਮਾਨਾਂ ਨੂੰ ਸਿਨੇਮਾ ਵਿਚ ਸਫਲ ਹੋਣ ਦੇ ਲਈ ਆਪਣਾ ਨਾਂ ਬਦਲ ਕੇ ਆਪਣੀ ਪਛਾਣ ਲੁਕੋਣੀ ਪੈਂਦੀ ਸੀ। ਸ਼ੈਲੇਂਦਰ ਦੇ ਦਲਿਤ ਹੋਣ ਦੀ ਜਾਣਕਾਰੀ ਉਹਨਾਂ ਦੀ ਮੌਤ ਤੋਂ ਬਾਅਦ ਜਨਤਕ ਤੌਰ ਤੇ ਉਦੋਂ ਸਾਹਮਣੇ ਆਈ ਜਦੋਂ ਸਾਲ 2015 ਵਿਚ ਉਹਨਾਂ ਦੇ ਬੇਟੇ ਦਿਨੇਸ਼ ਸ਼ੈਲੇਂਦਰ ਨੇ ਆਪਣੇ ਪਿਤਾ ਦੀ ਕਵਿਤਾ ਸੰਗ੍ਰਹਿ 'ਅੰਦਰ ਕੀ ਆਗ' ਦੀ ਭੂਮਿਕਾ ਵਿਚ ਇਸਦੇ ਬਾਰੇ ਲਿਖਿਆ।

# ਆਪਣੀ ਬੋਲੀ ਵਿਚ ਸਾਨੂੰ ਸੋਹਣੇ ਅਤੇ ਸੁਚੱਜੇ ਢੰਗ ਦੇ ਸ਼ਬਦਾਂ ਦੀ ਵਰਤੋਂ ਕਰੋ



ਕਿਰਨਪਰੀਤ ਕੌਰ, ਆਸਟਰੀਆ
+436607370487

ਆਪਣੀ ਬੋਲੀ ਵਿਚ ਸਾਨੂੰ ਸੋਹਣੇ ਅਤੇ ਸੁਚੱਜੇ ਢੰਗ ਦੇ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਤੁਹਾਡਾ ਸਮਾਜ ਵਿਚ ਤਾਂ ਮਾਨ ਸਤਿਕਾਰ ਹੋਵੇਗਾ ਹੀ, ਪਰ ਨਾਲ ਦੀ ਨਾਲ ਤੁਹਾਡੇ ਆਪਣੇ ਅੰਦਰ ਵੀ ਇਕ ਸੋਹਣਾ ਚਰਿੱਤਰ ਸਿਰਜਿਆ ਜਾਵੇਗਾ। ਇਸ ਨਾਲ ਤੁਹਾਡੇ ਗੁੱਸੇ ਤੇ ਵੀ ਕਾਬੂ ਰਹੇਗਾ । ਮੈ ਕਈ ਲੋਕ ਅਜਿਹੇ ਦੇਖੇ ਹਨ ਜੋ ਕਿਸੇ ਦੀ ਗਲਤੀ ਤੇ ਵੀ ਦੂਸਰੇ ਨੂੰ ਬਹੁਤ ਹੀ ਪਿਆਰ ਦਿੰਦੇ ਹਨ ਅਤੇ ਸੋਹਣੇ ਢੰਗ ਨਾਲ ਬਿਆਨ ਕਰਦੇ ਹਨ। ਇਸ ਸਭ ਚੀਜ਼ਾਂ ਤੁਹਾਡੀ ਸਿਆਣਪ ਨੂੰ ਦਰਸਾਉਂਦੀਆਂ ਹਨ ।

ਪਰ ਕੁਝ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਜਿਨ੍ਹਾਂ ਮਰਜੀ ਪਿਆਰ ਅਤੇ ਸਤਿਕਾਰ ਨਾਲ ਸਮਝਾ ਲਓ ਜਾਂ ਗਲ ਕਰ ਲਓ । ਉਹ ਤੁਹਾਨੂੰ ਕੌੜਾ ਹੀ ਬੋਲਣਗੇ। ਉਹਨਾਂ ਦੇ ਗੱਲ ਕਰਨ ਦੇ ਢੰਗ ਵਿਚ ਹਮੇਸ਼ਾ ਗੁੱਸਾ ਤੇ ਕੌੜਾਪਣ ਹੀ ਨਜ਼ਰ ਆਵੇਗਾ। ਇਹੋ ਜਿਹੇ ਲੋਕ ਸਮਾਜ ਵਿੱਚ ਆਪਣੇ ਚਰਿੱਤਰ ਨੂੰ ਆਪ ਹੀ ਖਰਾਬ ਕਰ ਲੈਂਦੇ ਹਨ । ਫਿਰ ਉਹਨਾਂ ਨਾਲ ਕੋਈ ਵੀ ਗਲ ਕਰਨੀ ਪਸੰਦ ਨਹੀਂ ਕਰਦਾ। ਇਕ ਗਲ ਇਥੇ ਧਿਆਨ ਦੇਣ ਯੋਗ ਹੈ ਮਿੱਠਾ ਬੋਲਣ ਤੋਂ ਭਾਵ ਇਹ ਨਹੀਂ ਕਿ ਅਸੀਂ ਦੂਸਰੇ ਇਨਸਾਨਾਂ ਦੀਆਂ ਝੂਠੀਆਂ ਤਰੀਫਾ ਜਾ ਪ੍ਰਸ਼ੰਸਾ ਕਰਨੀ ਸ਼ੁਰੂ ਕਰ ਦੇਈਏ। ਮਿੱਠਾ ਬੋਲਣ ਤੋਂ ਭਾਵ ਹੈ ਸਹੀ ਅਤੇ ਸੁਚੱਜੇ ਸ਼ਬਦਾਂ ਦੀ ਚੋਣ ਕਰਨੀ, ਜਿਸ ਨਾਲ ਅਗਲੇ ਨੂੰ ਤੁਹਾਡੇ ਮਨ ਦੇ ਭਾਵਾਂ ਦੀ ਸਮਝ ਵੀ ਆ ਜਾਵੇ ਅਤੇ ਅਗਲੇ ਨੂੰ ਕੋਈ ਦੁੱਖ ਵੀ ਨਾ ਲੱਗੇ। ਬੱਚਾ ਬਚਪਨ ਤੋਂ ਹੀ ਜਦ ਬੋਲਣਾ ਸਿੱਖਦਾ ਹੈ ਤਾ ਇਹ ਮਾਂ ਬਾਪ ਦਾ ਪਹਿਲਾ ਫਰਜ਼ ਹੁੰਦਾ ਹੈ ਕਿ ਉਸਨੂੰ ਚੰਗਾ ਬੋਲਣਾ ਸਿਖਾਉਣ।

ਕਿਉਂਕਿ ਬੱਚੇ ਦੀ ਬਚਪਨ ਵਿੱਚ ਹੋਈ ਫਰਵਰੀ ਹੀ ਉਸ ਦੀ ਸਾਰੀ ਜ਼ਿੰਦਗੀ ਤੇ ਸਭ ਤੋਂ ਵੱਡਾ ਅਸਰ ਪਾਉਂਦੀ ਹੈ । ਮਾਂ ਬਾਪ ਦੀ ਪਰਵਰਿਸ਼ ਅਤੇ ਸਾਡੀ ਬਾਹਰ ਦੀ ਸੰਗਤ ਇਨ੍ਹਾਂ ਦੋਹਾਂ ਤੋਂ ਮਿਲ ਕੇ ਹੀ ਇਨਸਾਨ ਦੇ ਚਰਿੱਤਰ ਦੀਆਂ ਸਭ ਮੋਢੀ ਚੀਜ਼ਾਂ ਬਣਦੀਆਂ ਹਨ ।ਜੇਕਰ ਬੱਚੇ ਨੂੰ ਬਚਪਨ ਤੋਂ ਹੀ ਸਹੀ ਗੁਣ ਦਿੱਤੇ ਜਾਣ ਉਸ ਦੀ ਸੰਗਤ ਚੰਗੀ ਹੋਵੇ ਤਾਂ ਇਹ ਤੈਅ ਹੈ ਕਿ ਬੱਚਾ ਸੋਹਣੇ ਗੁਣਾਂ ਦਾ ਮਾਲਕ ਹੁੰਦਾ ਹੈ।

ਸ਼ਬਦਾਂ ਦੀ ਗਹਿਰਾਈ ਬਹੁਤ ਡੂੰਘੀ ਹੈ ਇਸ ਲਈ ਅਸੀਂ ਕਿਸੇ ਦੇ ਮਨ ਵਿੱਚ ਉੱਤਰ ਵੀ ਸਕਦੇ ਹਾਂ ਅਤੇ ਕਿਸੇ ਦੇ ਮਨ ਤੋਂ ਉੱਤਰ ਵੀ ਸਕਦੇ ਹਾਂ ।

ਅੱਜ ਰਿਸ਼ਤਿਆਂ ਵਿੱਚ ਲੜਾਈ ਝਗੜੇ ਕਲੇਸ਼ ਸਿਰਫ ਸਾਡੀ ਬੋਲ ਚਾਲ ਦੇ ਭੈੜੇ ਅਤੇ ਮੰਦ ਸ਼ਬਦਾਵਲੀ ਦੀ ਵਰਤੋਂ ਕਾਰਨ ਹੀ ਹਨ।ਸਾਡੀ ਸੋਚ ਅਤੇ ਵਿਚਾਰ ਹੀ ਸਾਨੂੰ ਦੱਸਣਗੇ ਕਿ ਅਸੀਂ ਕਿਹੋ ਜਿਹੇ ਸ਼ਬਦਾਂ ਦੀ ਵਰਤੋਂ ਕਰਨੀ ਹੈ, ਪਰ ਇਹ ਸੋਚ ਅਤੇ ਵਿਚਾਰ ਸੁਚੱਜੇ ਹੋਣ ਜਿਸ ਦਾ ਸਾਨੂੰ ਖਾਸ ਧਿਆਨ ਦੇਣਾ ਪਵੇਗਾ।

ਇਸ ਵਿਚ ਸਭ ਤੋਂ ਪਹਿਲੀ ਜ਼ਿੰਮੇਵਾਰੀ ਆਉਂਦੀ ਹੈ ਸਾਡੇ ਮਾਂ ਪਿਓ ਦੀ ਜਿਨ੍ਹਾਂ ਨੇ ਬੱਚੇ ਦੇ ਮੂਲ ਸਿਧਾਂਤ ਨੂੰ ਬਚਾਉਣਾ ਹੁੰਦਾ ਹੈ।

ਫਿਰ ਆਉਂਦੀ ਹੈ ਗੱਲ ਅਧਿਆਪਕ ਵਰਗ ਜਾਂ ਤੁਹਾਡੀ ਸੰਗਤ ਦੀ ਉਸ ਤੋਂ ਬਾਅਦ ਬੰਦੇ ਦੀਆਂ ਆਪਣੀਆਂ ਰੁਚੀਆਂ ਅਤੇ ਸੋਚ ਬਣਦੀ ਹੈ। ਜਿਸ ਨਾਲ ਉਸਦਾ ਇਕ ਚਰਿੱਤਰ ਪੇਸ਼ ਹੁੰਦਾ ਹੈ ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਚਰਿੱਤਰ ਸਾਫ ਸੁਥਰਾ ਅਤੇ ਮਹਾਨ ਹੋਵੇ ਤਾਂ ਸਭ ਪਹਿਲਾਂ ਤੁਹਾਨੂੰ ਆਪਣੀ ਬੋਲ ਬਾਣੀ ਨੂੰ ਸੋਹਣੀ ਬਣਾਉਣਾ ਪਵੇਗੀ। ਕੁਝ ਲੋਕ ਕਹਿੰਦੇ ਹਨ ਕਿ ਅਸੀਂ ਤਾਂ ਵੀ ਸੱਚ ਬੋਲੀ ਦਾ ਫਿਰ ਚਾਹੇ ਕਿਸੇ ਨੂੰ ਚੰਗਾ ਲੱਗੇ ਜਾਂ ਮਾੜਾ ਜ਼ਰੂਰ ਸੱਚ ਬੋਲਣਾ ਬਹੁਤ ਚੰਗੀ ਗੱਲ ਹੈ ਅਤੇ ਸਾਨੂੰ ਹਮੇਸ਼ਾ ਹੀ ਸੱਚ ਬੋਲਣਾ ਚਾਹੀਦਾ ਹੈ। ਪਰ ਅਸੀਂ ਬੋਲਣ ਲੱਗਿਆ ਕਿਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਕਰ ਰਹੇ ਹਾਂ ਜਾਂ ਸਾਡਾ ਢੰਗ ਕਿਸ ਤਰ੍ਹਾਂ ਦਾ ਹੈ ਇਹ ਗੱਲ ਮਾਇਨੇ ਰੱਖਦੀ ਹੈ। ਇਸ ਲਈ ਦੋਸਤੋ ਹਮੇਸ਼ਾ ਸੋਹਣੇ ਸ਼ਬਦਾਂ ਦੀ ਵਰਤੋਂ ਕਰੋ ਇਸ ਨਾਲ ਤੁਹਾਡਾ ਮਨ ਤੇ ਸ਼ਾਂਤ ਰਹੇਗਾ ਹੀ ਨਾਲ ਹੀ ਕੰਨਾਂ ਵਿਚ ਵੀ ਮਿਸ਼ਰੀ ਘੁਲ ਜਾਵੇਗੀ ਤੁਹਾਨੂੰ ਸਮਾਜ ਵਿੱਚ ਇੱਜ਼ਤ ਮਿਲੇਗੀ ਅਤੇ ਚਰਿੱਤਰ ਦਾ ਨਿਰਮਾਣ ਹੋਵੇਗਾ।

ਜੀਭ ਵਿੱਚ ਹੱਡੀ ਨਹੀਂ ਹੁੰਦੀ ਪਰ ਇਹ ਕਈਆਂ ਦੀਆਂ ਹੱਡੀਆਂ ਤੁੜਾ ਦਿੰਦੀ ਹੈ। ਸਾਡੀ ਬੋਲ ਚਾਲ ਕਿਸੇ ਨਾਲ ਗੱਲ ਕਰਨ ਦਾ ਤਰੀਕਾ ਜਾਂ ਸਾਡੇ ਦੁਆਰਾ ਕੀਤੇ ਸ਼ਬਦਾਂ ਦੀ ਚੋਣ ਸਾਡੇ ਚਰਿੱਤਰ ਅਤੇ ਸਾਡੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਅਸੀਂ ਆਪਣੇ ਤੋਂ ਵੱਡੇ ਜਾਂ ਛੋਟੇ ਨਾਲ ਕਿਸ ਤਰੀਕੇ ਨਾਲ ਗੱਲ ਕਰਦੇ ਹਾਂ ਕਿਸ ਲਿਹਾਜ਼ ਨਾਲ ਬੋਲਦੇ ਹਾਂ ਇਸ ਤੋਂ ਸਾਡੇ ਸੰਸਕਾਰਾਂ ਦਾ ਪਤਾ ਚੱਲਦਾ ਹੈ, ਇੱਕ ਬੱਚਾ ਬਾਹਰ ਜਾ ਕੇ ਲੋਕਾਂ ਨਾਲ ਕਿਵੇਂ ਵਿੱਚ ਰਿਹਾ ਹੈ ਇਸ ਨਾਲ ਕੇਵਲ ਉਸ ਦਾ ਹੀ ਚਰਿੱਤਰ ਨਹੀਂ ਸਗੋਂ ਉਸ ਦੇ ਮਾਂ ਬਾਪ ਦਾ ਵੀ ਨਾਮ ਨਾਲ ਜੁੜਿਆ ਹੁੰਦਾ ਹੈ। ਤੁਸੀਂ ਅਕਸਰ ਹੀ ਸੁਣਿਆ ਹੋਵੇਗਾ ਜੇਕਰ ਕੋਈ ਬੱਚਾ ਗਲਤ ਬੋਲਦਾ ਹੈ ਤਾਂ ਉਸ ਨੂੰ ਆਖ ਦਿੱਤਾ ਜਾਂਦਾ ਹੈ ਕਿ ਤੇਰੇ ਮਾਂ ਬਾਪ ਨੇ ਤੈਨੂੰ ਬੋਲਣਾ ਨਹੀਂ ਸਿਖਾਇਆ ਇਸ ਲਈ ਸਾਡੀ ਬੋਲ ਚਾਲ ਸਿਰਫ ਸਾਨੂੰ ਹੀ ਨਹੀਂ ਸਗੋਂ ਸਾਡੇ ਨਾਲ ਜੁੜੇ ਸਾਡੇ ਮਾਂ ਬਾਪ ਜਾਂ ਹੋਰ ਰਿਸ਼ਤਿਆਂ ਨੂੰ ਵੀ ਬਹੁਤ ਪੇਸ਼ ਕਰਦੀ ਹੈ। ਇਸ ਲਈ ਸਾਨੂੰ ਬੋਲਣ ਲੱਗਿਆਂ ਹਮੇਸ਼ਾ ਸੋਚਣਾ ਸਮਝਣਾ ਚਾਹੀਦਾ ਹੈ ਕਿਸ ਤਰ੍ਹਾਂ ਦੇ ਸ਼ਬਦਾਂ ਦਾ ਪ੍ਰਯੋਗ ਕਰਨਾ ਹੈ ਇਸ ਗੱਲ ਦੀ ਸਮਝ ਹੋਣੀ ਜ਼ਰੂਰੀ ਹੈ।

# "ਯਹੀ ਕਾਜ ਧਰਾ ਹਮ ਜਨਮੰ"



ਮੁਹਿੰਦਰ ਸਿੰਘ ਘੱਗ
(530) 695-1318

ਪੋਹ ਮਹੀਨੇ ਦੀ ਸਰਦੀ ਭਰ ਜੋਬਨ ਤੇ ਸੀ। ਦਿਨ ਭਰ ਤਾਂ ਪਟਨਾ ਵਾਸੀ ,ਪਸ਼ੂ ਪੰਛੀ ਸੂਰਜ ਦੀ ਧੁਪ ਤੋਂ ਨਿਘ ਲੈ ਰਹੇ ਸਨ। ਸਮਾਂ ਕਦ ਰੁਕਦਾ ਹੈ ਆਖਰ ਆਪਣੇ ਵਿਧਾਨ ਅਨੁਸਾਰ ਸੂਰਜ ਦੇਵਤਾ ਦਿਨ ਭਰ ਦਾ ਸਫਰ ਕਰਕੇ ਆਪਣੀਆਂ ਕਿਰਨਾ ਸਮੇਟਦਾ ਹੋਇਆ ਪੱਛਮ ਵਿਚ ਅਲੋਪ ਹੋ ਗਿਆ ਤਾਂ ਠਰੂੰ ਠਰੂੰ ਕਰਦਾ ਪਾਲਾ ਆਪਣਾ ਰਾਜ ਜਮਾ ਬੈਠਾ। ਲੋਕਾਈ ਨੇ ਤਾਂ ਰਾਤ ਦੀ ਸਰਦੀ ਤੋਂ ਬਚਣ ਲਈ ਘਰਾਂ ਵਿਚ ਜਾ ਸ਼ਰਨ ਲਈ ਅਤੇ ਪਸ਼ੂ ਪੰਛੀ ਵੀ ਰਾਤ ਦੀ ਠੰਡ ਤੋਂ ਬਚਣ ਲਈ ਕੋਈ ਨਾ ਕੋਈ ਓਟ ਲੈ ਕੇ ਦੜ ਗਏ। ਘਰਾਂ ਨੂੰ ਦੀਵੇ ਰੁਸ਼ਨਾ ਰਹੇ ਸਨ ਉਧਰ ਪੋਹ ਸੁਦੀ ਦਾ ਚੰਦਰਮਾ ਸੱਤਾਂ ਦਿਨਾ ਦਾ ਹੋ ਕੇ ਅਧੇ ਰੂਪ ਵਿਚ ਸਿਖਰ ਅਸਮਾਨੇ ਆਪਣੀਆਂ ਚਾਂਦੀ ਰੰਗੀਆਂ ਠੰਡੀਆਂ ਰਿਸ਼ਮਾਂ ਨਾਲ ਠੰਡ ਨੂੰ ਹੋਰ ਬੜ੍ਹਾਵਾ ਦੇ ਰਿਹਾ ਸੀ। ਪਸ਼ੂਆ ਪੰਛੀਆਂ, ਬਿਰਛਾਂ ਅਤੇ ਪਟਨੇ ਸ਼ਹਿਰ ਦੇ ਕੰਧਾ ਕੋਠਿਆਂ ਨੇ ਦਿਨ ਭਰ ਦੀ ਸੂਰਜ ਤੋਂ ਹੁਧਾਰ ਲਈ ਗਰਮੀ ਨਾਲ ਰਾਤ ਦੀ ਠੰਡ ਤੋਂ ਬਚਣ ਲਈ ਆਪਣੇ ਉਦਾਲੇ ਕਿਲ੍ਹਾ ਉਸਾਰਨ ਦਾ ਯਤਨ ਕੀਤਾ ਹੋਇਆ ਸੀ। ਹੇਠੋਂ ਗਰਮੀ ਉਤੋਂ ਠੰਡ ਨੇ ਧੁੰਦ ਨੂੰ ਜਨਮ ਦਿਤਾ ਤਾਂ ਧੁੰਦ ਦੇ ਕਿਣਕਿਆਂ ਨੇ ਚੰਦਰਮਾ ਦੀ ਲੋ ਨੂੰ ਆਪਣੇ ਵਿਚ ਸਮੋ ਕੇ ਦੇਖਦੇਆਂ ਦੇਖਦਿਆਂ ਸਾਰਾ ਪਟਨਾ ਸ਼ਹਿਰ ਧੁੰਧ ਦੀ ਚਿੱਟੀ ਪੁਸ਼ਾਕ ਓੜ੍ਹ ਕੇ ਖੜ੍ਹਾ ਹੋ ਗਿਆ । ਇੰਝ ਲਗਦਾ ਸੀ ਜਿਵੇਂ ਇਹ ਸਭ ਕੁਝ ਕਿਸੇ ਪਵਿਤਰ ਆਤਮਾਂ ਦੀ ਆਓ ਭਗਤ ਲਈ ਸਜਾਵਟ ਕੀਤੀ ਹੋਵੇ।

ਇਕ ਇਕ ਕਰਕੇ ਦੀਵੇ ਬੁਝਣੇ ਸ਼ੁਰੂ ਹੋ ਗਏ। ਲੋਕਾਈ ਅੰਦਰੀਂ ਬਿਸਤਰਿਆਂ ਦਾ ਨਿਘ ਮਾਣ ਰਹੀ ਸੀ। ਪਟਨੇ ਦੀਆਂ ਗਲੀਆਂ ਵਿਚ ਸੁਨਾਟੇ ਨੂੰ ਚੀਰਦੀ ਹੋਈ ਪਹਰੇਦਾਰ ਦੀ ਗੂੰਜਦੀ ਆਵਾਜ਼ (ਜਾਗਦੇ ਰਹੋ) ਜਾਂ ਫੇਰ ਉਸਦੇ ਹਥ ਫੜਿਆ ਖੂੰਡਾ ਰਾਤ ਦੇ ਇਕਲ ਵਿਚ ਜਿਸ ਦੇ ਆਸਰੇ ਪਹਿਰੇਦਾਰ ਤੁਰਿਆ ਜਾ ਰਿਹਾ ਸੀ ਜਦ ਧਰਤੀ ਨਾਲ ਟਕਰਾਉਂਦਾ ਤਾਂ ਥਡ ਦੀ ਆਵਾਜ਼ ਪੈਦਾ ਕਰਦਾ ਸੀ। ਪਹਿਰੇਦਾਰ ਦੀ ਆਵਾਜ਼ ਤੋਂ ਕਈ ਨੀਂਦ ਦੇ ਪ੍ਰੇਮੀ ਝੁੰਜਲਾ ਕੇ ਮੂੰਹ ਵਿਚ ਹੀ ਬੁੜ ਬੁੜ ਕਰਕੇ ਫਿਰ ਨੀਂਦ ਦੀ ਆਗੋਸ਼ ਵੋਚ ਚਲੇ ਜਾਂਦੇ। ਪਹਿਰੇ ਦਾਰ ਦਾ ਕੰਮ ਲੋਕਾਈ ਨੂੰ ਸੁਚੇਤ ਰਖਣ ਦਾ ਹੁੰਦਾ ਹੈ ਅਗੋਂ ਲੁਕਾਈ ਦੀ ਮਰਜ਼ੀ ਹੈ ਉਹਨਾ ਨੇ ਸੁਚੇਤ ਹੋਣਾ ਹੈ ਜਾਂ ਅਵੇਸਲੇ।

ਸਾਲਸ ਰਾਏ ਦੀ ਹਵੇਲੀ ਵਿਚੋਂ ਕੁਝ ਲੋ ਝੀਤਾਂ ਰਾਹੀਂ ਬਾਹਰ ਝਾਤ ਮਾਰਦੀ ਤਕਕੇ ਪਹਿਰੇਦਾਰ, ਕਿਉਂ? ਦਾ ਉਤਰ ਲਭਦਾ ਹੋਇਆ ਅਗ਼ੇ ਲੰਘ ਜਾਂਦਾ। ਨਿਯਮ ਵਿਚ ਬੱਧਾ ਚੰਦਰਮਾਂ ਸੂਰਜ ਦੀ ਪੈੜ ਨਪਦਾ ਨਪਦਾ ਪੱਛਮ ਵਿਚ ਅਲੋਪ ਹੋ ਗਿਆ। ਤਿਨ ਪਹਿਰ ਰਾਤ ਬੀਤ ਚੁਕੀ ਸੀ, ਸਿਤਾਰਿਆਂ ਦੀ ਦਿਸ਼ਾ ਦਸ ਰਹੀ ਸੀ ਕਿ ਸੂਰਜ ਦੇਵਤਾ ਵੀ ਆਪਣੇ ਜਾਹੋ ਜਲਾਲ ਨਾਲ ਕੁਝ ਹੀ ਸਮੈਂ ਵਿਚ ਹਾਜ਼ਰ ਹੋ ਜਾਵੇਗਾ। ਹਰ ਰੋਜ਼ ਪਸ਼ੂ ਪੰਛੀ ਵੀ ਨਿਘ ਦੇਣ ਵਾਲੇ ਦੇਵਤੇ ਦੀ ਤੀਬ੍ਰਤਾ ਨਾਲ ਉਡੀਕ ਕਰ ਰਹੇ ਸਨ।, ਕੁਝ ਹੀ ਸਮੇਂ ਵਿਚ ਉਹਨਾਂ ਨੂੰ ਕੱਕਰ ਤੋਂ ਛੁਟਕਾਰਾ ਮਿਲਣ ਵਾਲਾ ਸੀ । ਦੀਵੇ ਦੀ ਪਿਲੱਤਣ ਘਟ ਕੇ ਸਫੇਦੀ ਆ ਗਈ ਸੀ। (ਅੱਧੀ ਰਾਤ ਤੋਂ ਉਪਰੰਤ ਦੀਵੇ ਦੀ ਲੋ ਵਿਚ ਪਿਲਤੱਣ ਘਟ ਕੇ ਸਫੇਦੀ ਆ ਜਾਂਦੀ ਹੈ) ਇਹ ਇਸ ਗਲ ਦੀ ਨਿਸ਼ਾਨੀ ਸੀ ਕਿ ਅੰਧੇਰੀ ਅਤੇ ਠਰੂੰ ਠਰੂੰ ਕਰਦੀ ਰਾਤ ਦਾ ਅੰਤ ਹੋਣ ਵਾਲਾ ਸੀ। ਘਰ ਦੇ ਵਸਨੀਕ ਦੀਵੇ ਦੀ ਲੋ ਵਿਚ ਕਿਸੇ ਸ਼ੁੱਭ ਘੜੀ ਦੀ ਉਡੀਕ ਕਰ ਰਹੇ ਸਨ । ਇਸ ਸ਼ੁੱਭ ਘੜੀ ਆਉਣ ਤੇ ਗੁਰੂ ਤੇਗ ਬਹਾਦਰ ਜੀ ਦੀ ਜੀਵਨ ਸਾਥਣ ਗੁਜਰੀ ਜੀ ਨੂੰ ਮਾਤ ਗੁਜਰੀ ਕਹਾਉਣ ਦਾ ਸੁਭਾਗ ਪ੍ਰਾਪਤ ਹੋਣਾ ਸੀ।

ਬੇਬੇ ਨਾਨਕੀ ਜੀ ਦੇ ਅੰਦਰ ਆਤਮੇਂ ਤੋਂ ਉਤਪਨ ਹੋ ਕੇ ਆਪਣੇ ਗੁਰੂ ਪਤੀ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵਾਕ ਬਾਰ ਬਾਰ ਯਾਦ ਆ ਰਹੇ ਸਨ।

"ਇਸ ਕੇ ਪੁਤਰ ਹੋਵੇ ਬਲਵੰਡ, ਤੇਜ ਪਰਚੰਡ ਧੁੰਦ ਖਲ ਖੰਡ"

ਗੁਜਰੀ ਜੀ ਨੂੰ ਕਈ ਸਾਲਾਂ ਦੀ ਲਗਨ ਅਤੇ ਅਕਾਲ ਪੁਰਖ ਤੇ ਭਰੋਸਾ ਸੀ।

ਜਿਸ ਸੁਭਾਗੀ ਸ਼ੁਭ ਘੱੜੀ ਦੀ ਉਡੀਕ ਵਿਚ ਇਹ ਅਠ ਮੁਖੀਆ ਦੀਵਾ ਜਗਦਾ ਰਿਹਾ ਸੀ ਆਖਰ ਉਹ ਸ਼ੁਭ ਘੱੜੀ ਆ ਗਈ। ਦਾਈ ਨੇ ਬਾਲ ਦੀ ਸੰਭਾਲ ਕੀਤੀ ਅਤੇ ਅਤੇ ਬੇਬੇ ਨਾਨਕੀ ਜੀ ਨੂੰ ਆਵਾਜ਼ ਦਿਤੀ। "ਵਧਾਈ ਹੋਵੇ ਬੇਬੇ ਜੀ ਤੁਸੀਂ ਦਾਦੀ ਜੀ ਬਣ ਗਏ ਹੋ।"

ਬਾਲਕ ਦੇ ਚੇਹਰੇ ਵਲ ਤਕਦਿਆਂ ਹੀ ਬੇਬੇ ਨਾਨਕੀ ਜੀ ਵਜਦ ਵਿਚ ਆ ਗਏ। ਲਮੀ ਉਡੀਕ ਪੂਰੀ ਹੋਣ ਤੇ ਬੇਬੇ ਨਾਨਕੀ ਜੀ ਨੇ ਇੰਝ ਮਹਿਸੂਸ ਕੀਤਾ ਜਿਵੇਂ ਉਹਨਾ ਦਾ ਸਾਰਾ ਘਰ ਨੂਰੋ ਨੂਰ ਹੋ ਗਿਆ ਹੋਵੇ। ਆਪਣੇ ਪੁਤਰ ਗੁਰੂ ਤੇਗਬਹਾਦਰ ਜੀ ਦੇ ਬਾਅਦ ਕੋਈ ਪੰਜਤਾਲੀ ਸਾਲ ਬਾਅਦ ਉਹਨਾਂ ਘਰ ਵਿਚ ਇਕ ਨਵ ਜੀਵ ਆਇਆ ਸੀ। ਜਿਸ ਘਰ ਵਿਚ ਨਵ ਜੀਵ ਨਹੀਂ ਆਉਂਦਾ ਉਸ ਘਰ ਦੇ ਜੀਵ ਬੁਢੇ ਹੋ ਜਾਂਦੇ ਹਨ ਘਰ ਬੁਢਾ ਹੋ ਜਾਂਦਾ ਹੈ ,ਜਿਸ ਕੌਮ ਦੀ ਵਾਗਡੋਰ ਸੰਭਾਲਣ ਲਈ ਨੌਜਵਾਨ ਅਗੇ ਨਹੀਂ ਆਉਂਦੇ ਉਹ ਕੌਮ ਬੁਢੀ ਹੋ ਜਾਂਦੀ ਹੈ ਸਮੇਂ ਨਾਲੋਂ ਪਛੜ ਜਾਂਦੀ ਹੈ।

ਸੁੰਦਰ ਦੁਸ਼ਾਲੇ ਵਿਚ ਵ੍ਰਲੇਟ ਕੇ ਜਦ ਬਾਲਕ ਮਾਤਾ ਗੁਜਰੀ ਜੀ ਦੀ ਝੋਲੀ ਵਿਚ ਪਾਇਆ ਤਾਂ ਉਹਨਾਂ ਦੀ ਖੁਸ਼ੀ ਦਾ ਅੰਦਾਜ਼ਾ ਤਾਂ ਉਹੀ ਇਸਤਰੀ ਲਾ ਸਕਦੀ ਹੈ ਜਿਸ ਨੂੰ ਗ੍ਰਿਹਸਥ ਵਿਚ ਦਾਖਲ ਹੋਣ ਤੇ ਤੀਹ ਬੱਤੀ ਸਾਲ ਬਾਅਦ ਮਾਂ ਕਹਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ। ਮਾਤਾ ਗੁਜਰੀ ਦੀਆਂ ਅਖੀਆਂ ਸ਼ਰਧਾ ਵਿਚ ਮੀਟੀਆਂ ਗਈਆਂ। ਮਨ ਹੀ ਮਨ ਵਿਚ ਉਹਨਾ ਨੇ ਆਪਣੇ ਵਡੇ ਵਡੇਰਿਆਂ ਨੂੰ ਯਾਦ ਕਰਦਿਆਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ, ਚਲੋ ਦੇਰ ਨਾਲ ਹੀ ਸਹੀ ਉਸ ਦੀ ਕੁਖ ਨੂੰ ਵੀ ਭਾਗ ਲਗ ਗਿਆ, ਹੁਣ ਉਸ ਨੂੰ ਕੋਈ ਬਾਂਝ ਨਹੀਂ ਕਹਿਗਾ। ਗ੍ਰਿਹਸਥ ਆਸ਼ਰਮ ਵਿਚ ਪ੍ਰਵੇਸ਼ ਕਰਨ ਉਪਰੰਤ ਪ੍ਰਫੁਲਤ ਹੋਣ ਤੇ ਦੋਵਾਂ ਜੀਵਾਂ ਦਾ ਸਤਕਾਰ ਵੱਦ ਜਾਂਦਾ ਹੈ। ਪ੍ਰਫੁਲਤ ਹੋਣ ਵਿਚ ਦੇਰ ਹੋ ਜਾਏ ਤਾਂ ਹੀਣਤਾ ਭਾਵ ਹਾਵੀ ਹੋਣ ਲਗਦੀ ਹੈ। ਇਸ ਸੰਸਾਰ ਨੂੰ ਹਰਿਆ ਭਰਿਆ ਰਖਣ ਲਈ ਨਵੀਆਂ ਕਰੂੰਬਲਣਾ ਦਾ ਆਉਣਾ ਜਰੂਰੀ ਹੈ।

ਪਹਿਰੇਦਾਰ ਨੇ ਆਪਣੀ ਫੇਰੀ ਸਮੇਂ ਇਸ ਹਵੇਲੀ ਵਿਚੋਂ ਝੀਤਾਂ ਰਾਂਹੀਂ ਬਾਹਰ ਆਉਂਦੀ ਲੋ ਨੂੰ ਦੇਖਿਆ ਸੀ। ਆਪਣੇ ਕੰਮ ਤੋਂ ਫਾਰਗ ਹੋ ਕੇ ਉਸਨੇ ਹਵੇਲੀ ਕੋਲ ਦੀ ਲੰਘਣ ਦਾ ਮਨ ਬਣਾ ਲਿਆ। ਹਵੇਲੀ ਪਾਸ ਆ ਕੇ ਉਸ ਨੇ ਦੇਖਿਆ ਦੀਵੇ ਦੀ ਲੌ ਹਾਲੇ ਵੀ ਝੀਤਾਂ ਰਾਹੀ ਬਾਹਰ ਝਾਤ ਮਾਰ ਰਹੀ ਸੀ। ਇਕ ਤਾਂ ਸਾਰੀ ਰਾਤ ਘੀ ਦਾ ਦੀਵਾ ਬਲਦਾ ਰਿਹਾ ਸੀ ਦੂਸਰਾ ਬੇਬੇ ਨਾਨਕੀ ਜੀ ਨੇ ਘਰ ਵਿਚ ਖੁਸ਼ੀ ਆਉਣ ਤੇ ਧੂਫ ਧੁਖਾਣ ਨਾਲ ਵਾਤਾ ਵਰਣ ਸੁਗੰਦਤ ਹੋ ਗਿਆ ਸੀ। ਹਵੇਲੀ ਦੇ ਅੰਦਰੋਂ ਵਧ-ਾਈਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਲਾਗੇ ਆਏ ਪਹਿਰੇਦਾਰ ਨੂੰ ਬੜੀ ਹੀ ਮਧੁਰ ਸੁਰ ਵਿਚ ਇਕ ਜ਼ਨਾਨਾ ਆਵਾਜ਼ ਸੁਨਾਈ ਦਿਤੀ।

"ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥
ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭ ਕਿਰਪਾ ਧਾਰੀ॥"

ਪਹਿਰੇ ਦਾਰ ਸਮਝ ਗਿਆ ਕਿ ਰਾਤ ਭਰ ਦੀਵਾ ਬਲਣ ਦਾ ਕਾਰਨ ਨਵ ਜੀਵ ਦੀ ਆਮਦ ਦੀ ਉਡੀਕ ਸੀ, ਜਿਸ ਦੀ ਆਮਦ ਤੇ ਬੇਬੇ ਜੀ ਅਕਾਲ ਪੁਰਖ ਦਾ ਸ਼ੁਕਰਾਨਾ ਕਰ ਰਹੇ ਸਨ । ਪਹਿਰੇ ਦਾਰ ਦਾ ਮਨ ਵੀ ਖੁਸ਼ੀ ਵਿਚ ਝੂਮ ਉਠਿਆ। ਸੋਚਿਆ ਉਹ ਵੀ ਦਿਨ ਚੜ੍ਹੇ ਵਧਾਈ ਦੇਣ ਆਵਿਗਾ। ਉਸ ਵਿਚਾਰੇ ਨੂੰ ਇਹ ਥੋੜ੍ਹੀ ਗਿਆਨ ਸੀ ਕਿ ਵਧਾਈ ਦਾ ਪਾਤਰ ਤਾਂ ਉਹ ਆਪ ਵੀ ਹੈ, ਉਸ ਦਾ ਸਾਥੀ ਇਕ ਪਹਿਰੇਦਾਰ ਹੀ ਤਾਂ ਆਇਆ ਸੀ ਪਰ ਉਸਤੋਂ ਕਿਤੇ ਵਡਾ। ਉਹ ਆਪ ਤਾਂ ਲੋਕਾਂ ਦੇ ਧੰਨ ਅਤੇ ਮਾਲ ਦੀ ਰਾਖੀ ਲਈ ਹੀ ਲੋਕਾਂ ਨੂੰ ਜਾਗਦੇ ਰਹਿਣ ਲਈ ਹੋਕਾਂ ਦਿੰਦਾ ਸੀ, ਇਹ ਵਡਾ ਪਹਿਰੇਦਾਰ ਤਾਂ ਮਾਨਵੀ ਹਕਾਂ ਦੀ ਰਾਖੀ ਲਈ ਲੋਕਾਈ ਨੂੰ ਜਾਗਣ ਦਾ ਸੁਨੇਹਾ ਹੀ ਨਹੀ ਦੇਵੇਗਾ ਬਲਕਿ ਜਨਸਾਧਾਰਨ ਨੂੰ ਇਨਾ ਬਲਵਾਨ ਬਣਾ ਦੇਵੇਗਾ ਕਿ ਉਸ ਦੇ ਹਕਾਂ ਤੇ ਛਾਪਾ ਮਾਰਨ ਤੋਂ ਪਹਿਲਾਂ ਜਾਬਰ ਸੌ ਵੇਰ ਸੋਚਣ ਲਈ ਮਜਬੂਰ ਹੋ ਜਾਵੇਗਾ।

ਚੰਦਰਮਾ ਨੇ ਤਾਂ ਮਿਥੈ ਵਿਧਾਨ ਅਨੁਸਾਰ ਜਾਣਾ ਹੀ ਜਾਣਾ ਸੀ ਪਰ ਚੰਦਰਮਾਂ ਨੂੰ ਵੀ ਇਹ ਗਿਆਨ ਨਹੀਂ ਸੀ ਕਿ ਵਿਧਾਤਾ ਉਸ ਰਾਤ ਉਸ ਨੂੰ ਅਮਰ ਪਦਵੀ ਦੇਣ ਵਾਲਾ ਸੀ। ਪੋਹ ਸੁਦੀ ਸਤਮੀਂ ਦੇ ਚੰਦਰਮਾਂ ਦੀ ਸ਼ੀਘਰਤਾ ਨਾਲ ਉਡੀਕ ਹੋਇਆ ਕਰੇ ਗੀ। ਇਲਾਹੀ ਬਾਣੀ ਦੇ ਕੀਰਤਨ ਦਰਬਾਰ ਸਜਿਆ ਕਰਨਗੇ। ਪੋਹ ਸੁਦੀ ਸਤਮੀਂ ਦਾ ਚੰਦਰਮਾਂ ਇਕ ਮੀਲ ਪਥਰ ਹੋ ਨਿਬੜੇਗਾ॥

ਪਟਨਾ ਜੋ ਕਦੇ ਮੋਰੀਆ ਖਾਨਦਾਨ ਦੀ ਰਾਜ ਸਤਾ ਦਾ ਚਿੰਨ ਹੁੰਦਾ ਸੀ, ਸਮਰਾਟ ਅਸ਼ੋਕ ਦੇ ਅੱਖਾਂ ਮੀਟਦਿਆਂ ਉਸਦੀ ਤਕਦੀਰ ਵੀ ਸੌਣ ਲੱਗ ਪਈ ਸੀ। ਪਟਨਾ ਸ਼ਹਿਰ ਨੂੰ ਵੀ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ ਕਿ ਉਸਦੀ ਤਕਦੀਰ ਨੇ ਵੀ ਕਰਵੱਟ ਲੈ ਲਿਆ ਸੀ ਆਉਣ ਵਾਲੇ ਸਮੇਂ ਵਿਚ ਉਸਨੂੰ ਵੀ ਸਤਕਾਰ ਵਜੋਂ ਪਟਨਾ ਸਾਹਿਬ ਕਿਹਾ ਜਾਵਿਗਾ। ਦੇਸ਼ਾਂ ਪਰਦੇਸ਼ਾ ਤੋਂ ਸੰਗਤਾਂ ਉਸ ਦੇ ਦਵਾਰ ਸਿਜਦਾ ਕਰਨ ਆਇਆ ਕਰਨਗੀਆ। ਪਟਨਾ ਸਾਹਿਬ ਦੇ ਨਾਮ ਨਾਲ ਕਦੇ ਵੀ ਨਾ ਮਿਟਣ ਵਾਲੀ ਪ੍ਰਸਿਧੀ ਪ੍ਰਾਪਤ ਹੋ ਜਾਵੇਗੀ।

ਪਸ਼ੂ ਪੰਛੀਆਂ ਦੇ ਜੀਵਨ ਵਿਚ ਹਰ ਰੁਤੇ ਬਾਰਾਂ ਘੰਟਿਆਂ ਦੇ ਅੰਦਰ ਅੰਦਰ ਅਦਲਾ ਬਦਲੀ ਹੋ ਜਾਂਦੀ ਹੈ। ਬਨਸਪਤ ਨੂੰ ਬਾਰਾਂ ਮਹੀਨੇ ਲਗਦੇ ਹਨ ਹਰੀਆਂ ਹਰੀਆਂ ਕਰੂੰਬਲਾਂ ਤੋਂ ਸ਼ੁਰੂ ਹੋਇਆ ਸਫਰ ਪੱਤ ਝੜ ਦੀ ਸੁਨ ਮਸਾਨ ਤੋਂ ਬਾਅਦ ਫੇਰ ਹਰਿਆ ਭਰਿਆ ਹੋਣ ਲਈ। ਜਦ ਰੁੰਡ ਮਰੁੰਡ ਟਾਹਣੀਆਂ ਫੁਲਾਂ ਨਾਲ ਲਦ ਜਾਂਦੀਆਂ ਹਨ। ਹਰੀਆਂ ਹਰੀਆਂ ਪਤੀਆਂ ਵਿਚ ਪੰਛੀ ਕਲੋਲ ਕਰਨ ਲਗ ਜਾਂਦੇ ਹਨ ਪਰ ਆਪਣੇ ਆਪ ਨੂੰ ਸਭ ਸ੍ਰਿਸ਼ਟੀ ਦਾ ਸਰਦਾਰ ਗਿਣਨ ਵਾਲਾ ਮਨੁਖ ਜਦ ਗਿਰਾਵਟ ਵਿਚ ਚਲਿਆ ਜਾਂਦਾ ਹੈ ਤਾਂ ਗੁਲਾਮੀ ਕਬੂਲਦਾ ਕਬੂਲਦਾ ਇਨਾ ਡੂੰਘਾ ਨਿਘਰ ਜਾਂਦਾ ਹੈ ਕਿ ਬਾਰਾ ਸਾਲ ਤਾਂ ਇਕ ਪਾਸੇ ਕਈ ਵੇਰ ਤਾਂ ਬਾਰਾਂ ਪੀੜ੍ਹੀਆਂ ਗੁਜ਼ਰਨ ਤਕ ਵੀ ਉਹ ਉਸ ਜਿਲ੍ਹਣ ਵਿਚੋਂ ਨਿਕਲਣਾ ਤਾਂ ਇਕ ਪਾਸੇ ਹੋਰ ਡੂੰਘਾ ਹੀ ਡੂੰਘਾਂ ਧਸਦਾ ਜਾਂਦਾ ਹੈ। ਭਾਰਤ ਵਾਸੀਆਂ ਦੀ ਹਾਲਤ ਵੀ ਕੁਝ ਇਹੋ ਜਿਹੀ ਸੀ। ਸਦੀਆਂ ਦੀ ਗੁਲਾਮੀ ਕਾਰਨ ਜਨ-ਸਾਧਾਰਨ ਆਪਣਾ ਮਨੋਬਲ ਹਾਰ ਚੁਕਾ ਸੀ। ਇਤਹਾਸ ਦੀ ਥਾਂਹ ਮਿਥਹਾਸ ਦਾ ਬੋਲ ਬਾਲਾ ਸੀ। ਮਿਥਹਾਸ ਦੀਆਂ ਨੀਹਾਂ ਤੇ ਉਸਰਿਆ ਸਮਾਜ ਕਮਜ਼ੋਰ ਅਤੇ ਸਾਹਸਹੀਣ ਹੁੰਦਾ ਹੈ। ਬਚਪਨ ਤੋਂ ਮਾਂ ਦੀਆਂ ਮਿਥਹਾਸਕ ਬਾਤਾਂ ਉਸ ਦਾ ਜੀਵਨ ਧੁਰਾ ਬਣ ਜਾਂਦੀਆਂ ਹਨ। ਸਮਾਜ ਜਾਬਰ ਅਤੇ ਮਜਬੂਰ ਵਿਚ ਵੰਡਿਆ ਜਾਂਦਾ ਹੈ। ਬੜੇ ਹੋ ਕੇ ਜਦ ਉਹ ਬਾਲਕ ਜਨਸਾਧਾਰਨ ਦਾ ਹਿਸਾ ਬਣਦਾ ਹੈ ਤਾਂ ਉਸਦੀ ਮਿਥਿਹਾਸਕ ਨੱਥ ਉਸਨੂੰ ਵਰਾਂ ਅਤੇ ਸਰਾਪਾਂ ਦੇ ਤੁਣਕਿਆ ਨਾਲ ਪਾਖੰਡੀ ਸਾਧਾਂ ਦੇ ਡੇਰਿਆਂ ਵਲ ਲੈ ਤੁਰਦੀ ਹੈ, ਅਗੋਂ ਸਾਧਾਂ ਦੇ ਡੇਰਿਆਂ ਤੋਂ ਮਿਥਿਹਾਸਕ ਸਬਕ ਹੋਰ ਪਕਾ ਕਰਾਇਆ ਜਾਂਦਾ ਹੈ। ਫਲਸਰੂਪ ਜਨਸਾਧਾਰਨ ਆਪਣਾ ਮਨੋਬਲ ਗੁਆ ਕੇ ਸਭ ਕਿਸਮਤ ਤੇ ਛਡਦਾ ਹੋਇਆ ਵਰ ਪ੍ਰਾਪਤ ਕਰਨ ਲਈ ਪਖੰਡੀ ਸਾਂਧਾਂ ਦੇ ਚਰਨ ਪਰਸਦਾ ਹੈ, ਇਹਨਾ ਦੇ ਸਰਾਪਾਂ ਤੋਂ ਡਰਦਾ ਇਹਨਾਂ ਪਖੰਡੀਆ ਦੀ ਹਰ ਜਾਇਜ਼ ਨਜਾਇਜ਼ ਮੰਗ ਅਗੇ ਗੋਡੇ ਟੇਕ ਦਿੰਦਾ ਹੈ। ਇਸ ਸੁਭਾ ਨੇ ਜ਼ਾਤ ਪਾਤ ਦੀ ਪਕੜ ਨੂੰ ਅਣਟੁਟ ਰਖਣ ਲਈ ਬੜੀ ਭੂਮਕਾ ਨਿਭਾਈ ਹੈ। ਅੱਜ ਦੇ ਲੋਕਤੰਤਰ ਵਿਚ ਸਾਧਾਂ ਦੇ ਡੇਰੇ ਸ਼ਿਆਸਤਦਾਨਾਂ ਵਲੋਂ ਲੁਕਾਈ ਨੂੰ ਬੁੱਧੂ ਬਣਾਈ ਰਖਣ ਵਿਚ ਚੋਖੀ ਭੂਮਿਕਾ ਨਿਭਾ ਰਹੇ ਹਨ।

ਜਦ ਕੋਈ ਰੋਕ ਟੋਕ ਨਾ ਹੋਵੇ ਤਾਂ ਜਬਰ ਜਨਮ ਲੈਂਦਾ ਹੈ। ਕੁਝ ਸਮਾਂ ਬੇ-ਰੋਕ ਟੋਕ ਰਹਿਣ ਉਪਰੰਤ ਜਾਬਰ ਸਭ ਹਦਾਂ ਬੰਨੇ ਟਪ ਜਾਂਦਾ ਹੈ। ਹਾਕਮ ਤਬਕੇ ਦੀ ਔਲਾਦ ਵੀ ਮਨ ਮਾਨੀਆਂ ਕਰਨ ਲਗ ਜਾਂਦੀ ਹੈ। ਕਿਸੇ ਦੀ ਵੀ ਜਾਨ, ਮਾਲ ,ਇਜ਼ਤ ਆਬਰੂ ਮਹਿਫੂਜ਼ ਨਹੀਂ ਰਹਿੰਦੀ। ਹਰ ਪਾਸੇ ਹਾ ਹਾ ਕਾਰ ਮਚ ਜਾਂਦੀ ਹੈ। ਤਾਂ ਫੇਰ ਕੋਈ ਦੈਵੀ ਪੁਰਸ਼ ਇਸ ਮੰਚ ਤੇ ਆਉਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ " ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਂਹੇ ਪਠਾਯਾ।।"

ਗੁਰੂ ਨਾਨਕ ਦੇਵ ਜੀ ਨੇ ਦੇਸ਼ ਦਿਸ਼ਾਤਰਾਂ ਦਾ ਰਟਨ ਕੀਤਾ , ਵਕਤ ਦੇ ਹਿੰਦੂ ਧਰਮ ਅਸਥਾਨਾ, ਬੋਧੀਆਂ ਦੇ ਮੱਠਾਂ,ਮੁਸਲਮ ਭਾਈ ਚਾਰੇ ਦੇ ਮਜ਼ਹਬੀ ਠਿਕਾਣਿਆਂ ਤੇ ਪੁੱਜੇ। ਹਰ ਥਾਂ ਤੇ ਜਾ ਕੇ ਭਰਮ, ਵਹਿਮ, ਪਖੰਡ ਅਤੇ ਜਬਰ ਦੇ ਖਿਲਾਫ ਬੜੀ ਹੀ ਦਲੇਰੀ ਨਾਲ ਆਵਾਜ਼ ਬਲੰਦ ਕੀਤੀ, ਜਨਸਾਧਾਰਨ ਵਿਚ ਵਿਚਰਕੇ ਉਸਨੂੰ ਸੂਝਵਾਨ ਬਣਾਉਣ ਦਾ ਬੀੜਾ ਚੁਕਿਆ। ਪੂਰਬ ਦੇ ਪ੍ਰਸਿਧ ਸ਼ਾਇਰ ਇਲਾਮਾ ਇਕਬਾਲ ਆਪਣੀ ਇਤਹਾਸਕ ਨਜ਼ਮ ਵਿਚ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ" ਬਾਰੇ ਬੜੇ ਹੀ ਸਤਿਕਾਰ ਨਾਲ ਇਕ ਸ਼ੇਅਰ ਇਵੇਂ ਕਲਮਬੰਦ ਕਰਦਾ ਹੈ ।

"ਫਿਰ ਉਠੀ ਆਖਿਰ ਸਦਾ ਤੋਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦ- ਏ - ਕਾਮਲ ਨੇ ਜਗਾਇਆ ਖਾਬ ਸੇ"

ਸਦੀਆ ਤੋਂ ਰਜਵਾੜਾ ਸ਼ਾਹੀ ਦਵਾਰਾ ਵਰਣ ਵੰਡ ਵਿਚ ਜਕੜੀ ਹੋਈ ਲੋਕਾਈ ਨੂੰ ਆਪਣੇ ਪੈਰਾਂ ਤੇ ਖੜਿਆ ਕਰਨ ਲਈ ਕੁਝ ਸਾਲ ਕਾਫੀ ਨਹੀਂ ਸਨ ਇਸੇ ਲਈ ਬਾਬਾ ਨਾਨਕ ਸਾਹਿਬ ਜੀ ਨੇ ਆਪਣੇ ਹੁੰਦਿਆਂ ਹੋਇਆ ਹੀ ਗੁਰੂ ਅੰਗਦ ਸਾਹਿਬ ਜੀ ਨੂੰ ਇਸ ਮਿਸ਼ਨ ਦੀ ਵਾਗਡੋਰ ਸੰਭਾਲ ਦਿਤੀ।ਦਸ ਜਾਮਿਆਂ ਤਕ ਇਹ ਰੀਤ ਇਸੇ ਤਰਾਂ ਚਲਦੀ ਰਹੀ । ਇਕ ਨਿਰਵੈਰ ਸਮਾਜ ਦੀ ਉਸਾਰੀ ਸ਼ੁਰੂ ਹੋ ਗਈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਉਪਰੰਤ ਗੁਰੂ ਹਰਗੋਬਿੰਦ ਜੀ ਨੇ ਸਮਾਜ ਨੂੰ ਨਿਰਭੌ ਬਣਾਉਣਾ ਸ਼ੁਰੂ ਕਰ ਦਿਤਾ। ਨੌਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਨੇ ਬੜੀ ਹੀ ਨਿਰਭੈਤਾ ਨਾਲ ਦੂਰ ਦੁਰਾਡੇ ਤਕ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕੀਤਾ।

ਉਸੇ ਨਿਰਭੈਤਾ ਦਾ ਸਬੂਤ ਭਾਈ ਮਤੀ ਦਾਸ, ਭਾਈ ਜਤੀ ਦਾਸ ਅਤੇ ਭਾਈ ਦਿਆਲ਼ਾ ਜੀ ਹਨ।

ਕਰੂ ਕੁਸ਼ੇਤਰ ਦੇ ਮੈਦਾਨ ਵਿਚ ਸ੍ਰੀ ਕਰਿਸ਼ਨ ਜੀ ਅਰਜਣ ਨੂੰ ਯੁਧ ਲਈ ਪ੍ਰੇਰਤ ਕਰਦੇ ਹੋਏ ਆਖਦੇ ਹਨ । "ਸੁਣੋ ਭਾਰਤ! ਜਦ ਜਦ ਇਸ ਸੰਸਾਰ ਵਿਚ ਪਾਪ ਦਾ ਪਸਾਰਾ ਹੁੰਦਾ ਹੈ, ਅਤੇ ਅਤਿਆਚਾਰ ਹੁੰਦਾ ਹੈ ਤਦ ਮੈਂ ਹਰ ਯੁਗ ਵਿਚ ਹਰ ਜ਼ਮਾਨੇ ਵਿਚ ਜਾਲਮ ਪਾਪੀਆਂ ਦਾ ਨਾਸ਼ ਕਰਨ ਲਈ ਆਪਣੇ ਆਪ ਨੂੰ ਸਿਰਜਣ ਕਰਦਾ ਹਾਂ।"

ਗਰੂ ਗੋਬਿੰਦ ਸਿੰਘ ਜੀ ਆਪਣੇ ਮਿਸ਼ਨ ਬਾਰੇ ਆਖਦੇ ਹਨ "ਹਮ ਇਹ ਕਾਜ ਜਗਤ ਮੈਂ ਆਏ॥ ਧਰਮ ਹੇਤ ਗੁਰਦੇਵ ਪਠਾਯਾ॥ ਜਹਾਂ ਤਹਾਂ ਤੁਮ ਧਰਮ ਬਿਸਾਰੋ॥ ਦੁਸ਼ਟ ਦੋਖੀਅਨ ਪਕਰ ਪਛਾਰੋ॥"


"ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਪੰਥ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥"

ਦੋਵਾਂ ਵਿਚ ਇਕ ਅੰਤਰ ਹੈ। ਕ੍ਰਿਸ਼ਨ ਜੀ ਆਪਣੇ ਆਪ ਨੂੰ ਭਗਵਾਨ ਆਖਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਆਖਦੇ ਹਨ, "ਜੋ ਹਮ ਕੋ ਪਰਮੇਸ਼ਰ ਉਚਿਰ ਹੈ॥ ਤੇ ਸਭ ਨਰਕ ਕੁੰਭ ਮੇਂ ਪਰੇ ਹੈ॥"

ਆਪਣੇ ਮਿਸ਼ਨ ਦੀ ਪੂਰਤੀ ਲਈ 30 ਮਾਰਚ 1699 ਨੂੰ ਕੋਹ ਸ਼ਿਵਾਲਕ ਦੀ ਪਹਾੜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਵੰਗਾਰ ਨੂੰ ਇਕ ਕਵੀ ਦੀਆਂ ਲਿਖੀਆਂ ਲਾਈਨਾ ਨਾਲ ਮੈਂ ਸਮੁਚੇ ਸੰਸਾਰ ਨੂੰ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਕਾਸ਼ ਦਿਹਾੜੇ ਤੇ ਲਖ ਲਖ ਵਧਾਈਆਂ ਪੇਸ਼ ਕਰਦਾ ਹਾਂ।

"ਆ ਉਰਾਂ ਥਾਂ ਥਾਂ ਤੇ ਗਰਦਨ ਯੁਕਾਵਨ ਵਾਲਿਆ, ਅਜ ਮੈਂ ਤੇਰੀ ਅਣਖ ਨੂੰ ਮਗਰੂਰ ਹੁੰਦੇ ਦੇਖਣੈ।
ਤੇਰੇ ਨਿਰਬਲ ਡੌਲਿਆਂ ਵਿਚ ਪਾ ਕੇ ਹਿੰਮਤ ਦੀ ਕਣੀ, ਤੇਰੇ ਹਥੋਂ ਦੇਸ਼ ਦਾ ਦੁਖ ਦੂਰ ਹੁੰਦਾ ਦੇਖਣੈ।
ਬਾਲ ਕੇ ਜੋਤੀ ਹਨੇਰੇ ਵਿਚ ਦਇਆ ਤੇ ਧਰਮ ਦੀ, ਤੇਰੇ ਮਨ ਮੰਦਰ ਨੂੰ ਨੂਰੋ ਨੂ ਹੁੰਦਾ ਦੇਖਣੈ। "

# ਬੁਢਾਪਾ ਘਰ -ਜ਼ਰੂਰੀ ਜਾਂ ਮਜ਼ਬੂਰੀ



ਭਾਵਨਾ
ਕੇਅਮਵੀ ਕਾਲਜ ਜਲੰਧਰ ਸ਼ਹਿਰ

ਅਸੀਂ ਬਚਪਨ ਤੋਂ ਆਪਣੇ ਮਾਂ-ਬਾਪ ਤੇ ਵਡਿਆ ਤੋਂ ਸੁਣਦੇ ਆ ਰਹੇ ਕੀ ਫਲਾਂ ਮੁੰਡੇ ਨੇ ਆਪਣੇ ਮਾਂ-ਬਾਪ ਨੂੰ ਬੁਢਾਪੇ ਘਰ ਭੇਜਤਾ ਜਾਂ ਵਿਦੇਸ਼ ਜਾਣ ਦੇ ਚੱਕਰ ਚ ਪ੍ਰੋਪਰਟੀ ਲੈਣ ਦੇ ਲਾਲਚ ਵਿੱਚ ਆਪਣੇ ਮਾਂ -ਬਾਪ ਨੂੰ ਬੁਢਾਪੇ ਘਰ ਦੇ ਬਾਹਰ ਛੱਡ ਆਏ। ਇਹ ਸੁਣ ਕੇ ਮਈ ਕਈ ਵਾਰ ਆਪਣੇ ਮੰਮੀ -ਪਾਪਾ ਕੋਲੋ ਜਾਣਨ ਦੀ ਕੋਸ਼ਿਸ਼ ਕੀਤੀ ਕੀ ਅਖ਼ੀਰ ਬੁਢਾਪਾ ਘਰ ਕੀ ਹੁੰਦਾ ਹੈ ਤੇ ਬੱਚੇ ਆਪਣੇ ਮੰਮੀ -ਪਾਪਾ ਨੂੰ ਕਿਉਂ ਉੱਥੇ ਛੱਡ ਜਾਂਦੇ ਨੇ? ਇੱਹ ਸੁਣ ਕੇ ਉਹ ਕਈ ਵਾਰ ਮੇਰੀ ਗੱਲ ਨੂੰ ਟਾਲ ਦਿੰਦੇ ਨੇ । ਮੇਰੇ ਮਨ ਚ ਖਿਆਲ ਆਇਆ ਕੀ ਸਵਾਲ ਦਾ ਜਵਾਬ ਮੈਂ ਜ਼ਰੂਰ ਲਭਊਂਗੀ । ਮੇਰੇ ਮਨ ਵਿੱਚ ਇਸ ਸਵਾਲ ਦੇ ਜਵਾਬ ਲੈਣ ਦੀ ਜਿਗਿਆਸਾ ਹੋਰ ਵੱਧ ਗਈ ਜਦੋਂ ਸਾਨੂੰ ਪੂਰੀ ਕਲਾਸ ਕਾਲਜ ਵਲੋਂ ਬੁਢਾਪਾ ਘਰ ਜਾਣ ਦੀ ਇਜ਼ਾਜ਼ਤ ਮਿਲੀ। ਫਿਰ ਅਗਲੇ ਦਿਨ ਸਾਡੀ ਪੂਰੀ ਕਲਾਸ ਬੁਢਾਪਾ-ਘਰ ਜਾਣ ਲਈ ਤਿਆਰ ਹੋ ਗਏ ਤੇ ਅਸੀ ਕਾਲਜ ਦੀ ਬੱਸ ਵਿੱਚ ਬੈਠ ਕੇ ਉਥੇ ਜਾਣ ਲਈ ਰਵਾਨਾ ਹੋ ਗਏ। ਜਿਥੇ ਮੇਰੀ ਸਹੇਲੀਆਂ ਨੂੰ ਬੁਢਾਪਾ -ਘਰ ਜਾਣ ਦੀ ਖੁਸ਼ੀ ਹੀ ਰਹੀ ਸੀ ਤੇ ਮੇਰੇ ਅੰਦਰ ਬੁਢਾਪਾ ਘਰ ਦੇ ਪ੍ਰਤੀ ਸਵਾਲਾਂ ਦੇ ਜਵਾਬ ਦੋ ਜਿਗਿਆਸਾ ਹੋਰ ਵੱਧ ਰਹੀ ਸੀ। ਬਸ ਕੁੱਛ ਹੀ ਮਿੰਟਾ ਚ' ਅਸੀਂ ਬੁਢਾਪਾ -ਘਰ ਪਹੁੰਚ ਗਏ। ਓਥੋਂ ਦੇ ਮਾਲਿਕ ਤੋਂ ਸਾਰੀ ਦਿਸ਼ਾ -ਨਿਰਦੇਸ਼ ਲੈਣ ਤੋਂ ਬਾਅਦ ਅਸੀ ਸਾਰੇ ਜਣੇ ਬੁਜ਼ੁਰਗਾਂ ਨੂੰ ਮਿਲਣ ਤੇ ਨਾਲ ਹੀ ਓਹਨਾ ਲਈ ਜ਼ਰੂਰਤ ਦਾ ਸਮਾਨ ਵੀ ਆਪਣੇ ਨਾਲ ਲੈ ਕੇ ਆਏ ਸਨ। ਪਰ ਉਸ ਵਕ਼ਤ ਉਥੇ ਦਾ ਜੋ ਦ੍ਰਿਸ਼ ਸੀ ਮੇਰੇ ਦਿਲ ਨੂੰ ਅੰਦਰ ਤਕ ਹਿਲਾ ਕੇ ਰੱਖ ਦਿੱਤਾ। ਨਾ ਠੀਕ ਨਾਲ ਚਲ ਪਾ ਰਹੇ ਸੀ, ਬਿਮਾਰਾਂ ਨਾਲ ਘਿਰੇ ਹੋਏ ਸਾਨੂੰ ਇੱਕ ਟੱਕ ਵੇਖੀ ਜਾ ਰਹੇ ਸਨ। ਆਪਾਂ ਜੋ ਓਹਨਾ ਲਈ ਸਾਮਾਨ ਲੈ ਕੇ ਆਏ ਸਨ ਅਸੀਂ ਓਹਨਾ ਨੂੰ ਦਿੱਤਾ ਤੇ ਅਸੀਂ ਓਹਨਾ ਨਾਲ ਬਹੁਤ ਚੰਗਾ ਵਕਤ ਬਿਤਾਇਆ। ਉਹਨਾਂ ਦੇ ਮੁਸਕਾਨ ਤੇ ਓਹਨਾ ਦੇ ਹੱਥ ਜਦੋ ਪਿਆਰ ਨਾਲ ਸਾਡੇ ਸਿਰ ਤੇ ਫ਼ੇਰ ਰਹੇ ਸਨ ਤਾਂ ਮੇਰੇ ਅੰਦਰ ਇਕ ਸੁਕੂਨ ਜਿਹੀ ਖੁਸ਼ੀ ਮਹਿਸੂਸ ਹੋਇ ਤੇ ਇੰਜ ਲੱਗਾ ਕੀ ਜਿਵੇਂ ਮੇਰੇ ਆਪਣੇ ਦਾਦੇ ਦਾਦੀ ਹੋਣ । ਮੇਰੀਆਂ ਸਾਰੀਆਂ ਸਹਲੀਆਂ ਨੇ ਓਥੇ ਓਹਨਾ ਨਾਲ ਚੰਗਾ ਵਕਤ ਬਿਤਾਇਆ। ਪਰ ਜਦੋ ਆਪਣੀ ਵਿਯਥਾ ਸੁਣਾਉਣ ਕੀ ਕਿਵੇਂ ਉਹਨਾਂ ਦੇ ਬੱਚਿਆਂ ਨੇ ਉਹਨਾਂ ਇਥੇ ਛੱਡ ਕੇ ਛੱਡ ਕੇ ਚਲੇ ਗਏ ਤਾਂ ਮੇਰੀਆਂ ਮੇਰੀਆਂ ਸਾਰੀਆਂ ਸਹੇਲੀਆਂ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ । ਤੱਦ ਸਾਨੂੰ ਓਥੋਂ ਦੇ ਸਾਨੂੰ ਹੌਸਲਾ ਦਿੰਦੇ ਕਿਹਾ ਕੀ ਬੱਸ ਤੁਸੀ ਕਦੇ ਵੀ ਆਪਣੇ ਮਾਂ-ਪਿਓ ਦਾ ਦਿਲ ਨਾ ਦੁਖਾਂਣਾ ਤੇ ਹਮੇਸ਼ਾ ਓਹਨਾ ਦੀ ਇੱਜ਼ਤ ਕਰਨਾ। ਇਸ ਸੀਖ ਨੂੰ ਲੈ ਕੇ ਓਹਨਾ ਨੂੰ ਅਗਲੀ ਵਾਰ ਫਿਰ ਉਹਨਾਂ ਨੂੰ ਮਿਲਣ ਦਾ ਵਾਇਦਾ ਕਰਕੇ ਅਸੀਂ ਓਥੋਂ ਵਿਦਾ ਲੈ ਕੇ ਓਥੋਂ ਅਸੀ ਤੁਰ ਪਾਏ। ਵਾਪਿਸ ਜਾਂਦੇ ਵੇਲੇ ਇੱਕ ਪਾਸੇ ਓਹਨਾ ਦੀ ਹਾਲਤ ਨੂੰ ਵੇਖ ਕੇ ਮਨ ਦੁਖੀ ਵੀ ਹੋ ਰਿਹਾ ਸੀ ਤੇ ਇੱਕ ਗੁੱਸਾ ਵੀ ਆ ਰਿਹਾ ਸੀ ਕੀ ਕਿਸ ਤਰਾਂ ਬੱਚੇ ਧੰਨ-ਦੌਲਤ ਪਾਉਣ ਦੇ ਲਾਲਚ ਵਿੱਚ ਆ ਕੇ ਤੇ ਓਹਨਾ ਤੋਂ ਛੁਟਕਾਰਾ ਪਾਉਂਣ ਲਈ ਓਹਨਾ ਨੂੰ ਬੁਢਾਪਾ -ਘਰ ਛੱਡ ਆਂਦੇ ਨੇ। ਜਿਸ ਉਮਰ ਵਿੱਚ ਓਹਨਾ ਨੂੰ ਤੁਹਾਡੇ ਥੋੜੇ ਜਿਹੇ ਪਿਆਰ ਤੇ ਸਹਾਰੇ ਦੋ ਲੋੜ ਆ ਆਪਣੀ ਜ਼ਿਮੇਰਦਾਰੀ ਤੋਂ ਹੱਟ ਕੇ ਇੰਨੀ ਘਿਨੌਣੇ ਹਰਕਤ ਕਰ ਜਾਂਦੇ ਹੋ। ਪਰ ਉਹ ਦਿਨ ਦੂਰ ਨਹੀਂ ਜਦੋ ਕੱਲ ਨੂੰ ਤੁਹਾਡੇ ਨਿਆਣੇ ਤੋਹਾਡੇ ਨਾਲ ਇਸ ਤਰਾਂ ਦੀ ਬਦਸਲੂਕੀ ਕਰਨ।

# ਕ੍ਰਿਸਮਸ: ਈਸਾ ਦਾ ਜਨਮ ਦਿਨ ਜਾਂ ਮੌਸਮੀ ਮੇਲਾ

ਮੁਹਿੰਦਰ ਸਿੰਘ ਘੱਗ
(530) 695-1318




ਕ੍ਰਿਸਮਸ ਸੰਸਾਰ ਵਿਚ ਸਭ ਨਾਲੋਂ ਮਹਿੰਗਾ ਅਤੇ ਸਭ ਨਾਲੋਂ ਵੱਡੇ ਪੱਧਰ ਤੇ ਮਨਾਏ ਜਾਣ ਵਾਲਾ ਮੇਲਾ ਹੋਣ ਦੇ ਨਾਲ ਨਾਲ ਕਈ ਦਫਾ ਵਿਵਾਦਾਂ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਸੰਨ 2005 ਵਿਚ ਬਹੁਤ ਸਾਰੇ ਲੋਕਾਂ ਦੇ ਦਬਾਅ ਥੱਲੇ ਵਾਲਮਾਰਟ ਅਤੇ ਹੋਰ ਸਟੋਰਾਂ ਨੇ ਆਪਣੇ ਸਟੋਰਾਂ ਤੇ ਕ੍ਰਿਸਮਸ ਦਾ ਬੈਨਰ ਲਾਉਣ ਦੀ ਬਜਾਏ ਹੈਪੀ ਹੋਲੀਡੇ ਦੇ ਬੈਨਰ ਲਟਕਾਏ ਤਾਂ ਕ੍ਰਿਸਚੀਅਨ ਭਾਈਚਾਰੇ ਨੇ ਰੋਸ ਵਜੋਂ ਸਟੋਰਾਂ ਨੂੰ ਪੱਤਰ ਲਿਖੇ। ਅਖਬਾਰਾਂ ਰਾਹੀਂ ਰੋਸ ਪ੍ਰਗਟ ਕੀਤਾ। ਸਟੋਰਾਂ ਦਾ ਬਾਈਕਾਟ ਕੀਤਾ, ਜਿਸ ਨਾਲ ਸਟੋਰਾਂ ਦੀ ਸੇਲ ਨੂੰ ਫਰਕ ਪਿਆ।

ਵਿਉਪਾਰੀ ਤਬਕਾ ਤਾਂ 'ਸੇਲ ਬੋਟ' ਦੀ ਨਿਆਈਂ ਹੁੰਦਾ ਹੈ। ਆਪਣੀ ਜੇਬ ਖਾਤਰ ਉਹ ਹਵਾ ਦੇ ਬਦਲਦੇ ਰੁਖ ਨਾਲ ਆਪਣੀ ਦਿਸ਼ਾ ਬਦਲ ਲੈਂਦਾ ਹੈ। ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਸੰਨ 2006 ਤੋਂ ਹੀ ਹੋਲੀਡੇਜ਼ ਦੇ ਬੈਨਰ ਮੈਰੀ ਕ੍ਰਿਸਮਸ ਵਿਚ ਬਦਲ ਗਏ ਅਤੇ ਸਟੋਰ ਦੇ ਅੰਦਰ ਜਾਂਦਿਆਂ ਹੀ 'ਜਿੰਗਲ ਬੈਲ, ਜਿੰਗਲ ਬੈਲ' ਦੀਆਂ ਧੁਨਾਂ ਗਾਹਕਾਂ ਦਾ ਸਵਾਗਤ ਕਰਨ ਲੱਗ ਪਈਆਂ।

### ਕ੍ਰਿਸਮਸ ਇਕ ਮੌਸਮੀ ਮੇਲਾ

ਕ੍ਰਿਸਮਿਸ ਇਕ ਮੌਸਮੀ ਮੇਲਾ ਹੈ ਇਸ ਦਾ ਸਬੰਧ ਸੂਰਜ ਨਾਲ ਹੈ। ਜਦ ਬਾਕੀ ਮੇਲਿਆਂ ਵਾਂਗ ਇਸ 'ਤੇ ਵੀ ਧਰਮ ਨੇ ਚਾਦਰ ਪਾ ਲਈ ਤਾਂ ਕ੍ਰਿਸਚੀਅਨ ਭਾਈਚਾਰਾ ਇਸ ਮੌਸਮੀ ਮੇਲੇ ਨੂੰ ਈਸਾ ਦੇ ਜਨਮ ਦਿਨ ਵਜੋਂ ਮਨਾਉਣ ਲੱਗਾ। ਹੌਲੀ ਹੌਲੀ ਕ੍ਰਿਸਚੀਅਨ ਭਾਈਚਾਰਾ ਇੱਡਾ ਹਾਵੀ ਹੋ ਗਿਆ ਕਿ ਇਸ ਮੇਲੇ ਦੀ ਅਸਲ ਹੋਂਦ ਧੁੰਦਲੀ ਹੋ ਗਈ। ਇਤਿਹਾਸ ਗਵਾਹ ਹੈ ਕਿ ਤਾਕਤਵਰ ਹਮੇਸ਼ਾ ਹੀ ਇਤਿਹਾਸ ਨੂੰ ਆਪਣੀ ਮਰਜ਼ੀ ਮੁਤਾਬਕ ਢਾਲਦਾ ਆਇਆ ਹੈ। ਭਾਰਤ ਵਿਚ ਇਸਦੀ ਤਾਜ਼ਾ ਮਿਸਾਲ ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਹੈ ਜੋ ਇਤਿਹਾਸ ਨੂੰ ਗੇਰੂਆ ਕਰਨ ਦੇ ਯਤਨ ਕਰ ਰਹੇ ਹਨ।

ਪੁਰਾਤਨ ਮਨੁੱਖ ਧਰਤੀ ਨੂੰ ਧੁਰਾ ਮਨ ਕੇ ਚੰਦ ਸੂਰਜ ਨੂੰ ਧਰਤੀ ਦੁਆਲੇ ਘੁੰਮਦਾ ਮੰਨਦਾ ਸੀ। ਵਧਦੇ ਘਟਦੇ ਚੰਦਰਮਾ ਨੂੰ ਤੱਕ ਕੇ ਉਸ ਨੇ ਸਮੇਂ ਦੇ ਮਾਪ ਤੋਲ ਲਈ ਕੈਲੰਡਰ ਬਣਾ ਲਿਆ। ਕੁਝ ਮੇਲੇ ਉਸਨੇ ਚੰਦਰਮਾ ਦੇ ਵਧਣ ਘਟਣ ਨਾਲ ਅਤੇ ਕੁਝ ਚੰਦਰਮਾ ਨੂੰ ਕੈਲੰਡਰ ਮੰਨ ਕੇ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਨੀਅਤ ਕਰ ਲਏ। ਜਿਵੇਂ ਮੱਸਿਆ, ਪੁੰਨਿਆਂ, ਦੀਪਾਵਲੀ, ਈਦ ਮੁਬਾਰਕ, ਰਖੜ ਪੁੰਨਿਆਂ, ਕਰਵਾ ਚੌਥ ਅਤੇ ਦੁਸਹਿਰਾ ਵਗੈਰਾ।

ਕੁਝ ਮੇਲੇ ਸੂਰਜ ਨਾਲ ਜੁੜੇ ਹੋਏ ਹਨ। ਅੱਜ ਅਸੀਂ ਸਿਰਫ ਇਕ ਮੇਲੇ ਦੀ ਗੱਲ ਕਰਾਂਗੇ, ਜਿਸ ਨੂੰ ਕ੍ਰਿਸਮਸ ਵਜੋਂ ਮਨਾਇਆ ਜਾਂਦਾ ਹੈ। ਸੂਰਜ ਆਕਾਰ ਵਿਚ ਤਾਂ ਇਕੋ ਸਮਾਨ ਰਹਿੰਦਾ ਹੈ ਪਰ ਇਸ ਦੀ ਹਾਜ਼ਰੀ ਦਾ ਸਮਾਂ ਬਦਲਣ ਨਾਲ ਕਦੇ ਅੰਤਾਂ ਦੀ ਗਰਮੀ ਅਤੇ ਕਦੇ ਠੁਰ ਠੁਰ ਕਰਦਾ ਪਾਲਾ। ਭਰ ਜਵਾਨ ਸੂਰਜ ਦੀ ਗਰਮੀ ਤੋਂ ਬਚਣ ਲਈ ਮਨੁੱਖ ਕੁੱਲੀਆਂ ਬਣਾ ਸਕਦਾ ਸੀ। ਉਸ ਪਾਸ ਛਾਂ ਲਈ ਦਰਖਤ ਸਨ। ਦਰਿਆਵਾਂ, ਟੋਭਿਆਂ ਵਿਚ ਵੀ ਚੁੱਭੀਆਂ ਲਾ ਸਕਦਾ ਸੀ। ਸੂਰਜ ਦੇਵਤੇ ਨੂੰ ਸ਼ਾਂਤ ਕਰਨ ਲਈ ਮਨੁੱਖ ਨੇ ਸਵੇਰੇ ਉੱਠ ਕੇ ਸੂਰਜ ਨੂੰ ਪਾਣੀ ਅਰਪਨ ਕਰਨਾ ਸ਼ੁਰੂ ਕੀਤਾ। (ਸ਼ਿਵਲਿੰਗ ਤੇ ਪਾਣੀ ਜਾਂ ਦੁੱਧ ਪਾਉਣਾ ਵੀ ਕਾਮਦੇਵ ਨੂੰ ਸ਼ਾਂਤ ਰੱਖਣ ਲਈ ਹੀ ਹੈ)। ਸੂਰਜ ਅਲੋਪ ਹੁੰਦਿਆਂ ਹੀ ਠਰੂੰ ਠਰੂੰ ਕਰਦੀ ਸਰਦੀ ਜਦ ਆ ਡੇਰਾ ਜਮਾਉਂਦੀ ਤਾਂ ਠੰਡ ਤੋਂ ਬਚਣ ਲਈ ਮਨੁੱਖ ਪਾਸ ਸਿਰਫ ਅੱਗ ਦਾ ਸਹਾਰਾ ਸੀ। ਉਹ ਵੀ ਤਾਂ ਅੱਗ ਵਾਲੇ ਪਾਸੇ ਨਿੱਘ ਹੁੰਦਾ, ਬਾਕੀ ਸਾਰਾ ਜਿਸਮ ਤਾਂ ਨਿੱਘ ਵਿਚ ਨਹੀਂ ਲਪੇਟਿਆ ਜਾ ਸਕਦਾ ਸੀ। ਜਦ ਕਦੀ ਧੁੰਦ ਕਾਰਨ ਸੂਰਜ ਭਗਵਾਨ ਦੇ ਕਈ ਦਿਨ ਦਰਸ਼ਣ ਹੀ ਨਾ ਹੁੰਦੇ ਤਾਂ ਮਨੁੱਖ ਨੂੰ ਘਬਰਾਹਟ ਹੋਣੀ ਸੁਭਾਵਕ ਹੀ ਸੀ। ਉੱਪਰੋਂ ਪੁਜਾਰੀ ਤਬਕਾ ਦੱਸਦਾ ਕਿ ਸੂਰਜ ਦੇਵਤਾ ਤਾਂ ਧੁੰਦ ਦੇ ਦੈਂਤ ਨਾਲ ਜੰਗ ਵਿਚ ਰੁੱਝਾ ਹੋਇਆ ਹੈ। ਉਹ ਦਿਨੋਂ ਦਿਨ ਕਮਜ਼ੋਰ ਹੋ ਰਿਹਾ ਹੈ। ਸਾਨੂੰ ਉਸਦੀ ਮਦਦ ਲਈ ਪੂਜਾ ਪਾਠ ਕਰਨਾ ਚਾਹੀਦਾ ਹੈ। ਕੋਈ ਕੁਰਬਾਨੀ ਦੇਣੀ ਚਾਹੀਦੀ ਹੈ।

ਸਾਡੇ ਪੂਰਵਜਾਂ ਪਾਸ ਵਿਗਿਆਨਕ ਖੋਜ ਤਾਂ ਹੈ ਨਹੀਂ ਸੀ, ਉਹਨਾਂ ਦਾ ਜੀਵਨ ਤਾਂ ਮਿਥਿਹਾਸ ਸਹਾਰੇ ਚੱਲ ਰਿਹਾ ਸੀ। ਕਮਜ਼ੋਰ ਹੋਏ ਸੂਰਜ ਨੂੰ ਮਦਦ ਦੇਣ ਦੀ ਪਰਥਾ ਕੋਈ ਚਾਰ ਹਜ਼ਾਰ ਸਾਲ ਪੁਰਾਣੀ ਹੈ। ਮੈਸੋਪਟੇਮੀਆਂ ਫਰਾਤ ਅਤੇ ਟਾਈਗਰਸ ਦਰਿਆਵਾਂ ਦੇ ਵਿਚਾਲੇ ਦੇ ਇਲਾਕੇ (ਟਾਈਗਰਸ ਦਰਿਆ ਇਰਾਕ ਵਿਚ ਹੈ ਅਤੇ ਫਰਾਤ ਈਰਾਨ ਵਿਚ) ਦੇ ਇਤਿਹਾਸ ਵਿੱਚੋਂ ਕੋਈ ਚਾਰ ਹਜ਼ਾਰ ਸਾਲ ਤੋਂ ਸੂਰਜ ਦੀ ਮਦਦ ਲਈ ਕੀਤੇ ਉਪਰਾਲੇ ਦੀ ਜਾਣਕਾਰੀ ਮਿਲਦੀ ਹੈ। ਜਦ ਸੂਰਜ ਘੱਟ ਤੋਂ ਘੱਟ ਸਮੇਂ ਲਈ ਹਾਜ਼ਰੀ ਭਰਨ ਲੱਗਾ ਤਾਂ ਉਸਦੀ ਸਹਾਇਤਾ ਲਈ ਮੈਸੋਪਟੇਮੀਆਂ ਦਾ ਰਾਜਾ ਆਪਣੇ ਸਭ ਤੋਂ ਤਾਕਤਵਰ ਦੇਵਤੇ ਮਰਡੂਕ ਦੀ ਪੂਜਾ ਕਰਨ ਉਸ ਦੇ ਮੰਦਰ ਜਾਂਦਾ। ਪੂਜਾ ਤੋਂ ਉਪਰੰਤ ਰਾਜੇ ਦੀ ਕੁਰਬਾਨੀ ਦੇਣੀ ਹੁੰਦੀ ਸੀ ਤਾਂ ਕਿ ਉਹ ਮਰਡੂਕ ਦੇਵਤੇ ਨਾਲ ਰਲ ਕੇ ਸੂਰਜ ਨੂੰ ਧੁੰਦ ਦੇ ਦੈਂਤ ਤੋਂ ਛੁਡਵਾ ਲਵੇ। ਰਾਜੇ ਦੀ ਜਾਨ ਬਚਾਉਣ ਲਈ ਰਾਜੇ ਦੀ ਥਾਂ ਕਿਸੇ ਅਪਰਾਧੀ ਦੀ ਚੋਣ ਹੁੰਦੀ। ਉਸ ਨੂੰ ਰਾਜੇ ਵਰਗੇ ਬਸਤਰ ਪੁਆਏ ਜਾਂਦੇ। ਰਾਜੇ ਵਰਗੀਆਂ ਸਭ ਸੁਵਿਧਾਵਾਂ ਹੁੰਦੀਆਂ। ਰਾਜੇ ਜਿੰਨੀ ਇਜ਼ਤ ਹੁੰਦੀ। ਪੂਜਾ ਤੋਂ ਬਾਅਦ ਰਾਜੇ ਵਾਲੀ ਪੁਸ਼ਾਕ ਉਤਾਰ ਕੇ ਉਸ ਅਪਰਾਧੀ ਦੀ ਕੁਰਬਾਨੀ ਦੇ ਦਿੱਤੀ ਜਾਂਦੀ। ਇਹ ਸਾਰੀ ਪ੍ਰਕਿਰਿਆ ਬਾਰਾਂ ਦਸੰਬਰ ਤੋਂ ਸ਼ੁਰੂ ਹੁੰਦੀ ਅਤੇ ਬਾਰਾਂ ਦਿਨ ਚਲਦੀ।

ਇਸੇ ਤਰ੍ਹਾਂ ਹੀ ਪਰਸ਼ੀਅਨ ਅਤੇ ਬਿਬਲੋਨੀਅਨ ਲੋਕ ਇਹੋ ਜਿਹੇ ਉਪਰਾਲੇ ਕਰਦੇ। ਫਰਕ ਸਿਰਫ ਇੰਨਾ ਹੁੰਦਾ ਕਿ ਓਨੇ ਦਿਨ ਮਾਲਕ ਗੁਲਾਮ ਹੁੰਦੇ ਅਤੇ ਗੁਲਾਮ ਮਾਲਕ। ਮਾਲਕਾਂ ਨੂੰ ਗੁਲਾਮਾਂ ਦੀ ਤਾਬਿਦਾਰੀ ਕਰਨੀ ਪੈਂਦੀ। ਇਸ ਮੇਲੇ ਦੀ ਪੂਜਾ ਪਾਠ ਨੂੰ ਉਹ ਸਾਕਿਹੀਆ ਆਖਦੇ।

ਸਕੈਂਡੇਨੇਵੀਆ ਵਿਚ ਸੂਰਜ ਕੋਈ ਪੈਂਤੀ ਦਿਨ ਨਜ਼ਰ ਹੀ ਨਹੀਂ ਆਉਂਦਾ। ਤੀਹ ਕੁ ਦਿਨ ਬੀਤਣ ਬਾਅਦ ਕੁਝ ਲੋਕ ਪਹਾੜ ਦੀ ਚੋਟੀ ਤੇ ਚੜ੍ਹ ਕੇ ਦੇਖਦੇ। ਜਿਸ ਦਿਨ ਉਹਨਾਂ ਨੂੰ ਸੂਰਜ ਦੀ ਲੋ ਦਿਸਦੀ ਤਾਂ ਉਹ ਹੇਠਾਂ ਉੱਤਰ ਕੇ ਉਸਦੀ ਖਬਰ ਦਿੰਦੇ। ਲੋਕੀਂ ਵੱਡੇ ਵੱਡੇ ਲੱਕੜਾਂ ਦੇ ਮੁੱਢ ਰੱਖ ਕੇ ਧੂਣੀ ਬਾਲਦੇ। ਉਸ ਦੁਆਲੇ ਨੱਚਦੇ ਗਾਉਂਦੇ ਅਤੇ ਇਕੱਠੇ ਖਾਂਦੇ ਪੀਂਦੇ। ਇਸੇ ਤਰ੍ਹਾਂ ਗਰੀਕ, ਜਰਮਨ ਅਤੇ ਹੋਰ ਬਹੁਤ ਸਾਰੇ ਲੋਕ ਸੂਰਜ ਨੂੰ ਮੁੜ ਸੁਰਜੀਤ ਕਰਨ ਲਈ ਆਪੋ ਆਪਣੇ ਢੰਗ ਵਰਤਦੇ।

ਸੂਰਜ ਨੂੰ ਮੁੜ ਸੁਰਜੀਤ ਹੋਇਆ ਦੇਖ ਕੇ ਖੁਸ਼ੀਆਂ ਮਨਾਈਆਂ ਜਾਂਦੀਆਂ। ਸੂਰਜ ਦੇਵਤੇ ਦਾ ਨਵਾਂ ਜਨਮ ਗਿਣਿਆ ਜਾਂਦਾ। ਲੋਕ ਇਹਨਾਂ ਦਿਨਾਂ ਵਿਚ ਘਰਾਂ ਨੂੰ ਸ਼ਿੰਗਾਰਦੇ ਅਤੇ ਗਰਮੀਆਂ ਵਿਚ ਪੈਦਾ ਹੋਏ ਅੰਗੂਰਾਂ ਦੀ ਫਸਲ ਤੋਂ ਤਿਆਰ ਕੀਤੀ ਵਾਈਨ ਦੀ ਖੁੱਲ੍ਹ ਕੇ ਵਰਤੋਂ ਹੁੰਦੀ। ਸਿਆਲ ਰੁੱਤੇ ਜਦ ਸਾਰੀ ਬਨਸਪਤੀ ਸੁੱਕ ਜਾਂਦੀ ਤਾਂ ਬਹੁਤ ਸਾਰੇ ਜਾਨਵਰ ਵੀ ਬੁੱਚੜ ਕਰ ਲਏ ਜਾਂਦੇ; ਇਸ ਲਈ ਮਾਸ ਦੀ ਵੀ ਕਾਫੀ ਵਰਤੋਂ ਹੁੰਦੀ। ਲੋਕ ਸੂਰਜ ਦੇ ਨਵੇਂ ਜਨਮ ਦੀ ਖੁਸ਼ੀ ਵਿਚ ਚੰਗਾ ਚੋਖਾ ਖਾਂਦੇ; ਨਚਦੇ, ਗਾਉਂਦੇ। ਇਹ ਇਸ ਮੇਲੇ ਦਾ ਇਤਿਹਾਸਕ ਪੱਖ ਹੈ।

### ਕ੍ਰਿਸਮਸ ਕ੍ਰਾਈਸਟ ਦਾ ਜਨਮ ਦਿਨ

ਈਸਾ ਮਸੀਹ ਨੂੰ ਕ੍ਰਾਈਸਟ ਵੀ ਕਿਹਾ ਜਾਂਦਾ ਹੈ। ਉਸ ਦੇ ਪੈਰੋਕਾਰਾਂ ਨੂੰ ਕ੍ਰਿਸਚੀਅਨ ਅਤੇ ਉਸ ਦੇ ਜਨਮ ਦਿਨ ਤੇ ਮਨਾਏ ਗਏ ਜਸ਼ਨ ਨੂੰ ਕ੍ਰਿਸਮਸ। ਈਸਾ ਮਸੀਹ ਦਾ ਜਨਮ ਕਦੋਂ ਹੋਇਆ, ਇਸ ਦਾ ਕੋਈ ਵੀ ਸਬੂਤ ਨਹੀਂ ਮਿਲਦਾ। ਈਸਾ ਮਸੀਹ ਦੀ ਸ਼ਹਾਦਤ ਤੋਂ ਬਾਅਦ ਉਸਦੇ ਸੇਵਕਾਂ ਨੂੰ ਬੇਹਦ ਕੁਰਬਾਨੀਆਂ ਦੇਣੀਆਂ ਪਈਆਂ। ਜਨਮ ਦਿਨ ਮਨਾਉਣਾ ਤਾਂ ਇਕ ਪਾਸੇ, ਉਹ ਤਾਂ ਇਕੱਠੇ ਵੀ ਚੋਰੀ ਛਿੱਪੇ ਹੁੰਦੇ ਸਨ।

ਪਾਲ ਯਹੂਦੀ ਸੀ। ਰੋਮ ਦਾ ਜੰਮਪਲ ਹੋਣ ਕਾਰਨ ਰੋਮਨ ਸੀ। ਉਸ ਨੇ ਖੁਦ ਕ੍ਰਾਈਸਟ ਨੂੰ ਦੇਖਿਆ ਤਕ ਨਹੀਂ ਸੀ। ਬਾਕੀ ਯਹੂਦੀਆਂ ਵਾਂਗ ਉਹ ਇਸ ਨਵੇਂ ਧਰਮ ਨਾਲ ਬੇਹਦ ਨਫਰਤ ਕਰਦਾ ਸੀ। ਉਸ ਨੇ ਇਸ ਨਵੇਂ ਧਰਮ ਨੂੰ ਖਤਮ ਕਰਨ ਲਈ ਬਹੁਤ ਸਾਰੇ ਕ੍ਰਿਸਚੀਅਨ ਨੂੰ ਫੜਾਇਆ, ਜਿਹਨਾਂ ਨੂੰ ਬੜੇ ਅਣਮਨੁੱਖੀ ਤਸੀਹੇ ਦਿੱਤੇ ਗਏ। ਬਾਅਦ ਵਿਚ ਉਸ ਨੇ ਖੁਦ ਕ੍ਰਿਸਚੀਅਨ ਧਰਮ ਅਪਨਾ ਲਿਆ। ਹੁਸ਼ਿਆਰ ਸੀ, ਕਾਫੀ ਪੜ੍ਹਿਆ ਹੋਇਆ ਸੀ। ਝਟ ਹੀ ਉਹ ਕ੍ਰਿਸਚੀਅਨਾਂ ਦਾ ਆਗੂ ਬਣ ਗਿਆ। ਉਸਨੇ ਕ੍ਰਿਸਚੀਐਨਿਟੀ ਨੂੰ ਦੂਰ ਦੁਰਾਡੇ ਪ੍ਰਚਾਰਨ ਦਾ ਪਰੋਗਰਾਮ ਉਲੀਕਿਆ। ਇਸ ਨੂੰ ਪਾਲ ਦੀ ਕ੍ਰਿਸਚੀਐਨਿਟੀ ਕਹਿਣਾ ਨਾਵਾਜਬ ਨਹੀਂ ਹੋਵੇਗਾ। ਉਸ ਨੇ ਪੈਜਨਸ ਕੌਮਾਂ ਵਿਚ (ਦੇਵੀ ਦੇਵਤਿਆਂ ਵਿਚ ਵਿਸ਼ਵਾਸ ਰਖਣ ਵਾਲੀਆਂ ਕੌਮਾਂ) ਕ੍ਰਿਸਚੀਐਨਿਟੀ ਦਾ ਪਰਚਾਰ ਕੀਤਾ। ਹਰ ਰੋਜ਼ ਜਨ ਸਾਧਾਰਨ ਉਹਨਾਂ ਨਾਲ ਜੁੜਨ ਲੱਗਾ।

ਫਿਰ ਇਕ ਸਮਾਂ ਅਜਿਹਾ ਵੀ ਆਇਆ ਕਿ ਰੋਮ ਬਾਦਸ਼ਾਹ ਕੋਨਸਟੇਟੀਨ ਇਕ ਲੜਾਈ ਵਿਚ ਹਾਰ ਗਿਆ। ਉਸ ਨੇ ਸੋਚਿਆ ਕਿ ਉਹਨਾਂ ਦੇ ਪੁਰਖਿਆਂ ਦਾ ਰੱਬ ਕਮਜ਼ੋਰ ਹੋ ਚੁੱਕਾ ਹੈ। ਅਗਰ ਉਸਨੂੰ ਅਗਲੀ ਲੜਾਈ ਵਿਚ ਜਿੱਤ ਪਰਾਪਤ ਹੋਈ ਤਾਂ ਉਹ ਇਸ ਨਵੇਂ ਉੱਭਰ ਰਹੇ ਧਰਮ ਨੂੰ ਅਪਨਾ ਲਵੇਗਾ। ਕੁਦਰਤਨ ਉਸ ਦੀ ਜਿੱਤ ਹੋਈ ਅਤੇ ਉਹ ਵੀ ਕ੍ਰਿਸਚੀਅਨ ਬਣ ਗਿਆ। ਰੋਮ ਵਿਚ ਕ੍ਰਿਸਚੀਅਨ ਚਰਚ ਤੋਂ ਪਾਬੰਦੀ ਹਟਾ ਲਈ ਗਈ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ (ਰਾਜ ਬਿਨਾਂ ਨਹੀਂ ਧਰਮ ਚਲੇ ਹੈ) ਕੰਮ ਕਰਨ ਲੱਗਾ।

ਕ੍ਰਿਸਚਿਐਨਿਟੀ ਦਾ ਫੈਲਾ ਸ਼ੁਰੂ ਹੋ ਗਿਆ। ਨਵੇਂ ਬਣੇ ਕ੍ਰਿਸਚੀਅਨ ਪੁਰਾਣੇ ਢੰਗ ਨਾਲ ਹੀ ਸੂਰਜ ਦੇ ਆਗਮਨ ਦਾ ਮੇਲਾ ਮੰਨਾਉਣ, ਕ੍ਰਿਸਚੀਅਨ ਰਹਿਬਰਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕ੍ਰਿਸਚੀਅਨ ਆਗੂਆਂ ਨੇ ਪੈਰੋਕਾਰਾਂ ਨੂੰ ਆਦੇਸ਼ ਦਿੱਤਾ ਕਿ ਇਹ ਮੇਲਾ ਪੈਜਨਸ ਲੋਕਾਂ ਦਾ ਹੈ, ਸਾਨੂੰ ਨਹੀਂ ਮਨਾਉਣਾ ਚਾਹੀਦਾ। ਕੁਝ ਸਫਲਤਾ ਤਾਂ ਹੋਈ ਪਰ ਉਹ ਇਸ ਮੇਲੇ ਨੂੰ ਪੂਰੀ ਤਰ੍ਹਾਂ ਨਾ ਰੋਕ ਸਕੇ। ਕ੍ਰਾਈਸਟ ਦੀ ਸ਼ਹਾਦਤ ਤੋਂ 98 ਸਾਲ ਬਾਅਦ ਫੇਰ ਆਗੂਆਂ ਨੇ ਇਕ ਹੋਰ ਪੈਂਤੜਾ ਅਪਣਾਇਆ ਕਿ ਇਹ ਮੇਲਾ ਚਰਚ ਅੰਦਰ ਬੈਠ ਕੇ ਪੂਜਾ ਪਾਠ ਨਾਲ ਮਨਾਇਆ ਜਾਵੇਗਾ। ਦੂਸਰੀ ਤਬਦੀਲੀ ਕ੍ਰਾਈਸਟ ਦੀ ਸ਼ਹਾਦਤ ਤੋਂ 137 ਸਾਲ ਬਾਅਦ ਰੋਮ ਦੇ ਬਿਸ਼ਪ ਨੇ ਆਪਣੇ ਸੇਵਕਾਂ ਨੂੰ ਪੂਜਾ ਪਾਠ ਦੇ ਨਾਲ ਨਾਲ ਇਕ ਦਾਅਵਤ ਕਰਨ ਲਈ ਵੀ ਆਦੇਸ਼ ਦਿੱਤੇ। ਕ੍ਰਾਈਸਟ ਦੀ ਸ਼ਹਾਦਤ ਤੋਂ ਕੋਈ 350 ਸਾਲ ਬਾਅਦ ਰੋਮ ਦੇ ਬਿਸ਼ਪ ਜੂਲੀਅਸ-1 ਨੇ 25 ਦਸੰਬਰ ਕ੍ਰਾਈਸਟ ਦਾ ਜਨਮ ਦਿਨ ਘੋਸ਼ਤ ਕਰ ਦਿੱਤਾ। ਉਸ ਵਕਤ ਤੋਂ ਕ੍ਰਿਸਮਸ ਕ੍ਰਾਈਸਟ ਦੇ ਜਨਮ ਦਿਨ ਵਜੋਂ ਮਨਾਈ ਜਾਣ ਲੱਗੀ। ਧਰਮ ਦਾ ਰੰਗ ਇੱਡਾ ਗੂੜ੍ਹਾ ਚੜ੍ਹਿਆ ਕਿ ਉਸ ਨੇ ਸਾਰੇ ਪੁਰਾਣੇ ਰੰਗ ਲਕੋ ਲਏ। ਕਈ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਕ੍ਰਾਈਸਟ ਦੇ ਜਨਮ ਦੀ ਤਾਰੀਖ 25 ਦਸੰਬਰ ਇਸ ਲਈ ਚੁਣੀ ਗਈ ਕਿ ਉਹ ਨਵੇਂ ਬਣੇ ਕ੍ਰਿਸਚੀਅਨਾਂ ਨੂੰ ਪੈਜਨਸ ਮੇਲੇ ਦਾ ਬਦਲ ਦੇ ਸਕਣ। ਉਹ ਮੌਸਮੀ ਮੇਲਾ ਅੱਜ ਸਿਰਫ ਕ੍ਰਿਸਚੀਅਨ ਮੇਲਾ ਬਣ ਕੇ ਰਹਿ ਗਿਆ ਹੈ।

### ਕ੍ਰਿਸਮਿਸ ਦੇ ਬਦਲਦੇ ਰੰਗ

ਕ੍ਰਾਈਸਟ ਸਾਦਗੀ ਪਸੰਦ ਸੀ। ਜ਼ਿਆਦਾ ਤਰ ਉਸ ਦੇ ਪੈਰੋਕਾਰ ਆਰਥਕ ਪੱਖੋਂ ਕਮਜ਼ੋਰ ਸਨ। 25 ਦਸੰਬਰ ਨੂੰ ਉਹ ਕ੍ਰਾਈਸਟ ਦੇ ਜਨਮ ਤੇ ਚਰਚ ਵਿਚ ਇਕੱਠੇ ਹੋ ਕੇ ਖੁਸ਼ੀ ਮਨਾਉਂਦੇ। ਸਮਾਂ ਕਦੇ ਖਲੋਤਾ ਨਹੀਂ ਅਤੇ ਨਾ ਹੀ ਰਸਮੋ ਰਿਵਾਜ। ਇਹ ਵੀ ਸਮੇਂ ਨਾਲ ਬਦਲਦੇ ਰਹਿੰਦੇ ਹਨ। ਯੋਰੋਸ਼ਲਮ ਦੇ ਚੁਗਿਰਦੇ 'ਚੋਂ ਨਿਕਲ ਕ੍ਰਿਸਚਿਐਨੇਟੀ ਜਦ ਦੂਰ ਯੂਰਪ ਅਤੇ ਅਫਰੀਕਾ ਤਕ ਫੈਲੀ ਤਾਂ ਉਹਨਾਂ ਦੇ ਰਸਮੋ ਰਿਵਾਜ ਦਾ ਪਰਛਾਵਾਂ ਵੀ ਕ੍ਰਿਸਮਸ ਤੇ ਪੈਣ ਲੱਗਾ।

### ਕ੍ਰਿਸਮਸ ਟਰੀ ਦੀ ਵਰਤੋਂ

ਅੱਜ ਘਰਾਂ ਵਿਚ ਕ੍ਰਿਸਮਸ ਸੀਜ਼ਨ ਦੀ ਸ਼ੁਰੂਆਤ ਕ੍ਰਿਸਮਸ ਟਰੀ ਨਾਲ ਹੁੰਦੀ ਹੈ। ਵੱਖੋ ਵੱਖਰੇ ਢੰਗਾਂ ਨਾਲ ਸ਼ੰਗਾਰ ਕੇ ਸਿਖਰ ਇਕ ਤਾਰਾ ਟੰਗਿਆ ਜਾਂਦਾ ਹੈ। ਸਭ ਤੋਂ ਪਹਿਲਾਂ ਜਰਮਨ ਵਾਲਿਆਂ ਨੇ ਕੋਈ ਸੋਲ੍ਹਵੀਂ ਸਦੀ ਵਿਚ ਘਰਾਂ ਵਿਚ ਸ਼ੰਗਾਰਿਆ ਕ੍ਰਿਸਮਸ ਟਰੀ ਰੱਖ ਕੇ ਕ੍ਰਿਸਮਸ ਮਨਾਈ। ਉਸ ਦੇ ਹਾਰ ਸ਼ਿੰਗਾਰ ਲਈ ਸੇਬ, ਨਾਸ਼ਪਾਤੀਆਂ ਅਤੇ ਹੋਰ ਫਲ ਵਗੈਰਾ ਦੀ ਵਰਤੋਂ ਕੀਤੀ ਗਈ। ਬਾਅਦ ਵਿਚ ਹੋਰ ਕਈ ਕਿਸਮ ਦਾ ਚਮਕਦਾ ਦਮਕਦਾ ਹਾਰ ਸ਼ਿੰਗਾਰ ਬਾਜ਼ਾਰਾਂ ਵਿਚ ਆ ਗਿਆ। ਕਹਿੰਦੇ ਨੇ ਲੂਥਰ ਨਾਮ ਦਾ ਇਕ ਪਰੋਟੈਸਟੈਂਟ ਜਰਮਨ ਪਾਦਰੀ ਨੂੰ ਇਕ ਰਾਤ ਇਕ ਸਦਾਬਹਾਰ ਰਹਿਣ ਵਾਲੇ ਬੂਟੇ ਦੀਆਂ ਪਤਿਆਂ ਵਿਚ ਦੀ ਟਿਮਟਿਮਾਉਂਦੇ ਅਸਮਾਨੀ ਤਾਰੇ ਬੇਹਦ ਪਸੰਦ ਆਏ ਤਾਂ ਘਰ ਆ ਕੇ ਉਸ ਨੇ ਤਾਰਾਂ ਨਾਲ ਕ੍ਰਿਸਮਸ ਟਰੀ ਦੀਆਂ ਟਾਹਣਾਂ ਵਿਚ ਜਲਦੀਆਂ ਮੋਮਬਤੀਆਂ ਬੰਨੀਆਂ। ਅੱਜ ਬਿਜਲੀ ਦੇ ਰੰਗ ਬਰੰਗੇ ਬਲਬ ਸ਼ਿੰਗਾਰ ਦਾ ਇਕ ਜ਼ਰੂਰੀ ਹਿੱਸਾ ਬਣ ਗਏ ਹਨ।

ਅਠਾਰਾਂ ਸੌ ਛਤਾਲੀ ਦੇ ਕ੍ਰਿਸਮਸ ਸੀਜ਼ਨ ਦੌਰਾਨ ਜਦ ਬ੍ਰਿਟਿਸ਼ ਲੋਕਾਂ ਨੇ ਆਪਣੀ ਹਰਦਿਲ ਅਜ਼ੀਜ਼ ਮਲਕਾ ਵਿਕਟੋਰੀਆ ਅਤੇ ਪ੍ਰਿੰਸ ਐਲਬਰਟ ਨੂੰ ਆਪਣੇ ਬੱਚਿਆਂ ਸਮੇਤ ਸ਼ਿੰਗਾਰੇ ਹੋਏ ਕ੍ਰਿਸਮਸ ਟਰੀ ਪਾਸ ਲੰਡਨ ਨਿਊਜ਼ ਵਿਚ ਛਪੀ ਤਸਵੀਰ ਵਿਚ ਦੇਖਿਆ ਤਾਂ ਸਾਰੇ ਇੰਗਲੈਂਡ ਵਿਚ ਕ੍ਰਿਸਮਸ ਟਰੀ ਕ੍ਰਿਸਮਸ ਦਾ ਜ਼ਰੂਰੀ ਅੰਗ ਬਣ ਗਿਆ। ਜਰਮਨ ਪਿਛੋਕੜ ਵਾਲੇ ਅਮਰੀਕਨ ਵਾਸੀਆਂ ਨੇ ਅਮਰੀਕਾ ਦੀ ਧਰਤੀ ਤੇ ਕੋਈ ਸਤਾਰਾਂ ਸੌ ਸੰਨਤਾਲੀ ਵਿਚ ਹੀ ਕ੍ਰਿਸਮਸ ਟਰੀ ਨੂੰ ਕ੍ਰਿਸਮਸ ਦਾ ਅੰਗ ਬਣਾ ਲਿਆ ਸੀ ਪਰ ਨਿਊ ਇੰਗਲੈਂਡ ਸਟੇਟ ਦੇ ਪਿਊਰੀਟਨ ਕ੍ਰਿਸਚੀਅਨ (ਕੈਥੋਲਿਕ, ਪਰੋਟੈਸਟੈਂਟ, ਪਿਉਰਟਨ, ਲੂਥਰਨ; ਕ੍ਰਿਸਚਿਐਨੇਟੀ ਦੇ ਵੱਖ ਵੱਖ ਫਿਰਕੇ) ਕ੍ਰਿਸਮਸ ਟਰੀ ਅਤੇ ਗਲੀਆਂ ਵਿਚ ਗੀਤ ਗਾਉਣ ਅਤੇ ਹੋਰ ਸਾਰੇ ਧੂਮ ਧੜੱਕੇ ਨੂੰ ਪੇਜਨ ਧਰਮ ਦਾ ਹਿੱਸਾ ਸਮਝਦੇ ਸਨ। ਇਹ ਸਭ ਰਸਮਾਂ ਕ੍ਰਾਈਸਟ ਤੋਂ ਪਹਿਲਾਂ ਜਰਮਨ ਵਾਲੇ ਸਰਦ ਰੁੱਤੇ ਜਦੋਂ ਹਰ ਪਾਸੇ ਸੋਕਾ ਹੀ ਸੋਕਾ ਨਜ਼ਰ ਆਉਂਦਾ ਸੀ, ਦਾਨਵਾਂ ਤੋਂ ਆਪਣੇ ਘਰਾਂ ਨੂੰ ਬਚਾਉਣ ਲਈ ਆਪਣੇ ਘਰਾਂ ਅੱਗੇ ਸਦਾ ਬਹਾਰ ਦੀਆਂ ਟਾਹਣਾਂ ਟੰਗਦੇ ਸਨ। ਇਸੇ ਤਰ੍ਹਾਂ ਦੇ ਕੁਝ ਰਿਵਾਜ ਰੋਮ ਵਾਲਿਆਂ ਅਤੇ ਮਿਸਰ ਵਾਲਿਆਂ ਵਿਚ ਵੀ ਪ੍ਰਚਲਤ ਸਨ। ਰੋਮ ਵਾਲੇ ਤਾਂ ਸਾਡੀ ਲੋਹੜੀ ਦੇ ਤਿਓਹਾਰ ਵਾਂਗ ਗਲੀਆਂ ਵਿਚ ਗਾਉਂਦੇ ਫਿਰਦੇ ਹੁੰਦੇ ਸਨ। ਨਿਊ ਇੰਗਲੈਂਡ ਸਟੇਟ ਦੇ ਗਵਰਨਰ ਨੇ ਇਹਨਾਂ ਪੈਜਨ ਰਿਵਾਜ਼ਾਂ 'ਤੇ ਪਾਬੰਦੀ ਲਗਾ ਦਿੱਤੀ। ਹੋਰ ਜਰਮਨ ਆਉਣ ਨਾਲ ਹੌਲੀ ਹੌਲੀ ਕੋਈ ਉਨੀਵੀਂ ਸਦੀ ਵਿਚ ਕ੍ਰਿਸਮਸ ਦੌਰਾਨ ਕ੍ਰਿਸਮਸ ਟਰੀ ਦੀ ਆਮ ਵਰਤੋਂ ਹੋਣ ਲੱਗੀ। ਅੱਜ ਅਮਰੀਕਾ ਇਕ ਧਰਮ ਨਿਰਪੱਖ ਦੇਸ ਹੋਣ ਦੇ ਬਾਵਜੂਦ ਕ੍ਰਿਸਮਸ ਮੌਕੇ ਸਰਕਾਰੀ ਤੌਰ 'ਤੇ ਵਾਸ਼ਿੰਗਟਨ ਵਿਚ ਕੋਈ ਅੱਸੀ ਫੁੱਟ ਉੱਚਾ ਕ੍ਰਿਸਮਸ ਟਰੀ ਲਗਾਉਂਦਾ ਹੈ ਅਤੇ ਅਮਰੀਕਾ ਦਾ ਪਰਧਾਨ ਉਸ 'ਤੇ ਲੱਗੀਆਂ ਬਤੀਆਂ ਜਗਾਉਣ ਲਈ ਸਵਿੱਚ ਆਨ ਕਰਦਾ ਹੈ।

### ਸੈਂਟਾ ਕਲਾਸ ਦੀ ਆਮਦ

ਕ੍ਰਿਸਮਸ ਵਿਚ ਸੈਂਟਾ ਕਲਾਸ ਲਿਆਉਣ ਦਾ ਸੁਪਨਾ ਨਿਊਯਾਰਕ ਦੇ ਇਕ ਲੇਖਕ ਕਲਮੀਨਟ ਕਲਾਰਕ ਮੂਰ ਨੇ ਸੰਨ 1823 ਵਿਚ ਲਿਆ। ਕਾਰਟੂਨਿਸਟ ਥੌਮਸ ਨਾਸਟ ਨੇ ਉਸ ਦੀ ਰੂਪ ਰੇਖਾ ਉਲੀਕੀ। ਲਾਲ ਕੋਟ ਵਿਚ ਲਪੇਟਿਆ ਹੋਇਆ ਢਿੱਲਾ ਜਿਹਾ ਵੱਡਾ ਸਾਰਾ ਢਿੱਡ, ਢਿੱਲੀ ਜਿਹੀ ਲਾਲ ਪੈਂਟ, ਸਫੇਦ ਲੰਮੀ ਦਾਹੜੀ, ਸਿਰ ਉੱਤੇ ਲਾਲ ਟੋਪੀ ਪਹਿਨ ਕੇ ਜਦੋਂ ਸੈਂਟਾ ਕਲਾਸ ਸਾਹਮਣੇ ਆਇਆ ਤਾਂ ਉਸਦੇ ਚੀਚ ਵਹੁਟੀ (ਬਰਸਾਤ ਰੁੱਤੇ ਨਿਕਲਣ ਵਾਲੀ ਮਖ਼ਮਲੀ ਲਾਲ ਰੰਗ ਦੀ ਭੂੰਡੀ) ਦੇ ਰੂਪ ਨੇ ਸਭਨਾਂ ਦਾ, ਖਾਸ ਕਰ ਬੱਚਿਆਂ ਦਾ ਮਨ ਮੋਹ ਲਿਆ। ਇਸਦਾ ਪਿਛੋਕੜ ਸੇਂਟ ਨਿਕਲਸ ਜਾਂ ਸੇਂਟ ਲੂਸੀ ਨਾਲ ਜੋੜਿਆ ਜਾਂਦਾ ਹੈ, ਜੋ ਪਰਉਪਕਾਰੀ ਸਨ ਅਤੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਸੈਂਟਾ ਕਲਾਸ ਦੇ ਆਉਣ ਨਾਲ ਗਿਫਟ ਲੈਣ ਦੇਣ ਦੀ ਅਮਰੀਕਨ, ਡੱਚ ਅਤੇ ਇੰਗਲਿਸ਼ ਰਵਾਇਤ ਨੂੰ ਬੜਾ ਬੜ੍ਹਾਵਾ ਮਿਲਿਆ।

ਸੈਂਟਾ ਕਲਾਸ ਦੇ ਆਉਣ ਤੋਂ ਪਹਿਲਾਂ ਬੱਚਿਆਂ ਦਾ ਕ੍ਰਿਸਮਸ ਨਾਲ ਕੋਈ ਸਬੰਧ ਨਹੀਂ ਸੀ। ਇਸਦੇ ਆਉਂਦਿਆਂ ਸਾਰ ਹੀ ਇਹ ਵਿਉਪਾਰੀਆਂ ਦਾ ਤਾਂ ਮਸੀਹਾ ਬਣ ਗਿਆ। ਮਾਪੇ ਆਪਣੇ ਬੱਚਿਆਂ ਨੂੰ ਸੈਂਟਾ ਕਲਾਸ ਦੀ ਗੋਦੀ ਵਿਚ ਬਿਠਾ ਕੇ ਤਸਵੀਰਾਂ ਖਿਚਵਾਉਂਦੇ ਹਨ। ਸਟੋਰ ਆਇਆ ਬੱਚਾ ਕੁਝ ਨਾ ਕੁਝ ਖਰੀਦਣ ਲਈ ਮਾਂ ਬਾਪ ਨੂੰ ਮਜਬੂਰ ਕਰ ਹੀ ਦਿੰਦਾ ਹੈ। ਵਿਉਪਾਰੀ ਤਬਕੇ ਵਲੋਂ ਗਿਫਟ ਦੀ ਅਖਬਾਰਾਂ ਰਾਹੀਂ ਗਿਫਟ ਲਿਸਟ ਅਠਾਰਵੀਂ ਸਦੀ ਵਿਚ ਸ਼ੁਰੂ ਹੋਈ, ਜੋ ਅੱਜ ਸਿਖਰਾਂ 'ਤੇ ਹੈ। ਅਜਕਲ ਤਾਂ ਅਕਤੂਬਰ ਲੰਘਦਿਆਂ ਹੀ ਕ੍ਰਿਸਮਿਸ ... ਕ੍ਰਿਸਮਿਸ ... ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ। ਖਿਡੌਣੇ ਅਤੇ ਹੋਰ ਘਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਨਾਲ ਸਾਰੇ ਸਟੋਰ ਨੱਕੋ ਨੱਕ ਭਰ ਦਿੱਤੇ ਜਾਂਦੇ ਹਨ। ਸਟੋਰਾਂ ਦਾ ਹਾਰ ਸ਼ਿੰਗਾਰ ਲੋਕਾਈ ਲਈ ਖਿੱਚ ਦਾ ਕਾਰਨ ਬਣਦਾ ਹੈ।

ਕਈ ਲੋਕ ਤਾਂ 'ਸਰਦਾ ਭਲਾ' ਦੀ ਨੀਤੀ ਤੇ ਪਹਿਰਾ ਦਿੰਦੇ ਹੋਏ ਖਰਚਣ ਤੋਂ ਪਹਿਲਾਂ ਹੀ ਆਪਣੀ ਜੇਬ ਦਾ ਅੰਦਾਜ਼ਾ ਲਾ ਲੈਂਦੇ ਹਨ ਪਰ ਬਹੁਤ ਸਾਰੇ ਜੇਬ ਵਿਚ ਹੀ ਬਾਣੀਏ ਦਾ 'ਬਹੀ ਖਾਤਾ' ਕਰੈਡਿਟ ਕਾਰਡ ਦੇ ਰੂਪ ਵਿਚ ਲਈ ਫਿਰਦੇ ਹਨ। ਬਸ 'ਸੋਹੰਦਾ ਭਲਾ' ਦੇ ਲੜ ਲੱਗ ਕੇ ਕਈ ਇੰਨੇ ਵਿਤੋਂ ਬਾਹਰੇ ਹੋ ਵਗਦੇ ਹਨ ਕਿ ਉਹਨਾਂ ਨੂੰ ਕਰੈਡਟ ਕਾਰਡ ਦੇ ਕਰਜ਼ੇ ਥੱਲਿਓਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਜਿਸ ਪਾਸ ਕੋਈ ਗਿਫਟ ਦਾ ਬਕਸ ਖੋਲ੍ਹਣ ਨੂੰ ਨਹੀਂ, ਉਹ ਉਦਾਸ ਹੋ ਜਾਂਦਾ ਹੈ। ਆਰਥਕ ਪੱਖੋਂ ਕਮਜ਼ੋਰ ਬੱਚਿਆਂ ਲਈ ਕਈ ਸੰਸਥਾਵਾਂ ਗਿਫਟ ਜੁਟਾ ਦੇਂਦੀਆਂ ਹਨ। ਕ੍ਰਿਸਮਸ ਡਿਨਰ ਵੀ ਵਰਤਾਏ ਜਾਂਦੇ ਹਨ। ਹਰ ਕੋਈ ਇਕ ਦੂਸਰੇ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ।

ਮੇਲੇ ਤਿਓਹਾਰ ਖੁਸ਼ੀਆਂ ਖੇੜਿਆਂ ਲਈ ਹੁੰਦੇ ਹਨ, ਚਾਹੇ ਉਹ ਕਿਸੇ ਫਿਰਕੇ ਜਾਂ ਕਿਸੇ ਵੀ ਧਰਮ ਨਾਲ ਸਬੰਧ ਕਿਉਂ ਨਾ ਰੱਖਦੇ ਹੋਣ। ਪਰ ਜਦ ਇਹੋ ਜਿਹੇ ਖੁਸ਼ੀ ਦੇ ਅਵਸਰ ਨੂੰ ਵੀ ਜੰਗਬਾਜ਼ ਆਪਣੀ ਹੈਂਕੜ ਪੁਗਾਉਣ ਲਈ ਬਾਰੂਦ ਦੇ ਧੂਏਂ ਨਾਲ ਧੁੰਦਲਾ ਕਰ ਦਿੰਦੇ ਹਨ ਤਾਂ ਅਪਾਹਜਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਧਰਮਾਂ ਅਤੇ ਸੱਭਿਅਤਾਵਾਂ ਦੇ ਵਧ ਰਹੇ ਵਿਰੋਧ ਕਾਰਨ ਕ੍ਰਿਸਮਸ ਹੀ ਨਹੀਂ, ਸੰਸਾਰ ਦਾ ਹਰ ਮੇਲਾ ਅੱਜ ਬੰਦੂਕਾਂ ਦੀ ਛਾਂ ਥੱਲੇ ਮਨਾਇਆ ਜਾ ਰਿਹਾ ਹੈ। ਮੇਲਿਆਂ ਦੀ ਖੁਸ਼ੀ ਪਵਿੱਤਰਤਾ ਨੂੰ ਸੋਗ ਵਿਚ ਬਦਲਣ ਤੋਂ ਬਚਾਉਣ ਲਈ ਕਿਤੇ ਕੋਈ ਮੋੜ ਪੈਂਦਾ ਨਜ਼ਰ ਨਹੀਂ ਆ ਰਿਹਾ।

## ਕਾਵਿ ਵਿਅੰਗ

# ਕਮਲ ਕੁਮਲਾਇਆ?

ਜਾਂਦੇ ਸਾਲ ਦੇ ਰਹਿ ਗਏ ਦਿਵਸ ਥੋੜ੍ਹੇ
'ਟ੍ਰੇਲਰ' ਉਨੀ ਦਾ 'ਠਾਰਾਂ ਦਿਖਲਾ ਗਿਆ ਏ।

ਗੱਪਾਂ ਮਾਰ ਕੇ ਰਿਹਾ ਜੋ ਢਿੱਡ ਭਰਦਾ
ਜਾਪੇ ਅੱਗੇ ਲਈ ਸਬਕ ਉਹ ਪਾ ਗਿਆ ਏ।

ਕੈਂਚੀ ਫਾੜਨੇ ਵਾਲੀ ਨਕਾਰ ਸੁੱਟੀ
ਜੋੜਨ ਵਾਲਾ ਕੰਮ ਸੂਈ ਦਾ ਭਾ ਗਿਆ ਏ।

ਫਾਸ਼ੀਵਾਦ ਦੇ ਪੈਂਤੜੇ ਪਏ ਪੁੱਠੇ
ਮਾਨਵਵਾਦ ਦਾ ਹਿਰਦਾ ਨਸ਼ਿਆ ਗਿਆ ਏ।

'ਉਤਰ ਕਾਟੋ ਮੈਂ ਚੜ੍ਹਾਂ' ਦੀ ਰੀਤ ਪੂਰੀ
ਪੰਜਾਂ ਰਾਜਾਂ ਦਾ ਫੈਸਲਾ ਆ ਗਿਆ ਏ।

ਏਨੀ ਗੱਲ ਦੀ ਖੁਸ਼ੀ ਮਨਾ ਲਈਏ
ਨਫਰਤ ਭਰਿਆ ਤਾਂ 'ਕਮਲ' ਕੁਮਲਾ ਗਿਆ ਏ।



ਤਰਲੋਚਨ ਸਿੰਘ ਦੁਪਾਲਪੁਰ
001-408-915-1268

# ਵਕਤਾਂ ਦਾ ਸੱਚ ਅਤੇ ਖਾਮੋਸ਼ੀ

ਅੰਗ-ਸੰਗ



ਸ਼ਾਮ ਸਿੰਘ
98141-13338

ਵਕਤਾਂ ਵਿੱਚ ਵਿਚਰਦਿਆਂ ਹਰ ਉਹ ਸ਼ਖਸ ਆਪਣੀ ਸਮਝ ਵਿੱਚ ਆਉਂਦੇ ਸੱਚ ਬੋਲਣ ਤੋਂ ਗੁਰੇਜ਼ ਨਹੀਂ ਕਰਦਾ, ਜਿਸ ਵਿੱਚ ਦਲੇਰੀ ਹੋਵੇ ਅਤੇ ਅਣਖ ਵੀ। ਅਜਿਹਾ ਕਿਰਦਾਰ ਰੱਖਣ ਵਾਲਿਆਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਹੁੰਦੀ, ਪਰ ਇਤਿਹਾਸ ’ਤੇ ਝਾਤੀ ਮਾਰਦਿਆਂ ਪਤਾ ਲੱਗਦਾ ਹੈ ਕਿ ਜ਼ਾਲਮ ਬਾਦਸ਼ਾਹਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਣ ਵਾਲੇ ਆਪਣੀ ਭੂਮਿਕਾ ਸਦਾ ਨਿਭਾਉਂਦੇ ਹੀ ਰਹੇ। ਇਹ ਲੋਕ ਵੱਖ-ਵੱਖ ਦੇਸ਼ਾਂ ਵਿੱਚ ਜਨਮੇ, ਵੱਖ-ਵੱਖ ਧਰਮਾਂ ਦੇ ਵੀ ਸਨ ਅਤੇ ਵਰਗਾਂ ਦੇ ਵੀ। ਉਨ੍ਹਾਂ ਨੂੰ ਜਿੰਨੀਆਂ ਮਰਜ਼ੀ ਪੀੜਾਂ ਅਤੇ ਤਸੀਹੇ ਝੱਲਣੇ ਪਏ, ਪਰ ਉਹ ਨਾ ਕਦੇ ਅਸਮਰੱਥ ਰਹੇ ਅਤੇ ਨਾ ਅਸਫ਼ਲ। ਇਸ ਕਰ ਕੇ ਉਨ੍ਹਾਂ ਦਾ ਨਾਂਅ ਇਤਿਹਾਸ ਦੇ ਵਰਕਿਆਂ ’ਤੇ ਵੀ ਹੈ ਅਤੇ ਲੋਕ-ਦਿਲਾਂ ਵਿੱਚ ਵੀ।

ਰਿਸ਼ੀਆਂ-ਮੁਨੀਆਂ ਦੇ ਜ਼ਮਾਨੇ ਵਿੱਚ ਉਹ ਜਾਗਦੇ ਰਹੇ ਅਤੇ ਉਨ੍ਹਾਂ ਆਪਣੇ ਬੋਲਾਂ ਨੂੰ ਜੰਦਰੇ ਨਹੀਂ ਲਾਏ। ਉਹ ਜ਼ਰੂਰਤ ਮੁਤਾਬਕ ਬੋਲਦੇ ਰਹੇ। ਫੇਰ ਪੀਰ-ਪੈਗੰਬਰ, ਗੁਰੂ ਅਤੇ ਭਗਤ ਆ ਗਏ, ਜਿਨ੍ਹਾਂ ਨੇ ਆਪਣੀ ਆਤਮਿਕ ਸ਼ਕਤੀ ਅਤੇ ਨਿੱਗਰ ਮਾਨਸਿਕਤਾ ਨਾਲ ਵਕਤਾਂ ਦੇ ਸੱਚ ਨੂੰ ਸਮਝਿਆ ਅਤੇ ਉਸ ਲਈ ਪੱਕੇ ਪੈਰੀਂ ਖੜ ਗਏ। ਨਾਲ ਦੀ ਨਾਲ ਉਹ ਲੋਕ ਮਸਲਿਆਂ ਨੂੰ ਉਠਾਉਂਦੇ ਰਹੇ ਅਤੇ ਲੋਕ-ਹਿੱਤਾਂ ਵਾਸਤੇ ਲੜਦੇ ਰਹੇ। ਉਨ੍ਹਾਂ ਨਾ ਕਦੇ ਤਕਲੀਫ਼ਾਂ ਦੀ ਪਰਵਾਹ ਕੀਤੀ ਅਤੇ ਨਾ ਅੰਤਾਂ ਦੇ ਤਸੀਹਿਆਂ ਦੀ। ਉਹ ਆਪਣੇ ਸਮੇਂ ਦੇ ਰਾਜਿਆਂ ਤੇ ਹਕੂਮਤਾਂ ਲਈ ਚੁਣੌਤੀ ਬਣਦੇ ਰਹੇ। ਉਨ੍ਹਾਂ ਖਾਮੋਸ਼ੀ ਨਹੀਂ ਧਾਰੀ, ਸਗੋਂ ਜਿੱਥੇ ਜ਼ਰੂਰੀ ਸੀ, ਉੱਥੇ ਸੱਚ ਲਈ ਬੋਲਦੇ ਰਹੇ।

ਜਾਗਦੇ ਅਤੇ ਜਾਗਰਤ ਮਨੁੱਖਾਂ ਲਈ ਖਾਮੋਸ਼ ਰਹਿਣਾ ਸ਼ੋਭਦਾ ਨਹੀਂ। ਖ਼ਾਸ ਕਰ ਕੇ ਉਦੋਂ, ਜਦੋਂ ਜ਼ੁਲਮ ਹੋ ਰਿਹਾ ਹੋਵੇ, ਜਬਰ ਢਾਹਿਆ ਜਾ ਰਿਹਾ ਹੋਵੇ ਅਤੇ ਜਨਤਾ ਨੂੰ ਬੇਵੱਸੀ ਦੇ ਹਵਾਲੇ ਕਰ ਦਿੱਤਾ ਗਿਆ ਹੋਵੇ। ਅਜਿਹੇ ਮੌਕੇ ਖਾਮੋਸ਼ ਰਹਿਣਾ ਪਾਪ ਵੀ ਹੈ ਅਤੇ ਅਪਰਾਧ ਵੀ, ਕਿਉਂਕਿ ਪੀੜਤਾਂ ਨਾਲ ਨਾ ਖੜਨ ਦਾ ਅਰਥ ਜਾਬਰਾਂ ਦੇ ਹੱਕ ਵਿੱਚ ਖਲੋਣਾ ਵੀ ਹੈ ਅਤੇ ਅਪਰਾਧੀਆਂ ਦਾ ਸਾਥ ਦੇਣਾ ਵੀ। ਮੁਗਲਾਂ ਨੇ ਭਾਰਤ ਵਿੱਚ ਏਨਾ ਜ਼ੁਲਮ ਕੀਤਾ ਕਿ ਕੋਈ ਹੱਦ ਨਾ ਰਹਿਣ ਦਿੱਤੀ। ਉਦੋਂ ਉਨ੍ਹਾਂ ਦਾ ਮੁਕਾਬਲਾ ਤਿੱਖੇ ਬੋਲਾਂ ਨਾਲ ਵੀ ਕੀਤਾ ਗਿਆ ਅਤੇ ਜੁਰਅੱਤ ਦੀ ਪ੍ਰੀਖਿਆ ਦੇ ਕੇ ਵੀ। ਏਥੋਂ ਤੱਕ ਕਿ ਬਹਾਦਰਾਂ ਨੇ ਜਿਸਮਾਂ ਨੂੰ ਵਾਰ ਕੇ ਖਾਮੋਸ਼ੀ ਨੂੰ ਬੋਲ ਦਿੱਤੇ।

ਬਾਬਰ ਤੋਂ ਔਰੰਗਜ਼ੇਬ ਦਾ ਸਮਾਂ ਕਿਸ ਨੂੰ ਯਾਦ ਨਹੀਂ, ਜਿਨ੍ਹਾਂ ਨੇ ਜਨਤਾ ਦੀ ਪਰਵਾਹ ਨਾ ਕਰਦਿਆਂ ਮਨਮਰਜ਼ੀ ਦੇ ਝੰਡੇ ਝੁਲਾਈ ਰੱਖੇ ਅਤੇ ਲੋਕਾਂ ਨੂੰ ਨਿਮਾਣੇ ਬਣਾ ਕੇ ਰੱਖਿਆ, ਪਰ ਜਿਨ੍ਹਾਂ ਵਿੱਚ ਜੁਰਅੱਤ ਸੀ, ਉਹ ਤਾਂ ਟਿਕ ਕੇ ਨਾ ਬੈਠੇ। ਉਨ੍ਹਾਂ ਲੱਖਾਂ ਦੀਆਂ ਫ਼ੌਜਾਂ ਦੇ ਪੈਰਾਂ ਹੇਠ ਭੁੱਬਲ ਧੁਖਾ ਕੇ ਜਾਨਦਾਰ ਅਤੇ ਸ਼ਾਨਦਾਰ ਮੁਕਾਬਲੇ ਕੀਤੇ ਅਤੇ ਇਤਿਹਾਸ ਦੇ ਸੁਨਹਿਰੀ ਵਰਕਿਆਂ ’ਤੇ ਆਪਣਾ ਨਾਂਅ ਲਿਖਵਾਇਆ। ਜੁਰਅੱਤ ਕਰ ਕੇ ਹੀ ਨਿਮਾਣਿਆਂ ਨੇ ਕੇਰਾਂ ਜ਼ੋਰਾਵਰਾਂ ਦਾ ਹੰਕਾਰ ਤੋੜ ਕੇ ਰੱਖ ਦਿੱਤਾ। ਸਿੰਘਾਂ ਤੋਂ ਹਾਥੀ ਦੁੜਵਾਏ, ਚਿੜੀਆਂ ਕੋਲੋਂ ਬਾਜ਼ ਤੁੜਵਾਏ। ਇਹ ਵਕਤਾਂ ਦੇ ਸੱਚ ਨੂੰ ਸਮਝਣ ਦੀ ਗਾਥਾ ਵੀ ਹੈ ਅਤੇ ਉਸ ਮੁਤਾਬਕ ਜਾਬਰਾਂ ਨੂੰ ਬਣਦਾ ਸਬਕ ਸਿਖਾਉਣ ਦੀ ਵੀ।

ਵਾਰੀ ਆਈ ਭਾਰਤੀ ਰਾਜਿਆਂ ਦੀ, ਜਿਨ੍ਹਾਂ ਨੇ ਆਪਣੀ ਪਰਜਾ ਨੂੰ ਸਮਝਿਆ ਅਤੇ ਚੰਗੇ ਰਾਜ-ਭਾਗ ਦੇ ਨਾਲ-ਨਾਲ ਲੋਕਾਂ ਨੂੰ ਖੁੱਲ੍ਹਾਂ ਵੀ ਦਿੱਤੀਆਂ। ਵਿਰੋਧੀਆਂ ਦੀ ਆਵਾਜ਼ ਨੂੰ ਉਦੋਂ ਤੱਕ ਉੱਕਾ ਨਹੀਂ ਦਬਾਇਆ ਗਿਆ, ਜਦੋਂ ਤੱਕ ਆਵਾਜ਼ ਬਗ਼ਾਵਤ ਨਾ ਬਣ ਗਈ। ਮਹਾਰਾਜਾ ਰਣਜੀਤ ਸਿੰਘ ਵਿੱਚ ਜਿੰਨੇ ਮਰਜ਼ੀ ਐਬ ਹੋਣ, ਪਰ ਉਸ ਦੇ ਰਾਜ ਕਰਨ ਦੇ ਤੌਰ-ਤਰੀਕਿਆਂ ਨੇ ਉਹ ਸਭ ਢੱਕ ਲਏ ਅਤੇ ਜੱਗ-ਜ਼ਾਹਰ ਨਾ ਹੋਣ ਦਿੱਤੇ। ਇਹ ਉਸ ਦੀ ਦੂਰ-ਅੰਦੇਸ਼ੀ ਹੀ ਕਹੀ ਜਾ ਸਕਦੀ ਹੈ ਕਿ ਉਸ ਨੇ ਜਨਤਾ ਨੂੰ ਖ਼ੁਸ਼ ਰੱਖਿਆ, ਬੋਲਣ ’ਤੇ ਬੰਦਸ਼ ਨਾ ਲਾਈ। ਆਪ ਵੀ ਮੌਜਾਂ ਮਾਣਦਾ ਰਿਹਾ ਅਤੇ ਲੋਕ ਵੀ ਮਸਤੀ ਮਾਣਦੇ ਰਹੇ।

ਅੰਗਰੇਜ਼ ਆਏ ਤਾਂ ਉਨ੍ਹਾਂ ਆਪਣਾ ਦਾਬਾ ਪਾ ਲਿਆ। ਜਨਤਾ ਨੂੰ ਨਿਹੱਥੀ ਕਰੀ ਰੱਖਿਆ। ਆਪਣੀ ਭਾਸ਼ਾ ਅਤੇ ਆਪਣੇ ਸੱਭਿਆਚਾਰ ਦਾ ਗਲਬਾ ਪਾ ਲਿਆ, ਜੋ ਅਜੇ ਤੱਕ ਭਾਰਤੀਆਂ ਦਾ ਪਿੱਛਾ ਨਹੀਂ ਛੱਡ ਰਹੇ। ਉਨ੍ਹਾਂ ਨੇ ਇੱਥੋਂ ਦੇ ਲੋਕਾਂ ਦੀ ਜੁਰਅੱਤ ਨੂੰ ਖ਼ਤਮ ਕਰਨ ਲਈ ਕਈ ਤਰ੍ਹਾਂ ਦੇ ਹਰਬੇ ਵਰਤੇ। ਉਨ੍ਹਾਂ ਵਿਰੁੱਧ ਅਤੇ ਉਨ੍ਹਾਂ ਦੀ ਹਕੂਮਤ ਵਿਰੁੱਧ ਬੋਲਣ ਵਾਲਿਆਂ ਨੂੰ ਤੰਗੀਆਂ ਕੱਟਣੀਆਂ ਪਈਆਂ। ਲੋਕ ਵਕਤ ਨੂੰ ਸਮਝ ਕੇ ਆਪਣੇ ਦੇਸ਼ ਨੂੰ ਗ਼ੁਲਾਮੀ ਦੇ ਜੂਲੇ ਤੋਂ ਮੁਕਤ ਕਰਵਾਉਣ ਲਈ ਖਾਮੋਸ਼ੀ ਦੀ ਗੁਫ਼ਾ ਵਿੱਚ ਜਾਣ ਦੀ ਬਜਾਏ ਜੁਰਅੱਤ ਨਾਲ ਬੋਲਦੇ ਰਹੇ ਅਤੇ ਆਜ਼ਾਦੀ ਲਈ ਬਹਾਦਰੀ ਨਾਲ ਖ਼ੂਬ ਲੜਦੇ ਰਹੇ।

ਜੁਰਅੱਤ, ਦਲੇਰੀ ਵਕਤ ਸਿਰ ਬੋਲਣ ਤੋਂ ਨਹੀਂ ਰੁਕਦੀਆਂ। ਅੰਗਰੇਜ਼ਾਂ ਨੂੰ ਸਿੱਧੀਆਂ-ਸਪੱਸ਼ਟ ਚੁਣੌਤੀਆਂ ਦੇਣ ਤੋਂ ਡਰਿਆ ਨਹੀਂ ਗਿਆ। ਕਿੰਨੇ ਵੀਰ ਤੱਤੇ ਬੋਲ ਵੀ ਬੋਲਦੇ ਰਹੇ ਤੇ ਬੌਧਿਕ ਦਾਅ-ਪੇਚ ਵੀ ਵਰਤਦੇ ਰਹੇ, ਪਰ ਹਕੂਮਤ ਕਰਨ ਵਾਲਿਆਂ ਹਮੇਸ਼ਾ ਇਹ ਹੀ ਚਾਹਿਆ ਕਿ ਲੋਕ ਖਾਮੋਸ਼ ਰਹਿਣ ਅਤੇ ਸਿਰ ਨਾ ਚੁੱਕਣ। ਲੋਕ ਖਾਮੋਸ਼ੀਆਂ ਤੋੜ ਕੇ ਨਾਹਰੇ ਬਣਦੇ/ਮਾਰਦੇ ਰਹੇ ਅਤੇ ਦੁੱਖ ਸਹਿੰਦੇ ਰਹੇ। ਜੇਲ੍ਹਾਂ ਵਿੱਚ ਤੰਗੀਆਂ ਦੀ ਪਰਵਾਹ ਨਾ ਕੀਤੀ ਅਤੇ ਹੱਸ-ਹੱਸ ਕੇ ਫ਼ਾਂਸੀਆਂ ’ਤੇ ਚੜ੍ਹਦੇ ਰਹੇ। ਇਹ ਹੈ ਵਕਤਾਂ ਦਾ ਸੱਚ, ਜੋ ਧਰਤੀ ’ਤੇ ਅਸਲੀਅਤ ਹੋ ਕੇ ਵਾਪਰਿਆ ਅਤੇ ਇਤਿਹਾਸ ’ਚੋਂ ਪੜ੍ਹਿਆ ਜਾ ਸਕਦਾ ਹੈ।

ਪਹਿਲਾਂ-ਪਹਿਲ ਕਾਂਗਰਸ ਪਾਰਟੀ ਹੀ ਦੇਸ ਦੀ ਵੱਡੀ ਸਿਆਸੀ ਜਮਾਤ ਸੀ, ਜਿਸ ਨੇ ਜਿੱਥੇ ਆਜ਼ਾਦੀਆਂ ਲਈ ਕੰਮ ਕੀਤਾ, ਉੱਥੇ ਲੋਕਾਂ ਨੂੰ ਖਾਮੋਸ਼ੀ ਧਾਰਨ ਕਰਨ ਵੱਲ ਵੀ ਧੱਕੀ ਰੱਖਿਆ, ਪਰ ਜੁਰਅੱਤ ਵਾਲੇ ਲੋਕਾਂ ਨੇ ਕੋਈ ਬੰਦਸ਼ ਨਾ ਮੰਨੀ ਅਤੇ ਸਮੇਂ ਮੁਤਾਬਕ ਢੁੱਕਵੇਂ ਅੰਦਾਜ਼ ਵਿੱਚ ਬੋਲਦੇ ਰਹੇ, ਜਿਸ ਕਾਰਨ ਪਾਰਟੀ ਵਿੱਚ ਵਿਰੋਧੀ ਸੁਰਾਂ ਵੀ ਉੱਠਦੀਆਂ ਰਹੀਆਂ ਅਤੇ ਪਾਰਟੀ ਕਈ ਥਾਂ ਵੰਡ ਹੋ ਗਈ। ਭਾਜਪਾ ਨੇ ਜੁਰਅੱਤ ਕੀਤੀ ਅਤੇ ਕਾਂਗਰਸ ਨੂੰ ਮਾਤ ਦੇ ਦਿੱਤੀ। ਦੇਰ ਤੋਂ ਚੁੱਪ-ਗੜੁੱਪ ਇਹ ਪਾਰਟੀ ਬੋਲਾਂ ਦੇ ਸਹਾਰੇ ਹਕੂਮਤ ’ਤੇ ਛਾ ਗਈ। ਬੋਲ ਜਿਹੋ ਜਿਹੇ ਵੀ ਸਨ, ਪਰ ਲੋਕਾਂ ’ਤੇ ਪ੍ਰਭਾਵ ਪਾਉਣ ਵਿੱਚ ਸਫ਼ਲ ਰਹੇ।

ਕਾਮਰੇਡ ਲੋਕ-ਹਿੱਤਾਂ ਲਈ ਖੜੇ, ਲੋਕਾਂ ਦੀ ਜ਼ੁਬਾਨ ਬੋਲੇ ਅਤੇ ਉਨ੍ਹਾਂ ਦੀ ਆਵਾਜ਼ ਬਣਨ ਦਾ ਵਿਸ਼ਵਾਸ ਦੁਆਇਆ। ਕੁਝ ਰਾਜਾਂ ਅੰਦਰ ਉਨ੍ਹਾਂ ਦੀਆਂ ਹਕੂਮਤਾਂ ਬਣ ਗਈਆਂ। ਉਨ੍ਹਾਂ ਰਾਜਾਂ ਦਾ ਹਾਲ ਸਭ ਦੇ ਸਾਹਮਣੇ ਹੈ, ਜਿੱਥੇ ਲੋਕ ਕਦੇ ਖਾਮੋਸ਼ ਨਹੀਂ ਰਹੇ। ਪੰਜਾਬ ਵਿੱਚ ਅਕਾਲੀ ਦਲ ਭਾਰੂ ਰਿਹਾ, ਪਰ ਵਕਤ-ਵਕਤ ’ਤੇ ਇਸ ਦੇ ਪ੍ਰਧਾਨਾਂ ਦੀ ਤਾਨਾਸ਼ਾਹੀ ਕਾਰਨ ਦਲ ਕਈ ਥਾਂ ਵੰਡਿਆ ਗਿਆ। ਜਿੱਥੇ-ਜਿੱਥੇ ਖਾਮੋਸ਼ੀ ਅਪਣਾਉਣ ਲਈ ਮਜਬੂਰ ਕੀਤਾ ਜਾਵੇਗਾ, ਉੱਥੇ-ਉੱਥੇ ਲੋਕ ਉੱਚੀ ਸੁਰ ’ਚ ਬੋਲਣਗੇ। ਹੁਣ ਤਾਂ ਹੱਦ ਹੀ ਹੋ ਗਈ ਕਿ ਹਰ ਰੋਜ਼ ਦਲ ਦੇ ਟੁੱਟਣ ਦੀਆਂ ਖ਼ਬਰਾਂ ਆ ਰਹੀਆਂ ਹਨ, ਪਰ ਬੋਲ ਨਹੀਂ ਦੱਬ ਰਹੇ।

ਹੁਣ ਹੋਰ ਨਵਾਂ ਅਕਾਲੀ ਦਲ ਬਣ ਜਾਵੇਗਾ, ਜੋ ਤਾਨਾਸ਼ਾਹੀ ਨਾ ਝੱਲਦਿਆਂ ਰੋਹ ’ਚੋਂ ਪੈਦਾ ਹੋਵੇਗਾ। ਓਧਰ ਨਵੀਂ ਬਣੀ ਸਿਆਸੀ ਪਾਰਟੀ ‘ਆਪ’ ਦਾ ਝਾੜੂ ਤੀਲਾ-ਤੀਲਾ ਹੋ ਕੇ ਰਹਿ ਗਿਆ। ਹਕੂਮਤ ਕਰਨ ਤੁਰੀ ਪਾਰਟੀ ਨੂੰ ਵੀ ਤਾਨਾਸ਼ਾਹੀ ਨੇ ਮਾਰ ਲਿਆ। ਇਸ ਪਾਰਟੀ ਦਾ ਕੌਮੀ ਮੁਖੀ ਚਾਹੁੰਦਾ ਸੀ ਕਿ ਜੋ ਵੀ ਬੋਲ ਕੱਢਦਾ ਹੈ, ਉਸ ਨੂੰ ਹਰ ਹੀਲੇ ਖਾਮੋਸ਼ ਕਰਵਾ ਦਿੱਤਾ ਜਾਵੇ, ਪਰ ਅਣਖੀਲੇ ਅਤੇ ਬਹਾਦਰ ਲੋਕਾਂ ਨੇ ਖਾਮੋਸ਼ ਹੋਣ ਨਾਲੋਂ ਵਕਤ ਦੇ ਸੱਚ ਨੂੰ ਪਛਾਣਿਆਂ ਅਤੇ ਦਿੱਲੀ ਵੱਲ ਪਿੱਠ ਕਰ ਲਈ। ਹੁਣ ਕੀ ਬਣੇਗਾ, ਉਡੀਕ ਕਰਨੀ ਪਵੇਗੀ।

ਅਕਾਲੀ ਦਲ ਦੇ ਸੇਖਵਾਂ ਅਤੇ ਬ੍ਰਹਮਪੁਰਾ ਹੋਰਾਂ ਦੇਰ ਕਰ ਦਿੱਤੀ। ਜੇ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਪਹਿਲਾਂ ਬੋਲ ਪੈਂਦੇ ਤਾਂ ਲੋਕਾਂ ਨੇ ਉਨ੍ਹਾਂ ਨੂੰ ਹੱਥਾਂ ’ਤੇ ਚੁੱਕ ਲੈਣਾ ਸੀ, ਪਰ ਉਹ ਪਛੜ ਗਏ। ਕੁਝ ਇਸੇ ਤਰ੍ਹਾਂ ‘ਆਪ’ ਦੇ ਖਹਿਰਾ ਅਤੇ ਕੰਵਰ ਧੜੇ ਨੇ ਕੀਤਾ। ਉਹ ਵੀ ਦੇਰ ਤੱਕ ਦਿੱਲੀ ਦੇ ਨੇਤਾਵਾਂ ਦੀਆਂ ਲੇਲ੍ਹੜੀਆਂ ਕੱਢਦੇ ਰਹੇ ਅਤੇ ਆਪਣੀਆਂ ਬੈਠਕਾਂ ਵਿੱਚ ਉਨ੍ਹਾਂ ਦੀਆਂ ਤਸਵੀਰਾਂ ਲਾਉਂਦੇ ਰਹੇ, ਜੋ ਇਸ ਕਰ ਕੇ ਜਾਇਜ਼ ਨਹੀਂ ਸਨ, ਕਿਉਂਕਿ ਬੈਠਕਾਂ ਵਿੱਚ ਉਨ੍ਹਾਂ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਕਰਦੇ ਰਹੇ। ਮੁੱਕਦੀ ਗੱਲ ਤਾਂ ਇਹੀ ਹੈ ਕਿ ਮੰਤਰੀ ਹੋਣ ਜਾਂ ਅਧਿ-ਕਾਰੀ, ਜੱਜ ਹੋਣ ਜਾਂ ਕਿਸੇ ਵੀ ਵਿਭਾਗ ਦੇ ਮੁਖੀ, ਉਨ੍ਹਾਂ ਨੂੰ ਜੁ-ਰਅੱਤ ਨਾਲ ਰਹਿ ਕੇ ਕੰਮ ਕਰਨਾ ਚਾਹੀਦਾ ਹੈ, ਪੂਛ ਹਿਲਾ ਕੇ ਨਹੀਂ। ਉਹ ਦੂਜਿਆਂ ਲਈ ਮਿਸਾਲ ਬਣਨ ਅਤੇ ਵਕਤ ਮੁਤਾਬਕ ਸਹੀ ਭੂਮਿਕਾ ਨਿਭਾਉਣ, ਤਾਂ ਕਿ ਸਮਾਂ ਉਨ੍ਹਾਂ ਨੂੰ ਯਾਦ ਕਰਦਾ ਰਹੇ। ਅਜਿਹਾ ਤਾਂ ਹੀ ਸੰਭਵ ਹੈ, ਜੇ ਉਹ ਸਹੀ ਸਮੇਂ ਸਹੀ ਬੋਲਣ, ਖਾਮੋਸ਼ ਤਾਂ ਬਿਲਕੁਲ ਹੀ ਨਾ ਰਹਿਣ। ਅਜਿਹਾ ਰਹਿਣ ਅਤੇ ਕਹਿਣ ਵਾਲੇ ਹੀ ਦੂਜਿਆਂ ਵਾਸਤੇ ਰਾਹ-ਦਸੇਰਾ ਬਣਨਗੇ ਅਤੇ ਖਾਮੋਸ਼ੀ ਦੀ ਥਾਂ ਵਕਤ ਦੇ ਸੱਚ ਦੀ ਗਵਾਹੀ ਭਰਨਗੇ।

### ਲਤੀਫ਼ੇ ਦਾ ਚਿਹਰਾ-ਮੋਹਰਾ

ਇੱਕ ਬੀਬੀ ਚਿੱਤਰ ਪ੍ਰਦਰਸ਼ਨੀ ਦੇਖ ਕੇ ਚਿੱਤਰਕਾਰ ਨੂੰ ਕਹਿਣ ਲੱਗੀ ਕਿ ਇਹ ਏਨੀ ਬਦਸ਼ਕਲ ਤਸਵੀਰ ਵਾਲੀ ਪ੍ਰਦਰਸ਼ਨੀ ਤੁਸੀਂ ਕਿਉਂ ਲਾਈ?

ਚਿੱਤਰਕਾਰ : ਮਾਫ਼ ਕਰਨਾ ਬੀਬੀ ਜੀ, ਤੁਸਂ ਕਿਸੇ ਚਿੱਤਰ ਅੱਗੇ ਨਹੀਂ, ਸਗੋਂ ਸਾਫ਼ ਸ਼ੀਸ਼ੇ ਮੂਹਰੇ ਖੜੇ ਹੋ।

***

ਦੁਕਾਨਦਾਰ : ਹਾਂ ਜੀ ਭਗਵਾਨ ਰੂਪੀ ਗਾਹਕ ਜੀ, ਤੁਹਾਨੂੰ ਕੀ ਚਾਹੀਦਾ ਹੈ?

ਗਾਹਕ : ਪਹਿਲਾਂ ਲਾੜੀ ਦਿਖਾਉ ਜੀ!

ਦੁਕਾਨਦਾਰ : ਇਹ ਤੁਸੀਂ ਕੀ ਕਹਿ ਰਹੇ ਹੋ?

ਗਾਹਕ : ਤੁਸੀਂ ਬਾਹਰ ਲਿਖ ਕੇ ਲਾਇਆ ਹੋਇਆ ਕਿ ਇੱਥੇ ਵਿਆਹ ਸੰਬੰਧੀ ਸਾਰਾ ਕੁੱਝ ਮਿਲਦੈ।

# “ਪ੍ਰਾਹੁਣੇ” ਕਵਿਤਾ ਨੇ ਮੇਰੀ ਪਛਾਣ ਬਣਾਈ “ਬੂਟਾ ਗੁਲਾਮੀ ਵਾਲਾ”



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਮਨ ਅੰਦਰ ਉੱਠੇ ਵਿਚਾਰਾਂ ਦੇ ਤੂਫਾਨ ਰੂਪੀ ਵਲਵਲਿਆਂ ਨੂੰ ਕੋਰੇ ਕਾਗਜ ਦੀ ਹਿੱਕ ਤੇ ਕਲਮ ਨਾਲ ਝਰੀਟ ਕੇ ਰਚਨਾਵਾਂ ਦਾ ਰੂਪ ਦੇਣਾ ਹਾਰੀ ਸਾਰੀ ਦੇ ਵੱਸ ਵਿੱਚ ਨਹੀ ਹੁੰਦਾ। ਇਨਸਾਨ ਦੀ ਜ਼ਿੰਦਗੀ ਵਿੱਚ ਕੁੱਝ ਅਜਿਹੇ ਵਰਤਾਰੇ ਹੋ ਜਾਂਦੇ ਹਨ ਜਾਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜਿਨ੍ਹਾਂ ਦਾ ਦਿਲ ਦੀਆਂ ਤਹਿਆਂ ਤੱਕ ਅਸਰ ਹੁੰਦਾ ਹੈ ਅਤੇ ਉਹ ਸ਼ਬਦ ਬਣਕੇ ਦਿਲ ਦੀਆਂ ਸਮੁੰਦਰ ਰੂਪੀ ਗਹਿਰਾਈਆਂ ਵਿੱਚੋਂ ਆਪ ਮੁਹਾਰੇ ਵਿਚਾਰ ਰੂਪੀ ਸ਼ਬਦਾਂ ਦੇ ਤੂਫਾਨ ਬਣ ਉਮਡ ਪੈਂਦੀਆਂ ਹਨ ਅਤੇ ਉਹ ਇਨਸਾਨ ਨੂੰ ਲੇਖਕ ਬਣਾ ਦਿੰਦੀ ਹੈ। ਉਸਦੇ ਵਿਚਾਰਾਂ ਦੇ ਰੁਖ ਆਪ ਮੁਹਾਰੇ ਉਸੇ ਪਾਸੇ ਮੁੜ੍ਹ ਪੈਂਦਾ ਹੈ। ਉਹ ਖੇਤਰ ਗੀਤਕਾਰੀ, ਕਵਿਤਾ, ਕਹਾਣੀ, ਲੇਖ,ਨਾਟਕ, ਸੱਭਿਆਚਾਰਕ ਗਤੀਵਿਧੀਆਂ ਗਿੱਧਾ ਆਦਿ ਕੋਈ ਵੀ ਵਿਧਾ ਹੋ ਸਕਦੀ ਹੈ।

ਅਜਿਹਾ ਹੀ ਕੁੱਝ ਬੂਟਾ ਗੁਲਾਮੀ ਵਾਲਾ ਦੇ ਹਿੱਸੇ ਆਇਆ ਹੈ।

ਉਸਦਾ ਪੂਰਾ ਨਾਮ ਬੂਟਾ ਸਿੰਘ ਹੈ ਅਤੇ ਗੁਲਾਮੀ ਵਾਲਾ ਉਸਦੀ ਜੰਮਣ ਭੌਇੰ ਹੈ। ਸਾਹਿਤਕ ਖੇਮੇ ਚ ਉਹ ਬੂਟਾ ਗੁਲਾਮੀ ਵਾਲਾ ਦੇ ਨਾਮ ਜਾਣਿਆ ਜਾਂਦਾ ਹੈ।

ਪੰਜਾਬੀ ਸੱਭਿਆਚਾਰਕ ਅਤੇ ਵਿਰਸੇ ਨੂੰ ਸੰਭਾਲਣਾ, ਯਾਦ ਰੱਖਣਾ ਅਤੇ ਫਿਰ ਬੀਤਿਆ ਹੋਇਆ ਜ਼ਮਾਨਾ ਯਾਦ ਕਰਕੇ ਰਚਨਾਵਾਂ ਦੇ ਰੂਪ ਚ ਲਿਖਣਾ ਬਹੁਤ ਹੀ ਔਖਾ ਕੰਮ ਹੈ, ਪਰ ਬੂਟਾ ਗੁਲਾਮੀ ਵਾਲਾ ਇਹ ਕੰਮ ਮੁਸੱਸਲ ਕਰ ਰਿਹਾ ਹੈ ਅਤੇ ਉਹ ਇਸ ਨੂੰ ਬਾਖੂਬੀ ਨਿਭਾ ਵੀ ਰਿਹਾ ਹੈ।

ਬੂਟਾ ਗੁਲਾਮੀ ਵਾਲਾ ਪਿੰਡ ਗੁਲਾਮ ਪੱਤਰਾ ਜਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੁਰਜੀਤ ਕੌਰ ਦੀ ਪਿਆਰੀ ਬੁੱਕਲ ਦਾ ਸ਼ਿੰਗਾਰ ਅਤੇ ਪਿਤਾ ਬੁੱਢਾ ਸਿੰਘ ਦੇ ਘਰ ਦੀ ਵਲਗਣ ਚ ਖੇੜ੍ਹਾ ਬਣਿਆ। ਉਸਦਾ ਕਹਿਣਾ ਹੈ ਕਿ ਲਿਖਣ ਦੀ ਚੇਟਕ ਉਸ ਨੂੰ ਅੱਠਵੀਂ ਕਲਾਸ ਵਿਚ ਪੜ੍ਹਦਿਆਂ ਹੀ ਲੱਗ ਗਈ ਸੀ। ਸ਼ੁਰੂਆਤੀ ਦੌਰ ਚ ਉਸ ਟਾਇਮ ਮਾੜੇ ਮੋਟੇ ਸ਼ੇਅਰ ਲਿਖੇ ਅਤੇ ਜਲੰਧਰ ਤੋਂ ਛਪਦੇ ਸਪਤਾਹਿਕ ਅਖਬਾਰ "ਸਮਰਾਟ" ਵਿਚ ਛਪਣ ਲੱਗ ਪਏ ਸਨ।ਦੋਸਤਾਂ,ਮਿੱਤਰਾਂ ਅਤੇ ਸਨੇਹੀਆਂ ਦੀ ਹੱਲਾਸ਼ੇਰੀ ਨੇ ਉਤਸ਼ਾਹਿਤ ਕੀਤਾ। ਲਿਖਣ ਦੀ ਗਤੀ ਤੇਜ਼ ਹੋ ਗਈ ਅਤੇ ਬੱਸ ਉਹ ਬੂਟਾ ਸਿੰਘ ਤੋਂ ਬੂਟਾ ਗੁਲਾਮੀ ਵਾਲਾ ਬਣ ਗਿਆ । ਉਸ ਨੂੰ ਲਿਖਣ ਦੀ ਕਲਾ ਭਾਵੇਂ ਪ੍ਰਮਾਤਮਾ ਤੋਂ ਮਿਲੀ ਅਮਾਨਤ ਹੈ ਪਰ ਸਮਾਜਿਕ ਰਵਾਇਤ ਮੁਤਾਬਿਕ ਉਸਨੇ ਸ਼੍ਰੀ ਚਮਨ ਲਾਲ ਸ਼ੁਗਲ ਨੂੰ ਆਪਣਾ ਰਸਮੀ ਗੁਰੂ ਧਾਰ ਲਿਆ। ਲਿਖਣ ਦਾ ਸਫਰ ਬੇਰੋਕ ਚਲਦਾ ਰਿਹਾ। ਬੇਰੁਜ਼ਗਾਰੀ ਦੇ ਥੱਪੜਾਂ ਦਾ ਝੰਬਿਆ ਬੂਟਾ 1990 ਚ ਕੰਮ ਦੀ ਭਾਲ ਚ ਆਪਣਾ ਪਿੰਡ ਛੱਡ ਕੋਟ ਈਸੇ ਖਾ (ਮੋਗਾ) ਵਿਖੇ ਆ ਬਸੇਰਾ ਕਰ ਲਿਆ। ਇਥੇ ਰਹਿੰਦਿਆ ਵੀ ਪਰਿਵਾਰ ਦਾ ਪੇਟ ਪਾਲਣ ਦੇ ਨਾਲ ਨਾਲ ਆਪਣੀ ਲਿਖਣ ਸ਼ੈਲੀ ਨੂੰ ਜਾਰੀ ਰੱਖਿਆ ਅਤੇ ਸੰਪਰਕ ਚ ਲੇਖਕਾਂ ਨੂੰ ਇਕੱਠਿਆਂ ਕਰਕੇ ਸਾਹਿਤ ਸਭਾ ਦਾ ਗਠਨ ਦਿੱਤਾ, ਜਿਸ ਦਾ ਉਹ ਅੱਜ ਵੀ ਪ੍ਰਧਾਨ ਹੈ।

ਬੂਟਾ ਗੁਲਾਮੀ ਵਾਲਾ ਨੇ ਸਭ ਤੋ ਪਹਿਲੀ ਪੁਸਤਕ ਸ਼ੇਅਰੋ ਸ਼ਾਇਰੀ ਦੀ ਛਪਵਾਈ ਜਿਸ ਦੀ ਨੌਜਵਾਨ ਵਰਗ ਵਿਚ ਕਾਫੀ ਚਰਚਾ ਹੋਈ। ਇਸ ਸ਼ਫਰ ਦੌਰਾਨ ਉਸ ਦੇ ਪੰਜਾਬੀ ਸੱਭਿਆਚਾਰਕ, ਵਿਰਸੇ, ਸਮਾਜਿਕ ਸਰੋਕਾਰਾਂ, ਪਰਿਵਾਰਕ ਕਦਰਾਂ ਕੀਮਤਾਂ ਨੂੰ ਦਰਸਾਉਂਦੇ ਲੇਖ, ਕਵਿਤਾਵਾਂ ਅਤੇ ਹੋਰ ਰਚਨਾਵਾਂ ਹਰੇਕ ਅਖਬਾਰ ਰਸ਼ਾਲੇ ਵਿਚ ਛਪਣ ਲੱਗ ਪਏ, ਜਿਹਨਾਂ ਵਿਚ "ਗੂੜ੍ਹਾ ਸਿਆਲ ਬੇਬੇ ਦਾ ਸਾਗ ਮੱਕੀ ਦੀ ਰੋਟੀ," "ਵਿਆਹ ਵਾਲੇ ਘਰ ਦੀ ਪਹਿਚਾਣ ਸੀ ਲਾਉਡ ਸਪੀਕਰ", "ਮਾਈ ਲਾਲੀ ਦੀ ਭੱਠੀ ਤੇ ਮੇਰਾ ਪਿੰਡ", "ਬੀਤੇ ਸਮੇਂ ਦਾ ਬਲਬ ਸੀ ਲਾਲਟੈਨ", "ਪਿੰਡਾਂ ਦੀ ਪ੍ਰਾਹੁਣਚਾਰੀ", "ਪੰਜਾਬੀ ਵਿਰਸੇ ਵਿੱਚ ਛੱਜ"," ਆਓ ਤੱਤਾ ਤੱਤਾ ਗੁੜ ਖਵਾਈਏ", "ਪੱਖੀ ਘੁੰਗਰੂਆਂ ਵਾਲੀ", "ਦਾਤੀ ਨੂੰ ਲਵਾ ਦੇ ਘੁੰਗਰੂ" ਆਦਿ ਲੇਖ ਬਹੁਤ ਮਕਬੂਲ ਹੋਏ ਹਨ। ਉਸਨੂੰ 2008 ਅਤੇ 2013 ਵਿੱਚ ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਤੇ ਜੱਥੇ ਦੇ ਨਾਲ ਪਾਕਿਸਤਾਨ ਜਾਣ ਦਾ ਮੋਕਾ ਮਿਲਿਆ ਅਤੇ ਇਹਨਾਂ ਦੋ ਯਾਤਰਾਵਾਂ ਨੂੰ ਉਸਨੇ ਇਕ ਪੁਸਤਕ ਦਾ ਰੂਪ "ਪਾਕਿਸਤਾਨ ਜਿਹੋ ਜਿਹਾ ਮੈ ਵੇਖਿਆ" ਸਫ਼ਰਨਾਮਾ ਛਪਵਾਇਆ, ਜੋ ਇੱਕ ਦੂਹਰੇ ਤੀਹਰੇ ਅਰਥਾਂ ਤੋਂ ਹਟ ਕੇ ਇੱਕ ਠੇਠ ਪੰਜਾਬੀ ਵਿੱਚ ਸੀ। ਇਸ ਸਫ਼ਰਨਾਮੇ ਨੇ ਬੂਟਾ ਗੁਲਾਮੀ ਵਾਲਾ ਨੂੰ ਉੱਚ ਕੋਟੀ ਦੇ ਲੇਖਕਾਂ ਵਿੱਚ ਲਿਆ ਖੜ੍ਹਾ ਕਰ ਦਿੱਤਾ। ਉਸ ਦਾ ਇਹ ਸਫ਼ਰਨਾਮਾ ਧੜਾਧੜ ਵਿਕਿਆ ਸੀ। ਉਸ ਵੱਲੋਂ ਲਿਖੀ ਗਈ ਠੇਠ ਪੰਜਾਬੀ ਭਾਸ਼ਾ ਦੀ ਵੀ ਸਾਹਿਤਕ ਹਲਕਿਆਂ ‘ਚ ਖੂਬ ਚਰਚਾ ਹੋਈ ਸੀ।ਬਾਅਦ ਵਿਚ ਇਸ ਦੇ ਤਿੰਨ ਅਡੀਸ਼ਨ ਛਪੇ ਸਨ । ਦੋ ਸਾਲਾਂ ਦੇ ਵਕਫੇ ਪਿੱਛੋਂ ਉਸ ਨੇ ਇਕ ਹੋਰ ਧਾਰਮਿਕ "ਸ਼੍ਰੀ ਹੇਮਕੁੰਟ ਸਾਹਿਬ ਸਫ਼ਰਨਾਮਾ" ਛਪਵਾਇਆ,ਇਹ ਵੀ ਕਾਫੀ ਮਕਬੂਲ ਹੋਇਆ ਸੀ। ਉਸਦੀਆਂ ਬਹੁਤ ਸਾਰੀਆਂ ਪੰਜਾਬੀ ਵਿਰਸੇ ਨਾਲ ਸਬੰਧਿਤ ਪਾਏਦਾਰ ਰਚਨਾਵਾਂ ਦੇਸ਼ ਵਿਦੇਸ਼ ਦੇ ਅਖਬਾਰਾਂ , ਰਸ਼ਾਲਿਆ, ਫੇਸਬੁੱਕ, ਵੱਟਸਐਪ, ਯੂ ਟਿਊਬ ਆਦਿ ਸੋਸ਼ਲ ਸਾਇਟਾਂ ਤੇ ਚੰਗਾ ਸਥਾਨ ਰੱਖਦੀਆ ਹਨ। ਇਹਨਾਂ ਵਿੱਚੋਂ ਜ਼ਿੰਦਗੀ ਦਾ ਗੀਤ, ਘੁੰਡ ਵਾਲੀ ਵਹੁਟੀ, ਬੇਬੇ ਦੀ ਰਗੜੀ ਚਿੱਬੜਾ ਦੀ ਚਟਣੀ, ਸੁਪਨਾ, ਪ੍ਰਾਹੁਣੇ, ਸਾਇਕਲ, ਬਾਪੂ, ਪਿੰਡ ਦੀ ਹਵਾ, ਮਾਂ ਦਾ ਗੀਤ ਆਦਿ ਨੇ ਸਾਹਿਤਕ ਹਲਕਿਆ ਵਿੱਚ ਵੀ ਖੂਬ ਚਰਚਾ ਛੇੜੀ ਹੈ।




ਬੂਟਾ ਗੁਲਾਮੀ ਵਾਲਾ ਦਾ ਕਹਿਣਾ ਹੈ ਕਿ ਭਾਵੇਂ ਥੋੜ੍ਹਾ ਲਿਖੋ, ਪਰ ਸੱਭਿਆਚਾਰਕ, ਸਾਹਿਤਕ ਅਤੇ ਪਰਿਵਾਰਕ ਲਿਖੋ। ਤੁਹਾਡੀ ਲਿਖਤ ਲੱਚਰਤਾ ਚ ਲਬਰੇਜ਼ ਸ਼ਬਦਾਂ ਤੋਂ ਮੁਕਤ ਹੋਣੀ ਚਾਹੀਦੀ ਹੈ। ਚੰਗਾ ਲਿਖੋ ਜੋ ਸਾਰੇ ਪਰਿਵਾਰ, ਰਿਸ਼ਤੇਦਾਰ, ਯਾਰਾਂ ਦੋਸਤਾਂ, ਬੇਲੀ ਜੁੰਡਲੀ ਵਿੱਚ ਬੈਠ ਕੇ ਬੜ੍ਹੇ ਫ਼ਖਰ ਨਾਲ ਬੇਝਿਜਕ ਸੁਣਾਈ ਜਾ ਸਕੇ ਅਤੇ ਤੁਹਾਨੂੰ ਸ਼ਰਮਸ਼ਾਰ ਹੋਕੇ ਸਿਰ ਨਾ ਨੀਵਾ ਕਰਨਾ ਪਏ।

ਬੂਟਾ ਗੁਲਾਮੀ ਵਾਲਾ ਨੂੰ ਭਵਿੱਖ ਦੀਆਂ ਯੋਜਨਾਵਾਂ ਬਾਰੇ ਪੁੱਛਣ ਤੇ ਉਸਦਾ ਕਹਿਣਾ ਹੈ, "ਯਾਰ ਅਜੇ ਤਾਂ ਮੈਂ ਸੇਰ ‘ਚੋਂ ਪੂਣੀ ਵੀ ਨਹੀਂ ਕੱਤੀ। ਅਜੇ ਬਹੁਤ ਕੁੱਝ ਲਿਖਣਾ ਬਾਕੀ ਹੈ। ਉਹ ਰਚਨਾ ਲਿਖਣ ਸਮੇਂ ਜਿਹਨ ਚ ਰੱਖਦਾ ਹੈ ਕਿ ਇਹੋ ਜਿਹਾ ਲਿਖਿਆ ਜਾਵੇ, ਜਿਸ ਵਿੱਚੋਂ ਪਾਠਕਾਂ ਅਤੇ ਸਰੋਤਿਆਂ ਨੂੰ ਕੋਈ ਸੇਧ, ਕੋਈ ਚੰਗਾ ਸੁਨੇਹਾ ਮਿਲ ਸਕੇ ਅਤੇ ਮੈਂ ਦਾਅਵੇ ਅਤੇ ਮਾਣ ਨਾਲ ਕਹਿ ਸਕਾਂ ਕਿ ਇਹ ਮੇਰੀ ਰਚਨਾ ਹੈ।

ਬੂਟਾ ਗੁਲਾਮੀ ਵਾਲਾ ਸਾਹਿਤਿਕ ਪਿੜ ਨੂੰ ਪੂਰੀ ਤਰ੍ਹਾਂ ਸਮੱਰਪਿਤ ਹੈ। ਪੰਜਾਬੀ ਮਾਂ ਬੋਲੀ, ਪੰਜਾਬੀਅਤ ਅਤੇ ਪੰਜਾਬੀ ਸਾਹਿਤ ਨੂੰ ਹਮੇਸ਼ਾ ਜਿਉਂਦਾ ਰੱਖਣ ਲਈ ਅਤੇ ਆਪਣੀ ਸਾਹਿਤਕ ਲਗਨ ਨੂੰ ਹੋਰ ਪਕੇਰੀ ਕਰਨ ਲਈ ਹੀ ਉਹ ਹਰ ਮਹੀਨੇ ਸਭਾ ਦੀ ਮੀਟਿੰਗ ਬਹੁਤ ਸਾਰੇ ਸਾਹਿਤਕ ਦੋਸਤਾਂ ਮਿੱਤਰਾਂ ਦੀ ਭਰਵੀਂ ਹਾਜ਼ਰੀ ਵਿੱਚ ਕਰਦੇ ਹਨ। ਕਾਫੀ ਸਾਰੇ ਦੋਸਤ ਮਿੱਤਰ ਇਸ ਵਿਚ ਸ਼ਾਮਿਲ ਹੁੰਦੇ ਹਨ, ਜਿੱਥੋਂ ਉਸਨੂੰ ਆਪ ਵੀ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਬੂਟੇ ਦਾ ਕਹਿਣਾ ਹੈ ਕਿ ਘਰ ਬੈਠ ਕੇ ਲਿਖਤਾਂ ਰਚਨਾਵਾਂ ਨਹੀ ਬਣਦੀਆਂ। ਲੋਕਾਂ ਵਿੱਚ ਵਿਚਰ ਕੇ ਦੁਖ ਸੁਖ ਸੁਣ ਕੇ ਸਮਾਜਿਕ ਇੱਛਾਈਆਂ, ਬੁਰਾਈਆਂ ਨੂੰ ਬਹੁਤ ਨੇੜਿਓ ਤੱਕ ਕੇ, ਮਾਣ ਕੇ, ਹੰਢਾ ਕੇ ਹੀ ਲਿਖਿਆ ਜਾ ਸਕਦਾ ਹੈ, ਸਿਰਜਿਆ ਜਾ ਸਕਦਾ ਹੈ, ਰੰਗ ਭਰਿਆ ਜਾ ਸਕਦਾ ਹੈ।

ਜੇਕਰ ਮਾਣ ਸਨਮਾਨ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਇਨਾਮ ਸਨਮਾਨ ਬੂਟਾ ਜੀ ਦੀ ਝੋਲੀ ਵਿਚ ਪਏ ਹਨ, ਜੋ ਉਸ ਨੂੰ "ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ" ਸਫ਼ਰਨਾਮਾ ਲਿਖਣ ਕਰਕੇ ਮਿਲੇ ਹਨ।ਪੰਜਾਬ ਹੀ ਨਹੀਂ, ਪੰਜਾਬ ਤੋਂ ਬਾਹਰ ਰਾਜਸਥਾਨ ਅਤੇ ਪੰਜਾਬ ਵਿੱਚ ਵੀ ਸਾਹਿਤਕ ਸੰਸਥਾਵਾਂ ਨੇ ਸਨਮਾਨਿਤ ਕੀਤਾ ਹੈ। ਉਸ ਨੂੰ ਅਕਾਲੀ ਸਰਕਾਰ ਮੌਕੇ ਮੱਖਣ ਬਰਾੜ ਜੀ,ਜੋ ਉਸ ਵੇਲੇ ਚੇਅਰਮੈਨ ਸਨ, ਨੇ ਘਰ ਆਕੇ ਸਨਮਾਨਿਤ ਕੀਤਾ ਸੀ, ਜਿਸ ਦਾ ਉਹ ਤਹਿ ਦਿਲੋਂ ਧੰਨਵਾਦੀ ਹੈ। ਗੁਲਾਮੀ ਵਾਲਾ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਬਹੁਤ ਸਾਰੀਆਂ ਵਧੀਆ ਕਲਮਾਂ ਗਰੀਬੀ ਵਿੱਚ ਦੱਬੀਆਂ ਪਈਆਂ ਹਨ ਅਤੇ ਦੱਬੀਆਂ ਹੀ ਰਹਿ ਜਾਂਦੀਆਂ ਹਨ, ਕਿਉਂਕਿ ਪੈਸੇ ਤੋਂ ਬਿਨਾਂ ਅੱਗੇ ਵਧਣਾ ਔਖਾ ਵੀ ਹੈ। ਅੱਜਕੱਲ੍ਹ ਤਾਂ ਕਿਤਾਬਾਂ ਛਾਪਣ ਵਾਲੇ ਵੀ ਪੈਸੇ ਲੈ ਕੇ ਛਾਪਦੇ ਹਨ ਉਹ ਮੈਟਰ ਨੂੰ ਪੜਦੇ ਵੀ ਨਹੀਂ, ਪੈਸੇ ਨਾਲ ਤੁਸੀਂ ਕੁੱਝ ਵੀ ਛਪਵਾ ਲਉ, ਪਰ ਉਹ ਵਿਕਦਾ ਨਹੀਂ। ਲੋਕਾਂ ਚ ਪੜ੍ਹਨ ਦਾ ਰੁਝਾਨ ਮੋਬਾਇਲ ਫੋਨਾਂ ਨੇ ਖਤਮ ਕਰ ਦਿੱਤਾ ਹੈ। ਇਸ ਪਾਸੇ ਵੱਲ੍ਹ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਜਿਹੜੀ ਕਲਮ ਵਿਚ ਦਮ ਹੈ, ਉਸ ਦੀ ਪੁਸਤਕ ਫਰੀ ਛਪਣੀ ਚਾਹੀਦੀ ਹੈ ਅਤੇ ਲੇਖਕ ਨੂੰ ਉਸ ਦੀ ਸਾਲਾਂ ਬੱਧੀ ਕੀਤੀ ਮਿਹਨਤ ਦਾ ਮਿਹਨਤਾਨਾ ਵੀ ਮਿਲਣਾ ਚਾਹੀਦਾ ਹੈ,ਨਹੀ ਤਾਂ ਆਉਣ ਵਾਲੇ ਸਮੇਂ ਵਿੱਚ ਲੇਖਕਾਂ ਦੀ ਗਿਣਤੀ ਬਹੁਤ ਘਟ ਜਾਵੇਗੀ। ਉਸਦਾ ਕਹਿਣਾ ਹੈ ਕਿ ਵਾਹਿਗੁਰੂ ਜੀ ਦੀ ਮਿਹਰ ਸਦਕਾ ਜਦੋਂ ਤੱਕ ਜ਼ਿੰਦਗੀ ਹੈ, ਲਿਖਦੇ ਰਹਾਂਗੇ। ਅੰਤ ਵਿਚ ਗੁਲਾਮੀ ਵਾਲਾ ਨੇ ਦੱਸਿਆ ਕਿ ਮੇਰੀ "ਪ੍ਰਾਹੁਣੇ" ਕਵਿਤਾ ਏ ਵੰਨ ਪੰਜਾਬੀ ਨਿਊਜ਼ ਚੈਨਲ ਤੇ ਚਲ ਰਹੀ ਹੈ। ਉਸਨੂੰ ਪਾਠਕਾਂ ਅਤੇ ਸਰੋਤਿਆਂ ਵੱਲੋਂ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਹ ਏ ਵੰਨ ਨਿਊਜ਼ ਚੈਨਲ ਦੇ ਸੋਮ ਸਹੋਤਾ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰਾਨਾ ਕਰਦਾ ਹੈ, ਜਿਨ੍ਹਾਂ ਦੀ ਬਦੌਲਤ ਸਰੋਤਿਆਂ ਦੇ ਰੂਬਰੂ ਹੋਣ ਦਾ ਮੌਕਾ ਮਿਲਿਆ ਸੀ। ਜਲਦੀ ਹੀ ਉਹ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਦੀ ਸਾਂਝੀ ਪੁਸਤਕ ਜਲਦੀ ਹੀ ਪਾਠਕਾਂ ਦੇ ਰੂਬਰੂ ਕਰਨ ਜਾ ਰਿਹਾ ਹੈ। ਸਾਡੀ ਵੀ ਦਿਲੋਂ ਦੁਆ ਹੈ ਕਿ ਇਸ ਲੇਖਕ ਦੀ ਕਲਮ ਵਗਦੇ ਅੱਲੜ੍ਹ ਦਰਿਆ ਦੇ ਵਹਿਣ ਵਾਂਗ ਮੁਸੱਸਲ ਵਗਦੀ ਰਵੇ।

ਆਮੀਨ!!!

# ਹਿੰਦੀ ਕਹਾਣੀ

# ਮੈਂ ਹਿੰਦੂ ਹਾਂ

ਕੇਹਰ ਸ਼ਰੀਫ
+49 173 3546050



ਅਸਗਰ ਵਜਾਹਤ
ਅਨੁਵਾਦ– ਕੇਹਰ ਸ਼ਰੀਫ਼

ਅਜਿਹੀ ਚੀਕ ਕਿ ਮੁਰਦੇ ਵੀ ਕਬਰ ਵਿੱਚੋਂ ਉੱਠਕੇ ਖੜ੍ਹੇ ਹੋ ਜਾਣ। ਇਵੇਂ ਲੱਗਾ ਕਿ ਅਵਾਜ਼ ਜਿਵੇਂ ਕੰਨਾਂ ਦੇ ਬਿਲਕੁੱਲ ਨੇੜਿਉਂ ਆਈ ਹੋਵੇ। ਉਸ ਹਾਲਤ 'ਚ.... ਮੈਂ ਉਛਲ ਕੇ ਮੰਜੇ 'ਤੇ ਉੱਠ ਬੈਠਾ। ਅਸਮਾਨ ਵਿਚ ਅਜੇ ਵੀ ਤਾਰੇ ਸਨ.... ਸ਼ਾਇਦ ਰਾਤ ਦੇ ਤਿੰਨ ਬੱਜੇ ਹੋਣਗੇ। ਅੱਬਾ ਜਾਨ ਵੀ ਉੱਠ ਬੈਠੇ। ਚੀਕ ਫੇਰ ਸੁਣਾਈ ਦਿੱਤੀ। ਸੈਫੂ ਆਪਣੇ ਢਿੱਲੇ ਮੰਜੇ 'ਤੇ ਪਿਆ ਚੀਖ ਰਿਹਾ ਸੀ। ਵਿਹੜੇ ਵਿਚ ਇਕ ਸਿਰਿਉਂ ਸਭ ਦੇ ਮੰਜੇ ਡੱਠੇ ਸਨ। "ਲਾਹੌਲ ਵਿਲਾ ਕੁਵੱਅਤ ...." ਅੱਬਾ ਜਾਨ ਨੇ ਲਾਹੌਲ ਪੜ੍ਹੀ। "ਖੁਦਾ ਜਾਣੇ ਇਹ ਸੁੱਤਾ ਪਿਆ ਰੌਲਾ ਕਿਉਂ ਪਾਉਣ ਲੱਗ ਪੈਂਦਾ ਹੈ" ਅੰਮਾਂ ਬੋਲੀ।

"ਅੰਮਾਂ ਇਹਨੂੰ ਰਾਤ ਭਰ ਮੁੰਡੇ ਡਰਾਉਂਦੇ ਹਨ...." ਮੈਂ ਦੱਸਿਆ।

"ਉਨ੍ਹਾਂ ਮਰ ਜਾਣਿਆਂ ਨੂੰ ਵੀ ਚੈਨ ਨਹੀਂ ਆਉਂਦਾ..... ਲੋਕਾਂ ਦੀ ਜਾਨ ਨੂੰ ਬਣੀ ਐ ਤੇ ਉਨ੍ਹਾਂ ਨੂੰ ਸ਼ਰਾਰਤਾਂ ਸੁੱਝਦੀਆਂ ਹਨ" ਅੰਮਾਂ ਕਹਿਣ ਲੱਗੀ।

ਸਫੀਆ ਨੇ ਚਾਦਰ ਵਿਚੋਂ ਮੂੰਹ ਬਾਹਰ ਕੱਢਦਿਆਂ ਕਿਹਾ "ਇਹਨੂੰ ਕਹੋ ਕਿ ਛੱਤ ਉੱਤੇ ਸੌਂਇਆ ਕਰੇ"

ਸੈਫੂ ਅਜੇ ਤੱਕ ਨਹੀਂ ਜਾਗਿਆ ਸੀ। ਮੈਂ ਉਸਦੇ ਮੰਜੇ ਕੋਲ ਗਿਆ ਅਤੇ ਝੁਕ ਕੇ ਦੇਖਿਆ ਤਾਂ ਉਸਦੇ ਚਿਹਰੇ 'ਤੇ ਪਸੀਨਾ ਸੀ। ਵਾਲ਼ ਪਸੀਨੇ ਨਾਲ ਤਰ ਹੋਏ ਪਏ ਸਨ ਅਤੇ ਕੁੱਝ ਲਟਾਂ ਮੱਥੇ ਉੱਤੇ ਚਿਪਕ ਗਈਆਂ ਸਨ। ਮੈਂ ਸੈਫੂ ਨੂੰ ਦੇਖਦਾ ਰਿਹਾ ਅਤੇ ਉਨ੍ਹਾਂ ਮੁੰਡਿਆਂ ਦੇ ਪ੍ਰਤੀ ਮਨ ਵਿਚ ਗੁੱਸਾ ਆਉਂਦਾ ਰਿਹਾ ਜਿਹੜੇ ਉਸਨੂੰ ਡਰਾਉਂਦੇ ਹਨ।

ਉਦੋਂ ਦੰਗੇ ਇੰਜ ਨਹੀਂ ਹੁੰਦੇ ਸਨ ਜਿਵੇਂ ਅਜ-ਕਲ ਹੁੰਦੇ ਹਨ। ਦੰਗਿਆਂ ਦੇ ਪਿੱਛੇ ਲੁਕੀ ਰਾਜਨੀਤੀ, ਰਣਨੀਤੀ, ਕਾਰਜਵਿਧੀ ਅਤੇ ਰਫਤਾਰ ਵਿਚ ਬਹੁਤ ਤਬਦੀਲੀ ਆਈ ਹੈ। ਅੱਜ ਤੋਂ ਪੰਝੀ ਤੀਹ ਸਾਲ ਪਹਿਲਾਂ ਨਾ ਤਾਂ ਲੋਕਾਂ ਨੂੰ ਜੀਉਂਦਿਆਂ ਸਾੜਿਆ ਜਾਂਦਾ ਸੀ ਅਤੇ ਨਾ ਹੀ ਸਮੁੱਚੀਆਂ ਬਸਤੀਆਂ ਉਜਾੜ ਦਿੱਤੀਆਂ ਜਾਂਦੀਆਂ ਸਨ। ਉਸ ਜ਼ਮਾਨੇ ਵਿਚ ਪ੍ਰਧਾਨ ਮੰਤਰੀਆਂ, ਗ੍ਰਹਿ ਮੰਤਰੀਆਂ ਅਤੇ ਮੁੱਖ ਮੰਤਰੀਆਂ ਦਾ ਅਸ਼ੀਰਵਾਦ ਵੀ ਦੰਗਾਕਾਰੀਆਂ ਨੂੰ ਨਹੀਂ ਮਿਲਦਾ ਸੀ। ਇਹ ਕੰਮ ਛੋਟੇ-ਮੋਟੇ ਸਥਾਨਕ ਨੇਤਾ ਆਪਣਾ ਲੋਕਲ ਤੇ ਘਟੀਆ ਕਿਸਮ ਦਾ ਸਵਾਰਥ ਪੂਰਾ ਕਰਨ ਵਾਸਤੇ ਕਰਦੇ ਸਨ। ਵਿਉਪਾਰਕ ਸ਼ਰੀਕੇਬਾਜ਼ੀ, ਜ਼ਮੀਨ 'ਤੇ ਕਬਜ਼ਾ ਕਰਨਾ, ਮਿਉਂਸਪੈਲਟੀਆਂ ਦੀਆਂ ਚੋਣਾਂ ਵਿਚ ਹਿੰਦੂ ਜਾਂ ਮੁਸਲਿਮ ਵੋਟ ਠਗਣ ਵਰਗੇ ਉਦੇਸ਼ ਹੋਇਆ ਕਰਦੇ ਸਨ। ਹੁਣ ਤਾਂ ਦਿੱਲੀ ਦਰਬਾਰ 'ਤੇ ਕਬਜ਼ਾ ਕਰਨ ਵਾਸਤੇ ਸਾਧਨ ਬਣ ਗਏ ਹਨ ਫਿਰਕਾਪ੍ਰਸਤ ਦੰਗੇ। ਦੁਨੀਆਂ ਦੇ ਵਿਸ਼ਾਲ ਲੋਕਤੰਤਰ ਦੇ ਨੱਕ ਵਿਚ ਉਹ ਹੀ ਨੱਥ ਪਾ ਸਕਦਾ ਹੈ ਜੋ ਫਿਰਕੂ ਹਿੰਸਾ ਅਤੇ ਨਫਰਤ ਦੇ ਆਸਰੇ ਖੂਨ ਦੀਆਂ ਨਦੀਆਂ ਬਹਾ ਸਕਦਾ ਹੋਵੇ।

ਸੈਫੂ ਨੂੰ ਜਗਾਇਆ ਗਿਆ। ਉਹ ਬੱਕਰੀ ਦੇ ਮਾਸੂਮ ਛਲਾਰੂ ਦੀ ਤਰ੍ਹਾਂ ਚਾਰੇ ਪਾਸੇ ਇੰਜ ਦੇਖ ਰਿਹਾ ਸੀ ਜਿਵੇਂ ਮਾਂ ਨੂੰ ਲੱਭ ਰਿਹਾ ਹੋਵੇ। ਅੱਬਾ ਜਾਨ ਨੂੰ ਮਤ੍ਰੇਏ ਭਰਾ ਦੀ ਸਭ ਤੋਂ ਛੋਟੀ ਔਲਾਦ ਸੈਫੂ ਦੀਨ ਉਰਫ ਸੈਫੂ ਨੇ ਜਦੋਂ ਆਪਣੇ ਆਪ ਨੂੰ ਘਰ ਦੇ ਸਭ ਜੀਆਂ ਵਿਚ ਘਿਰਿਆ ਦੇਖਿਆ ਤਾਂ ਹੱਕਾ ਬੱਕਾ ਜਿਹਾ ਹੋ ਕੇ ਖੜ੍ਹਾ ਹੋ ਗਿਆ।

ਸੈਫੂ ਦੇ ਅੱਬਾ ਕੌਸਰ ਚਾਚਾ ਦੇ ਮਰਨ ਦਾ ਆਇਆ ਇਕ ਖੂੰਜੇ ਤੋਂ ਪਾੜਿਆ ਹੋਇਆ ਕਾਰਡ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਪਿੰਡ ਵਾਲਿਆਂ ਨੇ ਕਾਰਡ ਵਿਚ ਕੌਸਰ ਚਾਚਾ ਦੇ ਮਰਨ ਦੀ ਖ਼ਬਰ ਹੀ ਨਹੀਂ ਦਿੱਤੀ ਸੀ ਸਗੋਂ ਇਹ ਵੀ ਲਿਖਿਆ ਸੀ ਕਿ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਸੈਫੂ ਹੁਣ ਇਸ ਦੁਨੀਆਂ ਵਿਚ ਬਿਲਕੁੱਲ ਇਕੱਲਾ ਰਹਿ ਗਿਆ ਹੈ। ਸੈਫੂ ਦੇ ਵੱਡੇ ਭਰਾ ਉਸਨੂੰ ਆਪਣੇ ਨਾਲ ਬੰਬਈ ਨਹੀਂ ਲੈ ਕੇ ਗਏ। ਉਨ੍ਹਾਂ ਨੇ ਸਾਫ ਆਖ ਦਿੱਤਾ ਹੈ ਕਿ ਸੈਫੂ ਵਾਸਤੇ ਉਹ ਕੁੱਝ ਨਹੀਂ ਕਰ ਸਕਦੇ। ਹੁਣ ਅੱਬਾ ਜਾਨ ਤੋਂ ਬਿਨਾ ਦੁਨੀਆਂ ਵਿਚ ਉਸਦਾ ਕੋਈ ਨਹੀਂ ਹੈ। ਇਕ ਖੂੰਜੇ ਤੋਂ ਪਾਟਿਆ ਪੋਸਟ ਕਾਰਡ ਫੜੀ ਅੱਬਾ ਜਾਨ ਬਹੁਤ ਦੇਰ ਤੱਕ ਚੁੱਪ ਬੈਠੇ ਰਹੇ ਸਨ। ਅੰਮਾਂ ਨਾਲ ਕਈ ਵਾਰ ਲੜਾਈ ਹੋਣ ਤੋਂ ਬਾਅਦ ਅੱਬਾ ਜਾਨ ਜੱਦੀ ਪਿੰਡ ਧਨਵਾ ਖੇੜਾ ਗਏ ਸਨ ਅਤੇ ਬਚੀ-ਖੁਚੀ ਜ਼ਮੀਨ ਵੇਚ ਸੈਫੂ ਨੂੰ ਨਾਲ ਲੈ ਕੇ ਵਾਪਸ ਆਏ ਸਨ। ਸੈਫੂ ਨੂੰ ਦੇਖਕੇ ਸਾਨੂੰ ਸਭ ਨੂੰ ਹਾਸਾ ਆਇਆ ਸੀ। ਕਿਸੇ ਗੰਵਾਰ ਲੜਕੇ ਨੂੰ ਦੇਖਕੇ ਅਲੀਗੜ ਮੁਸਲਿਮ ਯੂਨੀਵਰਸਿਟੀ ਦੇ ਸਕੂਲ ਵਿਚ ਪੜ੍ਹਨ ਵਾਲਾ ਨੌਜਵਾਨ ਅਤੇ ਅਬਦੁੱਲਾ ਗਰਲਜ਼ ਕਾਲਜ ਦੇ ਸਕੂਲ ਵਿਚ ਪੜ੍ਹਨ ਵਾਲੀ ਸਫੀਆ ਦੀ ਹੋਰ ਕੀ ਪ੍ਰਤੀਕ੍ਰਿਆ ਹੋ ਸਕਦੀ ਸੀ। ਪਹਿਲੇ ਦਿਨ ਹੀ ਅਜਿਹਾ ਲੱਗਾ ਸੀ ਕਿ ਸੈਫੂ ਸਿਰਫ ਗੰਵਾਰ ਹੀ ਨਹੀਂ ਸਗੋਂ ਨੀਮ ਪਾਗਲ ਹੋਣ ਦੀ ਹੱਦ ਤੱਕ ਸਿੱਧਾ ਜਾਂ ਬੇਵਕੂਫ ਹੈ। ਅਸੀਂ ਉਸਨੂੰ ਵੱਖੋ ਵੱਖ ਤਰ੍ਹਾਂ ਚਿੜਾਇਆ ਜਾਂ ਬੇਵਕੂਫ ਬਣਾਇਆ ਕਰਦੇ ਸੀ। ਇਸਦਾ ਇਕ ਫਾਇਦਾ ਸੈਫੂ ਨੂੰ ਇਹ ਹੋਇਆ ਕਿ ਅੱਬਾ ਜਾਨ ਤੇ ਅੰਮਾਂ ਜਾਨ ਦਾ ਉਸਨੇ ਦਿਲ ਜਿੱਤ ਲਿਆ। ਸੈਫੂ ਮਿਹਨਤ ਦਾ ਪੁਤਲਾ ਸੀ। ਕੰਮ ਕਰਦਿਆਂ ਕਦੀ ਨਹੀਂ ਥੱਕਦਾ ਸੀ। ਅੰਮਾਂ ਨੂੰ ਉਸਦੀ ਇਹ 'ਅਦਾ' ਬਹੁਤ ਪਸੰਦ ਸੀ। ਜੇ ਉਹ ਦੋ ਰੋਟੀਆਂ ਵੱਧ ਖਾਂਦਾ ਹੈ ਤਾਂ ਕੀ? ਕੰਮ ਵੀ ਤਾਂ ਜਾਨ ਤੋੜ ਕੇ ਕਰਦਾ ਹੈ। ਸਾਲਾਂ ਦੇ ਸਾਲ ਲੰਘਦੇ ਗਏ ਤੇ ਸੈਫੂ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਗਿਆ। ਅਸੀਂ ਸਾਰੇ ਉਸ ਨਾਲ ਸਹਿਜ ਹੁੰਦੇ ਚਲੇ ਗਏ। ਹੁਣ ਮਹੱਲੇ ਦਾ ਕੋਈ ਮੁੰਡਾ ਉਸਨੂੰ ਪਾਗਲ ਕਹਿ ਦਿੰਦਾ ਤਾਂ ਮੈਂ ਉਸਦਾ ਮੂੰਹ ਭੰਨ ਦਿੰਦਾ ਸੀ। ਸਾਡਾ ਭਰਾ ਹੈ ਤੂੰ ਪਾਗਲ ਕਿਹਾ ਕਿਵੇਂ? ਪਰ ਘਰ ਦੇ ਅੰਦਰ ਸੈਫੂ ਦੀ ਹੈਸੀਅਤ ਕੀ ਸੀ ਇਹ ਅਸੀਂ ਹੀ ਜਾਣਦੇ ਸਾਂ। ਸ਼ਹਿਰ ਵਿਚ ਦੰਗਾ ਉਵੇਂ ਹੀ ਸ਼ੁਰੂ ਹੋਇਆ ਜਿਵੇਂ ਹੋਇਆ ਕਰਦਾ ਸੀ, ਭਾਵ ਮਸਜਿਦ ਵਿਚ ਕਿਸੇ ਨੂੰ ਇਕ ਪੋਟਲੀ ਮਿਲੀ ਸੀ ਜਿਸ ਵਿਚ ਕਿਸੇ ਕਿਸਮ ਦਾ ਗੋਸ਼ਤ (ਮਾਸ) ਸੀ। ਅਤੇ ਗੋਸ਼ਤ ਨੂੰ ਦੇਖੇ ਬਗੈਰ ਹੀ ਇਹ ਤੈਅ ਕਰ ਲਿਆ ਗਿਆ ਸੀ ਕਿਉਂਕਿ ਉਹ ਮਸਜਿਦ ਵਿਚ ਸੁੱਟਿਆ ਗਿਆ ਹੈ ਇਸ ਕਰਕੇ ਇਹ ਸੂਰ ਦੇ ਗੋਸ਼ਤ ਤੋਂ ਬਿਨਾ ਹੋਰ ਕਿਸੇ ਜਾਨਵਰ ਦਾ ਹੋ ਹੀ ਨਹੀਂ ਸਕਦਾ। ਇਸ ਦੇ ਬਦਲੇ ਵਿਚ ਮੁਗਲਪੁਰਾ ਮੁਹੱਲੇ ਵਿਚ ਗਾਂ ਵੱਢ ਦਿੱਤੀ ਗਈ ਸੀ ਅਤੇ ਦੰਗਾ ਭੜਕ ਪਿਆ ਸੀ। ਕੁੱਝ ਦੁਕਾਨਾਂ ਸੜੀਆਂ ਸਨ ਅਤੇ ਬਹੁਤੀਆਂ ਲੁੱਟੀਆਂ ਗਈਆਂ ਸਨ। ਚਾਕੂ, ਛੁਰੀ ਦੀਆਂ ਵਾਰਦਾਤਾਂ ਵਿਚ ਲੱਗਭੱਗ ਸੱਤ ਅੱਠ ਲੋਕ ਮਰੇ ਸਨ। ਪਰ ਪ੍ਰਸ਼ਾਸਨ ਇੰਨਾ ਸੰਵੇਦਨਸ਼ੀਲ ਸੀ ਕਿ ਕਰਫਿਊ ਲਾ ਦਿੱਤਾ ਗਿਆ ਸੀ। ਅਜ ਕਲ ਵਾਲੀ ਗੱਲ ਨਹੀਂ ਸੀ ਕਿ ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਵੀ ਮੁੱਖ ਮੰਤਰੀ ਮੁੱਛਾਂ ਨੂੰ ਤਾਅ ਦੇ ਕੇ ਘੁੰਮਦਾ ਹੈ ਅਤੇ ਕਹਿੰਦਾ ਹੈ ਕਿ ਜੋ ਕੁੱਝ ਹੋਇਆ ਠੀਕ ਹੀ ਹੋਇਆ।

ਦੰਗਾ ਕਿਉਂਕਿ ਆਸ ਪਾਸ ਦੇ ਪਿੰਡਾਂ ਵਿਚ ਵੀ ਫੈਲ ਗਿਆ ਸੀ ਇਸ ਕਰਕੇ ਕਰਫਿਊ ਵਧਾ ਦਿੱਤਾ ਗਿਆ ਸੀ। ਮੁਗਲਪੁਰਾ ਮੁਸਲਮਾਨਾਂ ਦਾ ਸਭ ਤੋਂ ਵੱਡਾ ਮਹੱਲਾ ਸੀ ਇਸ ਕਰਕੇ ਉੱਥੇ ਕਰਫਿਊ ਦਾ ਅਸਰ ਵੀ ਸੀ ਅਤੇ "ਜਿਹਾਦ" ਵਰਗਾ ਮਹੌਲ ਵੀ ਬਣ ਗਿਆ ਸੀ। ਮਹੱਲੇ ਦੀਆਂ ਗਲੀਆਂ ਤਾਂ ਸਨ ਹੀ ਪਰ ਕਈ ਦੰਗਿਆਂ ਦੇ ਤਜ਼ਰਬਿਆਂ ਨੇ ਇਹ ਵੀ ਸਿਖਾ ਦਿੱਤਾ ਸੀ ਕਿ ਘਰਾਂ ਦੇ ਵਿਚੋ-ਵਿਚੀ ਵੀ ਰਸਤੇ ਬਣੇ ਹੋਣੇ ਚਾਹੀਦੇ ਹਨ ਭਾਵ ਐਮਰਜੈਂਸੀ ਪੈਕੇਜ। ਘਰਾਂ ਦੇ ਅੰਦਰੋਂ ਤੇ ਛੱਤਾਂ ਦੇ ਉਪਰੋਂ ਕੰਧਾਂ ਨੂੰ ਟੱਪਦੇ ਹੋਏ ਕੁੱਝ ਅਜਿਹੇ ਰਸਤੇ ਵੀ ਬਣ ਗਏ ਸਨ ਕਿ ਕੋਈ ਜੇ ਉਨ੍ਹਾਂ ਨੂੰ ਜਾਣਦਾ ਹੋਵੇ ਤਾਂ ਮਹੱਲੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਾ ਸਕਦਾ ਸੀ। ਮਹੱਲੇ ਵਿਚਲੀ ਤਿਆਰੀ ਜੰਗੀ ਕਿਸਮ ਦੀ ਸੀ। ਸੋਚਿਆ ਗਿਆ ਸੀ ਕਿ ਜੇ ਕਰਫਿਊ ਮਹੀਨਾ ਭਰ ਵੀ ਲੱਗਾ ਰਹੇ ਤਾਂ ਲੋੜ ਦੀਆਂ ਸਭ ਚੀਜ਼ਾਂ ਮਹੱਲੇ ਵਿਚੋਂ ਹੀ ਮਿਲ ਜਾਣ। ਦੰਗਾ ਮਹੱਲੇ ਦੇ ਮੁੰਡਿਆਂ ਵਾਸਤੇ ਇਕ ਅਜੀਬ ਕਿਸਮ ਦਾ ਉਤਸ਼ਾਹ ਵਿਖਾਉਣ ਦਾ ਮੌਸਮ ਹੋਇਆ ਕਰਦਾ ਸੀ। 'ਵੇਖਦਾ ਰਵ੍ਹੀਂ ਅਸੀਂ ਤਾਂ ਹਿੰਦੂਆਂ ਨੂੰ ਜ਼ਮੀਨ ਚਟਾ ਦਿਆਂਗੇ। ਸਮਝ ਕੀ ਰੱਖਿਆ ਹੈ ਇਨ੍ਹਾਂ ਧੋਤੀ ਬੰਨ੍ਹਾਂ ਨੇ.... ਇਹ ਤਾਂ ਬੁਜ਼ਦਿਲ ਹੁੰਦੇ ਹਨ....ਇਕ ਮੁਸਲਮਾਨ ਤਾਂ ਦਸ ਹਿੰਦੂਆਂ ਤੋਂ ਵੀ ਤਕੜਾ ਹੁੰਦਾ ਹੈ..... "ਹੱਸ ਕੇ ਲਿਆ ਹੈ ਪਾਕਿਸਤਾਨ ਲੜ ਕੇ ਲਵਾਂਗੇ ਹਿੰਦੁਸਤਾਨ" ਵਰਗਾ ਮਹੌਲ ਬਣ ਜਾਂਦਾ ਸੀ। ਪਰ ਮਹੱਲੇ ਤੋਂ ਬਾਹਰ ਨਿਕਲਦਿਆਂ ਸਭ ਦੀ ਨਾਨੀ ਮਰਦੀ ਸੀ। ਪੀ ਏ ਸੀ ਦੀ ਚੌਕੀ ਦੋਹਾਂ ਸਿਰਿਆਂ 'ਤੇ ਸੀ। ਪੀ ਏ ਸੀ ਦੇ ਬੂਟਾਂ ਅਤੇ ਉਨ੍ਹਾਂ ਦੀਆਂ ਰਾਈਫਲਾਂ ਦੇ ਬੱਟਾਂ ਦੀ ਮਾਰ ਕਈਆਂ ਨੂੰ ਯਾਦ ਸੀ। ਇਸ ਕਰਕੇ ਜ਼ੁਬਾਨੀ ਜਮਾਂ-ਖਰਚ ਤਾਂ ਸਭ ਠੀਕ ਸੀ ਪਰ ਉਸਤੋਂ ਅੱਗੇ.....

ਸੰਕਟ ਏਕਤਾ ਸਿਖਾ ਦਿੰਦਾ ਹੈ। ਏਕਤਾ ਅਨੁਸ਼ਾਸਨ ਅਤੇ ਅਨੁਸ਼ਾਸਨ ਵਿਵਹਾਰਿਕਤਾ। ਹਰ ਘਰ ਤੋਂ ਇਕ ਲੜਕਾ ਪਹਿਰੇ ਤੇ ਰਿਹਾ ਕਰੇਗਾ। ਸਾਡੇ ਘਰ ਵਿਚ ਮੇਥੋਂ ਬਿਨਾ, ਉਸ ਜ਼ਮਾਨੇ ਵਿਚ ਮੈਨੂੰ ਮੁੰਡਾ ਨਹੀਂ ਕਿਹਾ ਜਾ ਸਕਦਾ ਸੀ ਕਿਉਂਕਿ ਮੈਂ ਤਾਂ ਪੰਝੀਆਂ ਨੂੰ ਟੱਪ ਚੁੱਕਾ ਸੀ। ਮੁੰਡਾ ਸੈਫੂ ਹੀ ਸੀ ਇਸ ਕਰਕੇ ਉਹਨੂੰ ਰਾਤ ਦੇ ਪਹਿਰੇ 'ਤੇ ਰਹਿਣਾ ਪੈਂਦਾ ਸੀ। ਰਾਤ ਦਾ ਪਹਿਰਾ ਛੱਤਾਂ 'ਤੇ ਹੋਇਆ ਕਰਦਾ ਸੀ। ਮੁਗਲਪੁਰਾ ਕਿਉਂਕਿ ਸ਼ਹਿਰ ਦੇ ਸਭ ਤੋਂ ਉੱਚੇ ਹਿੱਸੇ ਵਿਚ ਪੈਂਦਾ ਸੀ ਇਸ ਤਰ੍ਹਾਂ ਛੱਤਾਂ ਉੱਪਰੋਂ ਸਾਰਾ ਸ਼ਹਿਰ ਦਿਖਾਈ ਦਿੰਦਾ ਸੀ। ਮਹੱਲੇ ਦੇ ਮੁੰਡਿਆਂ ਨਾਲ ਸੈਫੂ ਪਹਿਰੇ 'ਤੇ ਜਾਇਆ ਕਰਦਾ ਸੀ। ਇਹ ਮੇਰੇ ਅੱਬਾ ਜਾਨ, ਅੰਮਾਂ ਅਤੇ ਸਫੀਆ ਸਾਰਿਆਂ ਲਈ ਬਹੁਤ ਅੱਛਾ ਸੀ। ਜੇ ਸਾਡੇ ਘਰ ਵਿਚ ਸੈਫੂ ਨਾ ਹੁੰਦਾ ਤਾਂ ਸ਼ਾਇਦ ਮੈਨੂੰ ਰਾਤ ਦੇ ਧੱਕੇ ਖਾਣੇ ਪੈਂਦੇ। ਸੈਫੂ ਦੇ ਪਹਿਰੇ 'ਤੇ ਜਾਣ ਕਰਕੇ ਉਹਨੂੰ ਕੁੱਝ ਸਹੂਲਤਾਂ ਵੀ ਦੇ ਦਿੱਤੀਆਂ ਗਈਆਂ ਸਨ, ਜਿਵੇਂ ਉਹਨੂੰ ਅੱਠ ਬਜੇ ਤੱਕ ਸੌਣ ਦਿੱਤਾ ਜਾਂਦਾ ਸੀ। ਉਹਨੂੰ ਭਾਂਡੇ ਵੀ ਨਹੀਂ ਦੇਣਾ ਪੈਂਦਾ ਸੀ। ਇਹ ਕੰਮ ਸਫੀਆਂ ਦੇ ਹਵਾਲੇ ਹੋ ਗਿਆ ਸੀ ਜਿਹੜੀ ਇਹਨੂੰ ਬੇਹੱਦ ਨਾ-ਪਸੰਦ ਕਰਦੀ ਸੀ।

ਕਦੀ ਕਦੀ ਰਾਤ ਵੇਲੇ ਮੈਂ ਵੀ ਛੱਤਾਂ ਉੱਪਰ ਪਹੁੰਚ ਜਾਂਦਾ ਸੀ। ਛੱਤਾਂ ਦੀ ਦੁਨੀਆਂ ਉੱਤੇ ਮਹੱਲੇ ਦੇ ਮੁੰਡਿਆਂ ਦਾ ਰਾਜ ਹੋਇਆ ਕਰਦਾ ਸੀ। ਲਾਠੀਆਂ, ਡੰਡੇ, ਗੰਡਾਸੇ ਅਤੇ ਇੱਟਾਂ ਦੇ ਢੇਰ ਇੱਧਰ ਉੱਧਰ ਲਾਏ ਗਏ ਸਨ। ਦੋ ਚਾਰ ਮੁੰਡਿਆਂ ਕੋਲ ਦੇਸੀ ਪਸਤੌਲ ਅਤੇ ਬਹੁਤਿਆਂ ਕੋਲ ਚਾਕੂ ਸਨ। ਉਹ ਸਾਰੇ ਹੀ ਛੋਟਾ ਮੋਟਾ ਕੰਮ ਕਰਨ ਵਾਲੇ ਕਾਰੀਗਰ ਸਨ। ਬਹੁਤੇ ਜਿੰਦਰਿਆਂ ਦੇ ਕਾਰਖਾਨੇ ਵਿਚ ਕੰਮ ਕਰਦੇ ਸਨ। ਕਿਉਂਕਿ ਇੱਧਰ ਬਜ਼ਾਰ ਬੰਦ ਸੀ ਇਸ ਕਰਕੇ ਉਨ੍ਹਾਂ ਦੇ ਧੰਦੇ ਵੀ ਠੱਪ ਸਨ। ਉਨ੍ਹਾਂ 'ਚੋਂ ਬਹੁਤਿਆਂ ਦੇ ਘਰਾਂ ਵਿਚ ਕਰਜ਼ੇ ਨਾਲ ਹੀ ਚੁੱਲ੍ਹਾ ਜਲ ਰਿਹਾ ਸੀ। ਪਰ ਉਹ ਖੁਸ਼ ਸਨ। ਛੱਤਾਂ ਉੱਤੇ ਬੈਠਕੇ ਉਹ ਦੰਗਿਆਂ ਦੀਆਂ ਤਾਜ਼ਾ ਖਬਰਾਂ 'ਤੇ ਤਬਸਰਾ ਕਰਦੇ ਸਨ ਜਾਂ ਹਿੰਦੂਆਂ ਨੂੰ ਗਾਲ੍ਹਾਂ ਕੱਢਿਆਂ ਕਰਦੇ ਸਨ। ਹਿੰਦੂਆਂ ਨਾਲੋਂ ਵੀ ਬਹੁਤੀਆਂ ਗਾਲ੍ਹਾਂ ਉਹ ਪੀ ਏ ਸੀ ਨੂੰ ਦਿੰਦੇ ਸਨ। ਪਾਕਿਸਤਾਨੀ ਰੇਡੀਓ ਦਾ ਪੂਰਾ ਪ੍ਰੋਗਰਾਮ ਉਨ੍ਹਾਂ ਨੂੰ ਜ਼ੁਬਾਨੀ ਯਾਦ ਸੀ ਅਤੇ ਹੌਲੀ ਅਵਾਜ਼ ਵਿਚ ਉਹ ਰੇਡੀਓ ਲਹੌਰ ਸੁਣਿਆਂ ਕਰਦੇ ਸਨ। ਇਨ੍ਹਾਂ ਮੁੰਡਿਆਂ ਵਿਚੋਂ ਦੋ ਚਾਰ ਜਿਹੜੇ ਪਾਕਿਸਤਾਨ ਜਾ ਚੁੱਕੇ ਸਨ ਉਨ੍ਹਾਂ ਦੀ ਇੱਜ਼ਤ ਹਾਜੀਆਂ ਵਾਂਗ ਹੁੰਦੀ ਸੀ। ਉਹ ਪਾਕਿਸਤਾਨ ਦੀ ਰੇਲ ਗੱਡੀ 'ਤੇਜਗਾਮ' ਅਤੇ 'ਗੁਲਸ਼ਨੇ ਇਕਬਾਲ ਕਲੋਨੀ' ਦੇ ਅਜਿਹੇ ਕਿੱਸੇ ਸੁਣਾਉਂਦੇ ਸਨ ਤਾਂ ਲਗਦਾ ਕਿ ਸਵਰਗ ਜੇ ਧਰਤੀ 'ਤੇ ਕਿਧਰੇ ਹੈ ਤਾਂ ਪਾਕਿਸਤਾਨ ਵਿਚ ਹੈ। ਪਾਕਿਸਤਾਨ ਦੀਆਂ ਸਿਫਤਾਂ ਤੋਂ ਜਦੋਂ ਉਨ੍ਹਾਂ ਦਾ ਦਿਲ ਭਰ ਜਾਇਆ ਕਰਦਾ ਸੀ ਤਾਂ ਸੈਫੂ ਨਾਲ ਛੇੜ ਛਾੜ ਕਰਿਆ ਕਰਦੇ ਸਨ। ਸੈਫੂ ਨੇ ਪਾਕਿ-ਸਤਾਨ, ਅਤੇ ਪਾਕਿਸਤਾਨ ਦਾ ਹਾਲ ਹਵਾਲ ਸੁਣਨ ਤੋਂ ਬਾਅਦ ਇਕ ਦਿਨ ਪੁੱਛਿਆ ਸੀ ਕਿ ਪਾਕਿਸਤਾਨ ਹੈ ਕਿੱਥੇ? ਇਸ ਗੱਲ 'ਤੇ ਮੁੰਡਿਆਂ ਨੇ ਉਸਦੀ ਖੂਬ ਗਤ ਬਣਾਈ ਸੀ। ਉਹ ਕੁੱਝ ਸਮਝਿਆ ਤੇ ਕੁੱਝ ਨਹੀਂ ਸਮਝਿਆ ਪਰ ਉਸਨੂੰ ਇਹ ਪਤਾ ਨਹੀਂ ਸੀ ਲੱਗਿਆ ਕਿ ਪਾਕਿਸਤਾਨ ਕਿੱਥੇ ਹੈ।

ਗਸ਼ਤੀ ਮੁੰਡੇ ਸੈਫੂ ਨੂੰ ਮਖੌਲ ਜਹੇ ਵਿਚ ਹੀ ਸੰਜੀਦਗੀ ਨਾਲ ਡਰਾਇਆ ਕਰਦੇ ਸਨ– " ਦੇਖ, ਸੈਫੂ ਜੇ ਤੈਨੂੰ ਹਿੰਦੂਆਂ ਨੇ ਫੜ ਲਿਆ ਨਾ, ਤਾਂ ਪਤਾ ਕੀ ਕਰਨਗੇ? ਪਹਿਲਾਂ ਤਾਂ ਤੈਨੂੰ ਨੰਗਾ ਕਰ ਦੇਣਗੇ" ਮੁੰਡੇ ਜਾਣਦੇ ਸਨ ਕਿ ਸੈਫੂ ਨੀਮ ਪਾਗਲ ਹੋਣ ਦੇ ਬਾਵਜੂਦ ਨੰਗਾ ਹੋਣ ਨੂੰ ਬਹੁਤ ਬੁਰਾ ਤੇ ਖਰਾਬ ਚੀਜ਼ ਸਮਝਦਾ ਹੈ " ਉਸ ਤੋਂ ਬਾਅਦ ਹਿੰਦੂ ਤੇਰੇ ਤੇਲ ਮਲਣਗੇ।" "ਕਿਉਂ, ਤੇਲ ਕਿਉਂ ਮਲਣਗੇ?"

"ਇਸ ਕਰਕੇ ਕਿ ਜਦੋਂ ਉਹ ਤੈਨੂੰ ਬੈਂਤ ਨਾਲ ਕੁੱਟਣ ਤਾਂ ਤੇਰੀ ਚਮੜੀ ਉੱਧੜ ਜਾਵੇ। ਉਸਤੋਂ ਬਾਅਦ ਗਰਮ ਸਲਾਖਾਂ ਨਾਲ ਤੈਨੂੰ ਦਾਗਣਗੇ ........"

"ਨਹੀਂ" ਉਹਨੂੰ ਵਿਸ਼ਵਾਸ ਨਹੀਂ ਹੋਇਆ।

ਰਾਤ ਨੂੰ ਮੁੰਡੇ ਜਿਹੜੇ ਡਰਾਉਣੇ ਤੇ ਹਿੰਸਕ ਕਿੱਸੇ ਸੁਣਾਇਆ ਕਰਦੇ ਸਨ ਉਨ੍ਹਾਂ ਕਰਕੇ ਉਹ ਬਹੁਤ ਡਰ ਗਿਆ ਸੀ। ਕਦੀ ਕਦੀ ਮੇਰੇ ਨਾਲ ਪੁੱਠੀਆਂ ਸਿੱਧੀਆਂ ਗੱਲਾਂ ਕਰਿਆ ਕਰਦਾ ਸੀ। ਮੈਂ ਬੁਰਾ ਮਹਿਸੂਸ ਕਰਦਾ ਤੇ ਉਹਨੂੰ ਚੁੱਪ ਕਰਾ ਦਿੰਦਾ ਸੀ। ਪਰ ਉਹਦੇ ਅੰਦਰਲੀ ਜਗਿਆਸਾ ਸ਼ਾਂਤ ਨਹੀਂ ਹੁੰਦੀ ਸੀ। ਇਕ ਦਿਨ ਪੁੱਛਣ ਲੱਗਾ "ਬੜੇ ਭਾਈ ਕੀ ਪਾਕਿਸਤਾਨ ਵਿਚ ਵੀ ਮਿੱਟੀ ਹੁੰਦੀ ਹੈ?" "ਕਿਉਂ, ਉੱਥੇ ਮਿੱਟੀ ਕਿਉਂ ਨਹੀਂ ਹੋਵੇਗੀ?" "ਸੜਕਾਂ ਹੀ ਸੜਕਾਂ ਨਹੀਂ......ਉੱਥੇ ਟੈਰਾਲੀਨ ਵੀ ਮਿਲਦੀ ਹੈ....ਉੱਥੇ ਸਸਤੀ ਹੈ........"

"ਦੇਖ ਇਹ ਸਾਰੀਆਂ ਗੱਲਾਂ ਮਨਘੜਤ ਹਨ.....ਤੂੰ ਅਲਤਾਫ ਬਗੈਰਾ ਦੀਆਂ ਗੱਲਾਂ ਤੇ ਬਹੁਤਾ ਕੰਨ ਨਾ ਧਰਿਆ ਕਰ" ਮੈਂ ਉਹਨੂੰ ਸਮਝਾਇਆ।

"ਬੜੇ ਭਾਈ, ਕੀ ਹਿੰਦੂ ਅੱਖਾਂ ਕੱਢ ਲੈਂਦੇ ਹਨ....."

" ਬਕਵਾਸ ਹੈ ,.... ਇਹ ਤੈਨੂੰ ਕੀਹਨੇ ਕਿਹਾ?"

"ਵੱਛਣ ਨੇ"

"ਗਲਤ ਐ"

"ਤਾਂ, ਚਮੜੀ ਵੀ ਨਹੀਂ ਉਧੇੜਦੇ?"

" ਉਹ ਹੋ, ਇਹ ਤੂੰ ਕੀ ਬਕਵਾਸ ਕਰ ਰਿਹੈਂ....."

ਉਹ ਚੁੱਪ ਹੋ ਗਿਆ ਪਰ ਉਸਦੀਆਂ ਅੱਖਾਂ ਵਿਚ ਸੈਂਕੜੇ ਸਵਾਲ ਸਨ। ਮੈਂ ਬਾਹਰ ਚਲਾ ਗਿਆ। ਉਹ ਸਫੀਆ ਨਾਲ ਇਸੇ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਿਆ।

ਕਰਫਿਊ ਲੰਬਾ ਹੁੰਦਾ ਚਲਾ ਗਿਆ। ਰਾਤ ਦੀ ਗਸ਼ਤ ਜਾਰੀ ਰਹੀ। ਸਾਡੇ ਘਰ ਵਲੋਂ ਸੈਫੂ ਹੀ ਜਾਂਦਾ ਰਿਹਾ। ਕੁੱਝ ਦਿਨਾਂ ਦੇ ਬਾਅਦ ਇਕ ਦਿਨ ਸੁੱਤਾ ਪਿਆ ਸੈਫੂ ਚੀਕਣ-ਚਿਲਾਉਣ ਲੱਗ ਪਿਆ। ਅਸੀਂ ਸਭ ਘਬਰਾ ਗਏ ਪਰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਸਭ ਉਹਨੂੰ ਡਰਾਏ ਜਾਣ ਕਰਕੇ ਹੀ ਹੈ। ਅੱਬਾ ਜਾਨ ਨੂੰ ਮੁੰਡਿਆਂ 'ਤੇ ਬਹੁਤ ਗੁੱਸਾ ਆਇਆ ਸੀ ਅਤੇ ਉਨ੍ਹਾਂ ਨੇ ਮਹੱਲੇ ਦੇ ਕੁੱਝ ਬਜ਼ੁਰਗਾਂ ਨੂੰ ਕਿਹਾ ਵੀ ਪਰ ਉਸਦਾ ਕੋਈ ਅਸਰ ਨਾ ਹੋਇਆ। ਮੁੰਡੇ, ਉਹ ਵੀ ਮਹੱਲੇ ਦੇ ਮੁੰਡੇ ਉਹ ਕਿਸੇ ਮਨੋਰੰਜਨ ਤੋਂ ਕਿਉਂ ਵਾਂਝੇ ਹੋ ਜਾਂਦੇ? ਗੱਲ ਕਿੱਥੋਂ ਤੋਂ ਕਿੱਥੇ ਪਹੁੰਚ ਗਈ ਹੈ ਇਸਦਾ ਅੰਦਾਜ਼ਾ ਮੈਨੂੰ ਉਸ ਵਕਤ ਨਹੀਂ ਸੀ ਜਦੋਂ ਇਕ ਦਿਨ ਸੈਫੂ ਨੇ ਬੜੀ ਗੰਭੀਰਤਾ ਨਾਲ ਮੈਨੂੰ ਪੁੱਛਿਆ "ਬੜੇ ਭਾਈ, ਮੈਂ ਹਿੰਦੂ ਹੋ ਜਾਵਾਂ?"

ਸਵਾਲ ਸੁਣ ਕੇ ਮੈਂ ਸੁੰਨ ਹੀ ਹੋ ਗਿਆ। ਪਰ ਜਲਦੀ ਹੀ ਸਮਝ ਗਿਆ ਕਿ ਇਹ ਰਾਤ ਨੂੰ ਡਰਾਉਣੇ ਕਿੱਸੇ ਸੁਣਾਏ ਜਾਣ ਦਾ ਨਤੀਜਾ ਹੈ। ਮੈਨੂੰ ਗੁੱਸਾ ਆਇਆ, ਫੇਰ ਸੋਚਿਆ ਕਿ ਪਾਗਲ ਉੱਤੇ ਗੁੱਸਾ ਕਰਨ ਦੀ ਥਾਂ ਗੁੱਸਾ ਪੀ ਹੀ ਜਾਵਾਂ ਅਤੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂ।

ਮੈਂ ਪੁੱਛਿਆ – "ਕਿਉਂ, ਤੂੰ ਹਿੰਦੂ ਕਿਉਂ ਹੋਣਾ ਚਾਹੁੰਦਾ ਹੈਂ?"

"ਬਚ ਜਾਵਾਂਗਾ" ਸੈਫੂ ਬੋਲਿਆ

"ਇਸਦਾ ਮਤਲਬ ਹੈ ਕਿ ਮੈਂ ਨਹੀਂ ਬਚ ਸਕਾਂਗਾ" ਮੈਂ ਉਹਨੂੰ ਪੁੱਛਿਆ।

"ਤਾਂ ਤੁਸੀਂ ਵੀ ਹੋ ਜਾਉ" ਉਹਨੇ ਫੇਰ ਕਿਹਾ।

"ਅਤੇ ਤੇਰੇ ਤਾਇਆ, – ਅੱਬਾ" ਮੈਂ ਆਪਣੇ ਪਿਉ ਤੇ ਉਹਦੇ ਤਾਏ ਦੀ ਗੱਲ ਕੀਤੀ।

"ਨਹੀਂ.....ਉਨ੍ਹਾਂ ਨੂੰ ....." ਉਹ ਕੁੱਝ ਸੋਚਣ ਲੱਗਾ। ਅੱਬਾ ਜਾਨ ਦੀ ਸਫੈਦ ਤੇ ਲੰਬੀ ਦਾੜ੍ਹੀ ਵਿਚ ਉਹ ਕਿਧਰੇ ਉਲਝ ਗਿਆ ਹੋਵੇਗਾ।

"ਦੇਖ ਇਹ ਸਭ ਮੁੰਡਿਆਂ ਦੀ ਸ਼ਰਾਰਤ ਹੈ ਜੋ ਤੈਨੂੰ ਬਹਿਕਾਂਦੇ ਹਨ। ਇਹ ਜੋ ਕੁੱਝ ਵੀ ਤੈਨੂੰ ਦੱਸਦੇ ਹਨ ਸਭ ਝੂਠ ਹੈ। ਹਾਂਅ ! ਤੂੰ ਮਹੇਸ਼ ਨੂੰ ਨਹੀਂ ਜਾਣਦਾ?"

"ਉਹ ਜੋ ਸਕੂਟਰ 'ਤੇ ਆਉਂਦੇ ਹਨ....." ਉਹ ਖੁਸ਼ ਹੋ ਗਿਆ।

"ਹਾਂ..ਹਾਂ ਉਹ ਹੀ"

"ਉਹ ਹਿੰਦੂ ਹੈ ?"

"ਹਾਂ ਹਿੰਦੂ ਹੈ" ਮੈਂ ਕਿਹਾ , ਪਹਿਲਾਂ ਤਾਂ ਉਹਦੇ ਚਿਹਰੇ 'ਤੇ ਨਿਰਾਸ਼ਾ ਭਰੀ ਹਲਕੀ ਜਹੀ ਉਦਾਸੀ ਉਭਰੀ, ਫੇਰ ਉਹ ਚੁੱਪ ਹੋ ਗਿਆ।

"ਇਹ ਤਾਂ ਸਭ ਗੁੰਡੇ, ਬਦਮਾਸ਼ਾਂ ਦੇ ਕੰਮ ਹਨ...ਨਾ ਹਿੰਦੂ ਲੜਦੇ ਹਨ ਨਾ ਹੀ ਮੁਸਲਮਾਨ...ਗੁੰਡੇ ਲੜਦੇ ਹਨ। ਸਮਝਿਆ?"

ਦੰਗਾ ਸ਼ੈਤਾਨ ਦੀ ਆਂਦਰ ਵਾਂਗ ਖਿੱਚ ਹੁੰਦਾ ਚਲਾ ਗਿਆ ਅਤੇ ਮਹੱਲੇ ਵਿਚ ਲੋਕ ਤੰਗ ਆਉਣ ਲੱਗ ਪਏ। ਯਾਰ, ਸ਼ਹਿਰ ਵਿਚ ਦੰਗਾ ਕਰਨ ਵਾਲੇ ਬਦਮਾਸ਼ਾਂ ਨੂੰ ਮਿਲਾ ਵੀ ਲਿਆ ਜਾਵੇ ਤਾਂ ਕਿੰਨੇ ਕੁ ਹੋਣਗੇ। ਵੱਧ ਤੋਂ ਵੱਧ ਇਕ ਹਜ਼ਾਰ। ਚਲੋ, ਦੋ ਹਜ਼ਾਰ ਮੰਨ ਲਉ। ਤਾਂ ਭਾਈ ਦੋ ਹਜ਼ਾਰ ਆਦਮੀਆਂ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਰੱਖਿਆ ਹੈ ਤੇ ਅਸੀਂ ਲੋਕ ਘਰਾਂ ਵਿਚ ਲੁਕ ਕੇ ਬੈਠੇ ਹੋਏ ਹਾਂ। ਇਹ ਤਾਂ ਉਂਜ ਹੀ ਹੋਇਆ ਜਿਵੇਂ ਕਿ ਦਸ ਹਜ਼ਾਰ ਅੰਗਰੇਜ਼ ਕਰੋੜਾਂ ਹਿੰਦੁਸਤਾਨੀਆਂ ਉੱਪਰ ਰਾਜ ਕਰਦੇ ਸਨ ਅਤੇ ਸਾਰਾ ਨਿਜ਼ਾਮ ਉਨ੍ਹਾਂ ਦੇ ਅਧੀਨ ਚਲਦਾ ਰਹਿੰਦਾ ਸੀ। ਫੇਰ, ਇਨ੍ਹਾਂ ਦੰਗਿਆਂ ਤੋਂ ਫਾਇਦਾ ਕਿਸਨੂੰ ਹੈ? ਫਾਇਦਾ? ਹੋਰ ਕੀ, – ਹਾਜੀ ਅਬਦੁਲ ਕਰੀਮ ਨੂੰ ਫਾਇਦਾ ਹੈ ਜੋ ਮਿਉਂਸਪੈਲਟੀ ਦੀ ਚੋਣ ਲੜੇਗਾ ਅਤੇ ਉਹਨੂੰ ਮੁਸਲਮਾਨ ਵੋਟ ਮਿਲਣਗੇ, ਫਾਇਦਾ ਪੰਡਿਤ ਜੋਗੇਸ਼ਵਰ ਨੂੰ ਹੈ ਜਿਹਨੂੰ ਹਿੰਦੂਆਂ ਦੇ ਵੋਟ ਮਿਲਣਗੇ। ਤਾਂ ਫੇਰ ਅਸੀਂ ਕੀ ਹਾਂ? ਤੁਸੀਂ ਵੋਟਰ ਹੋ- ਹਿੰਦੂ ਵੋਟਰ, ਮੁਸਲਮਾਨ ਵੋਟਰ, ਪਛੜੇ ਵੋਟਰ, ਸੁੰਨੀ ਵੋਟਰ, ਸ਼ੀਆ ਵੋਟਰ। ਇਹ ਹੀ ਸਭ ਹੁੰਦਾ ਰਹੇਗਾ ਇਸ ਦੇਸ਼ ਵਿਚ? ਹਾਂ ਕਿਉਂ ਨਹੀਂ? ਇੱਥੇ ਲੋਕ ਜ਼ਾਹਿਲ ਹਨ। ਇੱਥੇ ਕਿਰਾਏ ਦੇ ਹੱਤਿਆਰੇ ਮਿਲ ਜਾਂਦੇ ਹਨ। ਜਿੱਥੇ ਰਾਜਸੀ ਨੇਤਾ ਆਪਣੀਆਂ ਗੱਦੀਆਂ ਖਾਤਰ ਦੰਗੇ ਕਰਵਾਉਂਦੇ ਹਨ, ਉੱਥੇ ਹੋਰ ਕੀ ਹੋ ਸਕਦਾ ਹੈ? ਯਾਰ, ਕੀ ਅਸੀਂ ਲੋਕਾਂ ਨੂੰ ਪੜ੍ਹਾ ਨਹੀਂ ਸਕਦੇ? ਸਮਝਾ ਨਹੀਂ ਸਕਦੇ? ਹਾ..ਹਾ..ਹਾ.. ਤੁਸੀਂ ਕੌਣ ਹੁੰਦੇ ਹੋ ਪੜ੍ਹਾਉਣ ਵਾਲੇ, ਸਰਕਾਰ ਪੜ੍ਹਾਵੇਗੀ ਜੇ ਚਾਹੇਗੀ। ਜੇ ਸਰਕਾਰ ਨਾ ਚਾਹਵੇ ਤਾਂ ਇਸ ਦੇਸ਼ ਵਿਚ ਕੁੱਝ ਨਹੀਂ ਹੋ ਸਕਦਾ? ਹਾਂ..... ਅੰਗਰੇਜ਼ਾਂ ਨੇ ਸਾਨੂੰ ਇਹ ਹੀ ਸਿਖਾਇਆ ਹੈ .....ਅਸੀਂ ਇਸ ਦੇ ਆਦੀ ਹਾਂ....ਚਲੋ ਛੱਡੋ। ਤਾਂ ਦੰਗੇ ਹੁੰਦੇ ਰਹਿਣਗੇ? ਹਾਂ, ਹੁੰਦੇ ਰਹਿਣਗੇ। ਮੰਨ ਲਉ ਕਿ ਇਸ ਦੇਸ਼ ਦੇ ਸਾਰੇ ਮੁਸਲਮਾਨ ਹਿੰਦੂ ਹੋ ਜਾਣ? ਲਾਹੌਲ ਵਿਲਾ ਕੁੱਅਵਤ, ਇਹ ਕੀ ਕਹਿ ਰਹੇ ਹੋ ਤੁਸੀਂ? ਅੱਛਾ ਫਰਜ਼ ਕਰੋ ਕਿ ਇਸ ਦੇਸ਼ ਦੇ ਸਾਰੇ ਹਿੰਦੂ ਮੁਸਲਮਾਨ ਹੋ ਜਾਣ?, ਸੁਭ੍ਹਾਨ ਅੱਲ੍ਹਾ....ਵਾਹ ਵਾਹ ਕੀ ਗੱਲ ਕਹੀ ਹੈ..... ਤਾਂ ਕੀ ਦੰਗੇ ਰੁਕ ਜਾਣਗੇ?

ਇਹ ਤਾਂ ਸੋਚਣ ਦੀ ਗੱਲ ਹੈ ..... ਪਾਕਿਸਤਾਨ ਵਿਚ ਸ਼ੀਆ – ਸੁੰਨੀ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਹਨ ...... ਬਿਹਾਰ ਵਿਚ ਬ੍ਰਾਹਮਣ ਹਰੀਜਨ ਦੇ ਪ੍ਰਛਾਵੇਂ ਤੋਂ ਵੀ ਬਚਦੇ ਹਨ..... ਤਾਂ ਕੀ ਯਾਰ ਆਦਮੀ ਜਾਂ ਕਹੋ ਇਨਸਾਨ ਸਾਲਾ ਹੈ ਹੀ ਅਜਿਹਾ ਜੋ ਲੜਦਾ ਹੀ ਰਹਿਣਾ ਚਾਹੁੰਦਾ ਹੈ? ਉਂਜ ਦੇਖੋ ਤਾਂ ਜੁੰਮਨ ਤੇ ਮੈਕੂ ਦੀ ਬੜੀ ਦੋਸਤੀ ਹੈ ਤਾਂ ਫੇਰ ਕਿਉਂ ਨਾ ਅਸੀਂ ਮੈਕੂ ਤੇ ਜੁੰਮਨ ਬਣ ਜਾਈਏ.... ਵਾਹ ਕਿੰਨੇ ਪਤੇ ਦੀ ਗੱਲ ਕੀਤੀ, ਮਤਲਬ ... ਮਤਲਬ ... ਮਤਲਬ......

ਮੈਂ ਸਵੇਰੇ ਸੁਵਖਤੇ ਹੀ ਰੇਡੀਓ ਦੇ ਕੰਨ ਮਰੋੜ ਰਿਹਾ ਸੀ। ਸਫੀਆ ਭਾੜੂ ਦੇ ਰਹੀ ਸੀ ਕਿ ਰਾਜਾ ਦਾ ਛੋਟਾ ਭਰਾ ਅਕਰਮ ਦੌੜਦਾ ਹੋਇਆ ਆਇਆ ਅਤੇ ਆਪਣੇ ਤੇਜ਼ ਚੱਲਦੇ ਹੋਏ ਸਾਹ ਨੂੰ ਰੋਕਣ ਦੀ ਨਾਕਾਮ ਕੋਸ਼ਿਸ਼ ਕਰਦਾ ਹੋਇਆ ਕਹਿਣ ਲੱਗਾ, ਸੈਫੂ ਨੂੰ ਪੀ ਏ ਸੀ ਵਾਲੇ ਕੁੱਟ ਰਹੇ ਹਨ।

ਕੀ? ਕੀ ਕਹਿ ਰਿਹੈਂ?

"ਸੈਫੂ ਨੂੰ ਪੀ ਏ ਸੀ ਵਾਲੇ ਕੁੱਟ ਰਹੇ ਹਨ" ਉਹ ਅਟਕ ਕੇ ਬੋਲਿਆ।

"ਕਿਉਂ ਕੁੱਟ ਰਹੇ ਹਨ? ਕੀ ਗੱਲ ਹੈ?"

"ਪਤਾ ਨਹੀਂ.... ਨੁੱਕਰ 'ਤੇ...."

"ਉੱਥੇ, ਜਿੱਥੇ ਪੀ ਏ ਸੀ ਦੀ ਚੌਕੀ ਹੈ?"

"ਹਾਂ, ਉੱਥੇ ਹੀ"

"ਪਰ ਕਿਉਂ......" ਮੈਨੂੰ ਪਤਾ ਸੀ ਕਿ ਅੱਠ ਬਜੇ ਤੋਂ ਦਸ ਬਜੇ ਤੱਕ ਕਰਫਿਊ ਖੁੱਲਣ ਲੱਗ ਪਿਆ ਹੈ ਅਤੇ ਸੈਫੂ ਨੂੰ ਅੱਠ ਬਜੇ ਦੇ ਕਰੀਬ ਅੰਮਾਂ ਨੇ ਦੁੱਧ ਲੈਣ ਭੇਜਿਆ ਸੀ। ਸੈਫੂ ਵਰਗੇ ਪਾਗਲ ਨੂੰ ਵੀ ਪਤਾ ਸੀ ਕਿ ਉਹਨੇ ਜਲਦੀ ਤੋਂ ਜਲਦੀ ਵਾਪਸ ਆਉਣਾ ਹੈ ਪਰ ਹੁਣ ਤਾਂ ਦਸ ਬੱਜ ਗਏ ਹਨ।

"ਚੱਲ, ਮੈਂ ਚਲਦਾ ਹਾਂ" ਰੇਡੀਓ ਵਿਚੋਂ ਆਉਂਦੀ ਬੇਢੰਗੀ ਅਵਾਜ਼ ਦਾ ਫਿਕਰ ਕੀਤੇ ਬਗੈਰ ਮੈਂ ਤੇਜ਼ ਕਦਮੀਂ ਬਾਹਰ ਨਿਕਲ ਗਿਆ। ਪਾਗਲ ਨੂੰ ਕਿਉਂ ਮਾਰ ਰਹੇ ਹਨ ਪੀ ਏ ਸੀ ਵਾਲੇ, ਉਹਨੇ ਕਿਹੜਾ ਅਜਿਹਾ ਜੁਰਮ ਕੀਤਾ ਹੈ? ਉਹ ਕਰ ਹੀ ਕੀ ਸਕਦਾ ਹੈ? ਉਹ ਖੁਦ ਹੀ ਇੰਨਾ ਡਰਿਆ ਹੋਇਆ ਰਹਿੰਦਾ ਹੈ ਕਿ ਉਹਨੂੰ ਕੁੱਟਣ ਦੀ ਕੀ ਜ਼ਰੂਰਤ ਹੈ ...ਫੇਰ ਕੀ ਕਾਰਨ ਹੋ ਸਕਦਾ ਹੈ? ਪੈਸੇ? ਉਹਨੂੰ ਤਾਂ ਅੰਮਾਂ ਨੇ ਦੋ ਰੁਪਏ ਦਿੱਤੇ ਸਨ। ਦੋ ਰੁਪਏ ਵਾਸਤੇ ਪੀ ਏ ਸੀ ਵਾਲੇ ਉਹਨੂੰ ਕਿਉਂ ਕੁੱਟਣਗੇ?

ਨੁੱਕਰ 'ਤੇ ਮੁੱਖ ਸੜਕ ਦੇ ਬਰਾਬਰ ਮਕਾਨਾਂ ਉੱਤੇ ਮਹੱਲੇ ਦੇ ਕੁੱਝ ਲੋਕ ਜਮ੍ਹਾਂ ਸਨ। ਸਾਹਮਣੇ ਸੈਫੂ ਪੀ ਏ ਸੀ ਵਾਲਿਆਂ ਦੇ ਅੱਗੇ ਖੜ੍ਹਾ ਸੀ। ਉਹਦੇ ਸਾਹਮਣੇ ਪੀ ਏ ਸੀ ਦੇ ਜਵਾਨ ਸਨ। ਸੈਫੂ ਜੋਰ ਜੋਰ ਨਾਲ ਆਕੜ ਰਿਹਾ ਸੀ "ਮੈਨੂੰ ਤੁਸੀਂ ਕਿਉਂ ਮਾਰਿਆ ... ਮੈਂ ਹਿੰਦੂ ਹਾਂ... ਹਿੰਦੂ ਹਾਂ...."

ਮੈਂ ਅੱਗੇ ਵਧਿਆ। ਮੈਨੂੰ ਦੇਖਣ ਤੋਂ ਬਾਅਦ ਵੀ ਸੈਫੂ ਚੁੱਪ ਨਹੀਂ ਹੋਇਆ ਉਹ ਕਹਿੰਦਾ ਰਿਹਾ "ਹਾਂਅ.... ਹਾਂ ਮੈਂ ਹਿੰਦੂ ਹਾਂ" ਉਹ ਲੜਖੜਾ ਰਿਹਾ ਸੀ। ਉਹਦੇ ਬੁੱਲ੍ਹਾਂ ਦੇ ਕੋਨਿਆਂ ਤੋਂ ਖੂਨ ਦੀ ਇਕ ਬੂੰਦ ਨਿਕਲ ਕੇ ਠੋਡੀ 'ਤੇ ਜੰਮ ਗਈ ਸੀ।

"ਤੁਸੀਂ ਮੈਨੂੰ ਕੁੱਟਿਆਂ ਕਿਵੇਂ .... ਮੈਂ ਹਿੰਦੂ...."

"ਸੈਫੂ ...ਇਹ ਕੀ ਹੋ ਰਿਹਾ ਹੈ...ਘਰ ਚੱਲ"

"ਮੈਂ...ਮੈਂ ਹਿੰਦੂ ਹਾਂ"

ਮੈਨੂੰ ਬਹੁਤ ਹੈਰਾਨੀ ਹੋਈ ..... ਕੀ ਇਹ ਉਹ ਹੀ ਸੈਫੂ ਹੈ ਜੋ ਸੀ.... ਇਹਦੀ ਤਾਂ ਕਾਇਆ ਹੀ ਪਲਟ ਗਈ ਹੈ। ਇਹਨੂੰ ਹੋ ਕੀ ਗਿਆ?

"ਸੈਫੂ ਹੋਸ਼ ਵਿਚ ਆ" ਮੈਂ ਉਹਨੂੰ ਜ਼ੋਰ ਨਾਲ ਡਾਂਟਿਆ।

ਮਹੱਲੇ ਦੇ ਦੂਸਰੇ ਲੋਕ ਪਤਾ ਨਹੀਂ ਕੀਹਦੇ ਉੱਤੇ ਅੰਦਰ ਹੀ ਅੰਦਰ ਦੂਰ ਤੋਂ ਹੱਸ ਰਹੇ ਸਨ। ਮੈਨੂੰ ਗੁੱਸਾ ਆਇਆ। ਸਾਲੇ ਇਹ ਨਹੀਂ ਸਮਝਦੇ ਕਿ ਇਹ ਪਾਗਲ ਹੈ।

"ਇਹ ਤੁਹਾਡਾ ਕੀ ਲਗਦਾ ਹੈ" ਇਕ ਪੀ ਏ ਸੀ ਵਾਲੇ ਨੇ ਮੈਨੂੰ ਪੁੱਛਿਆ। "ਮੇਰਾ ਭਰਾ ਹੈ... ਥੋੜੀ ਮੈਂਟਲ ਪ੍ਰਾਬਲਮ ਹੈ ਇਹਨੂੰ"।

"ਤਾਂ ਇਹਨੂੰ ਘਰ ਲੈ ਜਾਓ" ਇਕ ਸਿਪਾਹੀ ਬੋਲਿਆ।

"ਸਾਨੂੰ ਤਾਂ ਪਾਗਲ ਕਰ ਦਿੱਤਾ ਇਹਨੇ" ਦੂਸਰੇ ਨੇ ਕਿਹਾ।

"ਚੱਲ .... ਸੈਫੂ ਘਰ ਚੱਲ। ਕਰਫਿਊ ਲੱਗ ਗਿਆ ਹੈ... ਕਰਫਿਊ..."

" ਨਹੀਂ.. ਨਹੀਂ ਜਾਊਂਗਾ... ਮੈਂ ਹਿੰਦੂ ਹਾਂ ... ਹਿੰਦੂ ... ਮੈਨੂੰ ...ਮੈਨੂੰ..."

ਉਹ ਧਾਹਾਂ ਮਾਰ ਕੇ ਰੋਣ ਲੱਗ ਪਿਆ ..... "ਕੁੱਟਿਆ ... ਮੈਨੂੰ ਮਾਰਿਆ ... ਮੈਨੂੰ ਮਾਰਿਆ ... ਮੈਂ ਹਿੰਦੂ ਹਾਂ ... ਮੈਂ ..."

ਸੈਫੂ ਘੜੰਮ ਕਰਕੇ ਜ਼ਮੀਨ 'ਤੇ ਡਿਗ ਪਿਆ ... ਸ਼ਾਇਦ ਬੇਹੋਸ਼ ਹੋ ਗਿਆ ਸੀ .....

ਹੁਣ ਉਹਨੂੰ ਚੁੱਕ ਕੇ ਲੈ ਜਾਣਾ ਸੌਖਾ ਸੀ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



## ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING**
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD**
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW**
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS**
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE**
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880

**GLOBAL SOLUTION FOR TRANSPORTATION**
(A PAPERLESS SOLUTION FOR TRUCKING)

RAJINDER SINGH LAKHVIR SINGH

email: info@etruckingsolution.com • www.etruckingsolution.com



# L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables


New folding bed verities


ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ


Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax


ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax


ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ


Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।


ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price


Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544


Harmandeep Singh




# ARE YOU READY TO BE A FIRST TIME HOME BUYER, CALL NOW!

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




5 Bed Rooms, 2.5 Full Baths
2108 sq. ft.
Listing Price: $ 339,000




4 Bed Rooms, 2 Full Baths
1,596 sq ft
Lot size: 6,098
Listing Price: $279,900




3 Bed Rooms / 2 Full Baths
Sqft 1596
lot size 6078
Listing Price: $279,000




4 Bed Rooms, Bath Rooms 3.5
Sq Ft: 2612
Lot Sz: 0.8425ac*
Listing Price $609,900




4 Bed Rooms, 2 Bath Rooms
Sq Ft: 1608
Lot Sz: 9148sqft
Listing Price: $299,000




3-4 Bed Rooms, 2.0 Full Baths
1,492 sq ft
Lot size: 6,469
Listing Price: $299,000




5 Bed Rooms, 2.5 Full Baths
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 134,000




BERKSHIRE HATHAWAY Home Services

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828